
4

# ਕਹਾਣੀ ਧਾਰਾ

ਜਨਵਰੀ-ਮਾਰਚ, 2007

## ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ



ਮੁੱਲ : 20/-



4 ਜਨਵਰੀ-ਮਾਰਚ, 2007

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN 03559/19/1/2006-TC



ਪਾਕਿਸਤਾਨੀ ਪੰਜਾਬੀ ਕਹਾਣੀ ਵਿਸ਼ੇਸ਼ ਅੰਕ ਦੀਆਂ ਕਹਾਣੀਆਂ ਦੇ ਲਿਪੀਅੰਤਰ : *ਜੋਗਿੰਦਰ ਪਾਲ ਮਾਨ*, ਪਿੰਡ ਤੇ ਡਾਕਘਰ : ਸਮਰਾਏ, ਜਿਲ੍ਹਾ : ਜਲੰਧਰ (ਪੰਜਾਬ) ਫੋਨ 01826-274949

e-mail: kahani_dhara@yahoo.co.in

Ã¿êÅçÕ:

ਭਗਵੰਤ ਰਸੂਲਪੁਰੀ (94170-64350)

ਸੰਪਾਦਕ(ਜਨ ਬੋਧ):

ਦੇਸ ਰਾਜ ਕਾਲੀ (93562-67116)

ਸੰਪਾਦਕੀ ਸਲਾਹਕਾਰ ਬੋਰਡ :

ਮੱਖਣ ਮਾਨ (94172-07627)

ਪਰਮਿੰਦਰ ਵਿਰਦੀ (98880-71598)

ਸੁਰਜੀਤ ਸੁਮਨ (98144-30874)

ਟਾਇਟਲ ਫੋਟੋ : ਆਹ ਜਿੰਦਗੀ 'ਚੋਂ, ਸਕੈਚ : ਅਜੈ ਜੇਤਲੀ

ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026
Ph. 0181-2685313

ਸਾਲਾਨਾ ਚੰਦੇ : 200 ਰੁਪਏ 10 ਅੰਕ, ਡਾਲਰ 25, ਪੌਂਡ 20

ਪਰਚੇ ਲਈ ਚੰਦੇ ਚੈੱਕ / ਬੈਂਕ ਡਰਾਫਟ / ਮਨੀਆਰਡਰ ਰਾਹੀਂ ਕੇਵਲ 'ਕਹਾਣੀ ਧਾਰਾ' ਦੇ ਨਾਂ ਭੇਜੇ ਜਾਣ।

ਇਸ ਅੰਕ ਦੇ ਲੇਖਕ :

(ਕਹਾਣੀ ਧਾਰਾ) *ਸੰਪਾਦਕੀ* :1, *ਹੁੰਗਾਰਾ* :3, ਲੇਖ : ਇੰਤਜ਼ਾਰ ਹੁਸੈਨ / 8,

**ਕਹਾਣੀਆਂ** : ਅਫ਼ਜ਼ਲ ਤੌਸ਼ੀਫ / 15, ਸਲੀਮ ਖਾਂ ਗਿੰਮੀ /25, ਤੌਕੀਰ ਚੁਗ਼ਤਾਈ /30, ਜ਼ੁਬੈਰ ਅਹਿਮਦ /32, ਜਮੀਲ ਅਹਿਮਦ ਪਾਲ / 38, ਅਜ਼ਹਰ ਜਾਵੇਦ /48, ਖ਼ਾਲਿਦ ਫ਼ਰਹਾਦ ਧਾਰੀਵਾਲ /52, ਸਨਾਵਰ ਚੱਧੜ /57, ਪ੍ਰੋ. ਨਸੀਰ ਅਹਿਮਦ ਚੀਮਾ /61, ਅਜ਼ਰ ਵਕਾਰ /66, ਨਾਦਰ ਅਲੀ / 69, ਨਾਸਿਰ ਖਾਂ /71

(ਜਨ ਬੋਧ) *ਪੱਟੀਦਰਜ ਜਾਤੀਆਂ ਦੀ ਬਦਲਦੀ ਹਾਲਤ*/77

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ ਬਰਾਈਟ ਪ੍ਰਿੰਟਰਜ਼ ਜਲੰਧਰ ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਸੰਪਾਦਕ ਭਗਵੰਤ ਰਸੂਲਪੁਰੀ, (ਪ੍ਰਕਾਸ਼ਨ ਮਿਤੀ 1 ਸਤੰਬਰ, 2006)

*ਸੰਪਾਦਕੀ :*

# ਸਫ਼ਰ : ਪਾਕਿਸਤਾਨੀ ਪੰਜਾਬੀ ਕਹਾਣੀ ਦਾ

ਅੱਜ ਅਸੀਂ ਪਾਕਿਸਤਾਨੀ ਪੰਜਾਬੀ ਕਹਾਣੀ ਨੂੰ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਅੱਜ 'ਪਾਕਿ-ਕਥਾ' ਦਾ ਸਾਡੇ ਸਾਹਿਤ ਵਿਚ ਅਹਿਮ ਸਥਾਨ ਹੈ। ਪਾਕਿ-ਕਥਾ ਦੀ ਆਪਣੀ ਖ਼ਮੀਰ ਹੈ, ਆਪਣੀ ਭਾਸ਼ਾ ਹੈ ਤੇ ਆਪਣਾ ਨਿਭਾ ਢੰਗ। ਪਾਕਿ-ਕਥਾ ਦਾ ਵੱਖਰਾ ਧਰਾਤਲ, ਕੱਟੜ ਮੁਸਲਿਮ ਕਲਚਰ ਵਿਚ ਵਿਚਰਦੇ ਪਾਤਰ ਖਾਸ ਕਰਕੇ ਔਰਤ ਦਾ ਸੰਤਾਪ, ਸਾਡੇ ਪਾਠਕ ਮਨ ਨੂੰ ਬੰਨੀ ਰੱਖਦਾ ਹੈ। ਅੱਜ ਸਾਡੇ ਕੋਲ ਪਾਕਿ-ਕਥਾ ਨੂੰ ਸਮਝਣ ਪਰਖਣ ਤੇ ਪੜਚੋਲ ਕਰਨ ਲਈ ਕਾਫੀ ਕਹਾਣੀ ਮੌਜੂਦ ਹੈ। ਭਾਵੇਂ ਕਿ ਅੰਦਾਜੇ ਮੁਤਾਬਕ ਹੁਣ ਤੱਕ ਪਾਕਿਸਤਾਨ ਵਿਚ 50-60 ਤੱਕ ਕਹਾਣੀ ਸੰਗ੍ਰਹਿ ਹੀ ਛਪੇ ਹਨ ਤੇ ਤਕਰੀਬਨ 1200 ਤੋਂ 1300 ਵਿਚਕਾਰ ਪਾਕਿਸਤਾਨ 'ਚ ਪੰਜਾਬੀ ਕਹਾਣੀ ਲਿਖ ਹੋਈ ਹੈ।

ਏਧਰ ਪੰਜਾਬੀ ਪਾਠਕਾਂ ਤੀਕ ਉਧਰਲੀ ਪੰਜਾਬੀ ਕਹਾਣੀ ਨੂੰ ਲਿਆਉਣ 'ਚ ਡਾ. ਜਗਤਾਰ, ਡਾ. ਕਰਨੈਲ ਸਿੰਘ ਥਿੰਦ, ਜਤਿੰਦਰ ਪਾਲ ਸਿੰਘ ਜੌਲੀ, ਤਲਵਿੰਦਰ ਸਿੰਘ ਆਦਿ ਨੇ ਕਾਫੀ ਤਰੱਦਦ ਤੇ ਮਿਹਨਤ ਕੀਤੀ ਹੈ। ਇਨ੍ਹਾਂ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ ਨੇ 'ਨਾਗਮਣੀ' ਰਾਹੀ ਪਾਕਿ-ਕਥਾ ਹੀ ਨਹੀਂ ਬਲਕਿ ਪਾਕਿ-ਸਾਹਿਤ ਪੰਜਾਬੀ ਪਾਠਕਾਂ ਨੂੰ ਦੇਣ 'ਚ ਕਾਫੀ ਰੁਚੀ ਦਿਖਾਈ । ਇਲਿਆਸ ਘੁੰਮਣ ਦਾ ਪ੍ਰਮੁੱਖ ਉਦਾਹਰਨ ਹੈ, ਇਸ ਤੋਂ ਇਲਾਵਾ ਅਫ਼ਜ਼ਲ ਤੌਸੀਫ਼ ਨੂੰ ਵੀ ਬਤੌਰ ਕਹਾਣੀਕਾਰ ਅਸੀਂ 'ਨਾਗਮਣੀ' ਰਾਹੀ ਜਾਣ ਸਕੇ ਹਾਂ। ਇਨ੍ਹਾਂ ਦੋ ਕਹਾਣੀਕਾਰਾਂ ਨੇ ਪਾਕਿ-ਕਥਾ ਨੂੰ ਨਵਾਂ ਧਰਾਤਲ ਦਿੱਤਾ। ਇਲਿਆਸ ਘੁੰਮਣ ਦੀਆਂ ਕਹਾਣੀਆਂ ਜਦੋਂ 'ਨਾਗਮਣੀ' 'ਚ ਪ੍ਰਕਾਸ਼ਤ ਹੋਈਆਂ ਤਾਂ ਉਸ ਦੀਆਂ ਲੰਮੀਆਂ ਤੇ ਬਹੁ ਪਰਤੀ, ਬਹੁ ਅਰਥੀ ਕਹਾਣੀਆਂ ਨੇ ਪਾਕਿ ਕਹਾਣੀ ਨੂੰ ਵਿਲੱਖਣ ਪਛਾਣ ਦਿੱਤੀ। ਉਸ ਨੇ ਸੰਘਣੀ ਗੋਂਦ ਰਾਹੀ ਬਿੰਬ ਪ੍ਰਧਾਨ ਕਹਾਣੀ ਲਿਖ ਕੇ ਸਾਨੂੰ ਸੋਚਣ ਲਾ ਦਿੱਤਾ ਕਿ ਪਾਕਿ 'ਚ ਵੀ ਚੰਗੀ ਕਹਾਣੀ ਲਿਖੀ ਜਾ ਰਹੀ ਹੈ। ਉਸ ਦੇ ਕਹਾਣੀ ਸੰਗ੍ਰਹਿ 'ਪਿੰਡ ਦੀ ਲੱਜ' ਨੇ ਸਾਡੇ ਏਧਰਲੇ ਚਿੰਤਕਾਂ ਨੂੰ ਪਾਕਿ ਕਥਾ ਦਾ ਚਿੰਤਨ ਕਰਨ ਲਈ ਮਜਬੂਰ ਕਰ ਦਿੱਤਾ। ਪਰ ਹੁਣ ਉਹਦੇ ਅੰਦਰ ਬੈਠੇ ਕਹਾਣੀਕਾਰ ਦੀ ਤਪਸ ਠੰਡੀ ਹੋ ਗਈ ਲੱਗਦੀ ਹੈ। ਪਿਛਲੇ ਚਾਰ ਪੰਜ ਸਾਲਾ ਤੋਂ ਉਹਦੀ ਕੋਈ ਕਹਾਣੀ ਪੜ੍ਹਨ ਨੂੰ ਨਹੀਂ ਮਿਲੀ। ਅਫ਼ਜਲ ਤੌਸੀਫ਼ ਦੀਆਂ ਭਾਵੇਂ ਤਿੰਨ ਕਹਾਣੀਆਂ ਦੀਆਂ ਕਿਤਾਬਾਂ 'ਟਾਹਲੀ ਮੇਰੇ ਬੱਚੜੇ', 'ਮਾਈ ਅਨਾਰਾਂ ਵਾਲੀ' ਤੇ 'ਬੁਲਬੁਲੀਨਾ' ਆਦਿ ਛਪ ਚੁੱਕੀਆਂ ਹਨ ਪਰ ਨਵੀਂ ਪੰਜਾਬੀ ਕਹਾਣੀ ਦਾ ਮੁਹਾਂਦਰਾ ਘੜਨ 'ਚ ਉਹਦਾ ਰੋਲ ਐਡਾ ਵੱਡਾ ਨਹੀਂ ਹੈ। ਏਧਰਲੇ ਪੰਜਾਬ ਦੀ ਤੜਪ, ਸਾਂਝੇ ਹਿੰਦੂ-ਸਿੱਖ-ਮੁਸਲਮ ਦੇ ਟੁੱਟਣ ਦਾ ਅਤੇ ਏਧਰ ਪੰਜਾਬ ਰਹਿ ਗਏ ਘਰ ਦੇ ਕੀਰਨੇ ਤੇ ਹੇਰਵਾ ਉਹਦੀਆਂ ਕਹਾਣੀਆਂ ਦੀ ਗਹਿਰਾਈ ਨੂੰ ਡੂੰਘਾ ਨਹੀਂ ਹੋਣ ਦਿੰਦਾ। ਉਹ ਉਪ-ਭਾਵਕ ਕਹਾਣੀਕਾਰ ਹੈ। ਭੁਵੁਕ ਪਾਠਕ ਉਹਨੂੰ ਪਾਕਿਸਤਾਨ ਦੀ ਵੱਡੀ ਕਹਾਣੀਕਾਰ ਕਹਿੰਦੇ ਹਨ।

ਏਥੇ ਅਸੀਂ ਪਾਕਿ ਦੇ ਮੋਢੀ ਕਹਾਣੀਕਾਰਾਂ ਦੀ ਗੱਲ ਕਰਨੀ ਵੀ ਜ਼ਰੂਰੀ ਸਮਝਦੇ ਹਾਂ। ਜਦੋਂ ਅਸੀਂ ਅਫ਼ਜ਼ਲ ਅਹਿਸਨ ਰੰਧਾਵਾ ਅਤੇ ਸਲੀਮ ਖਾਂ ਗਿੰਮੀ ਆਦਿ ਦੀਆਂ ਕਹਾਣੀਆਂ ਦੀ ਗੱਲ ਕਰਦੇ ਹਾਂ ਤਾਂ ਸਾਡੇ ਸਾਹਮਣੇ ਉਨ੍ਹਾਂ ਦੀਆਂ ਕਹਾਣੀਆਂ ਦੇ ਸਿੱਖ ਜਾਂ ਗ਼ੈਰ ਮੁਸਲਿਮ ਪਾਤਰ ਆ ਖੜਦੇ ਹਨ, ਇਹ ਦੋਵੇਂ ਕਹਾਣੀਕਾਰ ਸਿੱਖੀ ਦੇ ਰਵਾਇਤੀ ਬਿੰਬ ਨੂੰ ਬੜੇ ਮਾਣ ਨਾਲ ਭੱਦੇ ਤਰੀਕੇ ਨਾਲ ਗਲੋਰੀਫਾਈ ਕਰਦੇ ਹਨ। ਧਾਰਮਿਕ ਸਾਂਝੀਵਾਲਤਾ ਦਾ ਸਟਿੱਕਰ ਲਾ ਕੇ ਪਾਠਕਾਂ ਨੂੰ ਭਾਵੁਕ ਕਰਕੇ 'ਸਮਾਜਿਕ ਸੱਚ' ਨੂੰ ਉਹਲੇ 'ਚ ਲੈ ਜਾਂਦੇ ਹਨ। ਮੋਢੀ ਕਹਾਣੀਕਾਰ ਹੋਣ ਕਰਕੇ ਇਹਨਾਂ ਦਾ ਨਾਂ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਰੰਧਾਵਾਂ ਦੇ 'ਰੰਨ, ਤਲਵਾਰ ਤੇ ਘੋੜਾ' ਅਤੇ ਗਿੰਮੀ ਦੇ 'ਲਹੂ ਦੀ ਖੁਸ਼ਬੋ' ਕਹਾਣੀ ਸੰਗ੍ਰਹਿਾਂ ਨੂੰ ਏਧਰਲੇ ਪੰਜਾਬੀ ਪਾਠਕਾਂ ਤੇ ਚਿੰਤਕਾਂ ਨੇ ਕਾਫੀ ਪੜ੍ਹਿਆ।

ਪ੍ਰੰਤੂ ਇਨਾਂ ਸੀਮਾਂਵਾ ਦੇ ਬਾਵਜੂਦ ਸੱਜਾਦ ਹੈਦਰ, ਅਸਫ਼ਾਕ ਅਹਿਮਦ, ਅਨਵਰ ਸੱਜਾਦ, ਆਗਾਂ ਅਸ਼ਰਫ਼, ਮੁਹੰਮਦ ਮੁਨਸ਼ਾ ਯਾਦ, ਮਜ਼ਹਰ ਉਲ ਇਸਲਾਮ ਵਰਗੇ ਕਹਾਣੀਕਾਰਾਂ ਨੇ ਮੁਸਲਮ



ਪਾਤਰਾਂ ਦੀ ਮਾਨਸਿਕਤਾ ਦਾ ਗਹਿਰਾ ਵਿਸ਼ਲੇਸ਼ਣ ਕੀਤਾ।

ਨਜ਼ਰ ਫ਼ਾਤਮਾ, ਜਮੀਲ ਅਹਿਮਦ ਪਾਲ, ਅਨਵਰ ਅਲੀ ਵਰਗੇ ਕਹਾਣੀਕਾਰਾਂ ਨੇ ਇਸਲਾਮ ਦੇ ਕੱਟੜ ਜਾਨੂੰਨ 'ਚ ਪਿਸ ਰਹੇ ਲੋਕਾਂ ਦੀ ਦਸ਼ਾ ਅਤੇ ਇਸ ਨੂੰ ਭੰਗ ਕਰਕੇ ਜੀਉਣ ਵਾਲੇ ਲੋਕਾਂ ਦੇ ਸੱਚ ਨੂੰ ਬੜੀ ਬੇਬਾਕੀ ਨਾਲ ਬਿਆਨ ਕੀਤਾ ਹੈ। ਪਰ ਅਨਵਰ ਅਲੀ ਪਾਕਿ ਕਥਾ 'ਚ ਇਕ ਵੱਖਰਾ ਹੀ ਸਥਾਨ ਰੱਖਦਾ ਹੈ। ਉਸ ਦੀ ਕਿਤਾਬ 'ਗੁੜ ਦੀ ਭੇਲੀ' ਹੁਣੇ ਹੁਣੇ ਪੰਜਾਬੀ 'ਚ ਛਪ ਕੇ ਆਈ ਹੈ। ਅਨਵਰ ਨੇ ਮੁਸਲਿਮ ਸੱਭਿਆਚਾਰ 'ਚ ਫੈਲੇ ਅਡੰਬਰ, ਮਜ਼ਬੀ ਕੱਟੜਤਾ, ਦੇਸ਼ ਵੰਡ ਦੀ ਪੀੜ, ਵੱਖ ਵੱਖ ਧਰਮ ਦੇ ਪਾਤਰਾਂ ਦੀ ਅੰਦਰੂਨੀ ਵੇਦਨਾ ਨੂੰ ਆਪਣੀਆਂ ਕਹਾਣੀਆਂ 'ਚ ਪੇਸ਼ ਕੀਤਾ ਹੈ। ਕਹਾਣੀ 'ਨੂਰੀ' 'ਚ ਉਸ ਨੇ ਦਲਿਤ ਸਮਾਜ ਦੇ ਬਹੁਪਰਤੀ ਵੇਰਵੇ ਪੇਸ਼ ਕੀਤੇ ਹਨ। ਸੰਘਣਾ ਮੁਸਲਿਮ ਸਮਾਜ ਪੇਸ਼ ਕਰਦਿਆਂ ਹੋਇਆ ਦਲਿਤ ਚਿੰਤਨ ਦਾ ਅਚੇਤ ਰੂਪ ਵਿਚ ਪੱਲਾ ਫੜਿਆ ਹੈ। ਉਹ ਪਾਕਿਸਤਾਨੀ ਕਹਾਣੀਕਾਰਾਂ ਤੋਂ ਵੱਖਰਾ ਖੜਾ ਹੈ। ਕਿਉਂਕਿ ਵੱਖਰੀ ਸ਼ੈਲੀ ਸਿਰਜਣ ਲਈ ਉਹ ਉਚੇਚੀ ਕੋਸ਼ਿਸ਼ ਨਹੀਂ ਕਰਦਾ। ਪਾਕਿ ਦੇ ਨੌਜਵਾਨ ਕਹਾਣੀਕਾਰ ਤੌਕੀਰ ਚੁਗਤਾਈ ਦੀ ਕਹਾਣੀ ਨੂੰ ਅਸੀਂ 'ਅਖੀਰਲਾ ਹੰਝੂ' ਰਾਹੀ ਸਮਝ ਸਕਦੇ ਹਾਂ। ਉਹ ਪਾਕਿ ਕਥਾ 'ਚ ਅਨੇਕਾਂ ਵਿਸ਼ੇ ਨਵੇਂ ਲੈ ਕੇ ਆਇਆ ਹੈ। ਖਾਸ ਕਰਕੇ ਵਰਜਿਤ ਕਹੇ ਜਾਣ ਵਾਲੇ ਵਿਸ਼ੇ। ਅਜੇ ਦਲਿਤ ਕਹਾਣੀ ਤੇ ਮਨੋਗੁੰਝਲਾ ਦੀ ਕਹਾਣੀ ਪਾਕਿਸਤਾਨੀ ਪੰਜਾਬੀ ਕਹਾਣੀ ਵਿਚ ਆਉਣੀ ਬਾਕੀ ਹੈ।

'ਕਹਾਣੀ ਧਾਰਾ' ਦੇ ਇਸ ਅੰਕ ਵਿਚ ਅਸੀਂ ਪਿਛਲੇ ਦੋ ਤਿੰਨ ਸਾਲਾਂ ਦੌਰਾਨ ਲਿਖੀਆਂ ਪੰਜਾਬੀ ਕਹਾਣੀਆਂ ਨੂੰ ਲਿਆ ਹੈ। ਸਾਡਾ ਮੁੱਖ ਮਕਸਦ ਇਹ ਸੀ ਕਿ ਅੱਜ ਪਾਕਿਸਤਾਨ ਵਿਚ ਕਿਹੋ ਜਿਹੀ ਕਹਾਣੀ ਲਿਖੀ ਜਾ ਰਹੀ ਹੈ। ਉਸ ਦਾ ਕਿਹੋ ਜਿਹਾ ਮੁਹਾਂਦਰਾ ਉਸਰ ਰਿਹਾ ਹੈ ਅਤੇ ਪਾਕਿ ਕਥਾ 'ਚ ਕੀ ਨਵਾਂ ਆ ਰਿਹਾ ਹੈ। ਇਸ ਵਿਸ਼ੇਸ਼ ਅੰਕ ਦੀਆਂ ਕਾਫੀ ਕਹਾਣੀਆਂ ਅਸੀਂ ਪਾਕਿਸਤਾਨ ਦੇ ਸਾਹਿਤਕ ਮੈਗਜ਼ੀਨ 'ਪੰਚਮ' 'ਚੋਂ ਲਈਆਂ ਹਨ। ਸਾਡੀ ਰੀਝ ਸੀ ਕਿ ਪਾਕਿਸਤਾਨ ਦੇ ਚਰਚਿਤ ਕਹਾਣੀਕਾਰਾਂ ਹੁਸੈਨ ਸ਼ਾਹਿਦ, ਆਸ਼ਿਕ ਰਹੀਲ, ਅਮੀਨ ਮਲਿਕ, ਮੀਰ ਤਨਹਾ ਯੂਸਫ਼ੀ, ਜ਼ੁਬੈਰ ਅਹਿਮਦ, ਕਰਾਮਤ ਅਲੀ ਮੁਗ਼ਲ ਆਦਿ ਦੀਆਂ ਕਹਾਣੀਆਂ ਵੀ ਇਸ ਅੰਕ 'ਚ ਹੁੰਦੀਆਂ ਪਰ ਉਹ ਸਾਡੀ ਪਹੁੰਚ ਤੋਂ ਬਾਹਰ ਸਨ। ਜਾਂ ਕੁਝ ਨੇ ਪਿਛਲੇ 2-3 ਸਾਲਾਂ ਤੋਂ ਕੋਈ ਕਹਾਣੀ ਹੀ ਨਹੀਂ ਲਿਖੀ।

*ਜੋਗਿੰਦਰ ਪਾਲ ਮਾਨ* ਦਾ ਜਿਕਰ ਕਰਨਾ ਅਸੀਂ ਜ਼ਰੂਰੀ ਸਮਝਦੇ ਹਾਂ। ਮਾਨ ਸਾਹਿਤ ਦਾ ਬੜੇ ਗੰਭੀਰ ਪਾਠਕ ਹਨ। ਪਾਕਿਸਤਾਨੀ ਸਾਹਿਤ ਨਾਲ ਉਨ੍ਹਾਂ ਦਾ ਲਗਾਓ ਜਾਨੂੰਨ ਦੀ ਹੱਦ ਤੀਕ ਹੈ। ਪਾਕਿਸਤਾਨੀ ਪੰਜਾਬੀ ਸਾਹਿਤ ਦੇ ਇਸ ਆਸ਼ਿਕ ਨੂੰ ਉਥੋਂ ਦੇ ਸ਼ਾਹਮੁਖੀ ਲਿਪੀ 'ਚ ਲਿਖਿਆ ਸਾਹਿਤ ਪੜ੍ਹਨ ਦੀ ਤੇ ਸਾਂਭਣ ਦੀ ਤਾਂਘ ਹਮੇਸ਼ਾ ਰਹਿੰਦੀ ਹੈ। ਉਹ ਪਾਕਿ ਸਾਹਿਤ ਦਾ ਲਿਪੀਅੰਤਰ ਕਾਫੀ ਦੇਰ ਤੋਂ ਕਰ ਰਿਹਾ ਹੈ। ਉਹਦੇ ਕੋਲ ਲਿਪੀਅੰਤਰ ਕਰਨ ਦੀ ਢੁਕਵੀਂ ਸ਼ਬਦਾਵਲੀ ਤੇ ਵਹਾਅ ਹੈ। ਉਸ ਨੇ ਪਾਕਿ ਮੈਗਜ਼ੀਨ ਦੇ ਪਿਛਲੇ ਤਿੰਨ ਸਾਲਾਂ ਦੇ ਅੰਕ ਪੜ੍ਹੇ ਅਤੇ ਉਨ੍ਹਾਂ 'ਚੋਂ ਚੰਗੀਆਂ ਕਹਾਣੀਆਂ ਦਾ ਲਿਪੀਅੰਤਰ ਕੀਤਾ। ਇਨ੍ਹਾਂ ਕਹਾਣੀਆਂ ਦਾ ਲਿਪੀਅੰਤਰ ਕਰਨ ਲਈ ਅਦਾਰਾ 'ਕਹਾਣੀ ਧਾਰਾ' ਉਨ੍ਹਾਂ ਦਾ ਧੰਨਵਾਦ ਕਰਦਾ ਹੈ।

ਐਤਕੀਂ ਅਸੀਂ 'ਜਨ ਬੋਧ' ਵਾਲੇ ਭਾਗ 'ਚ ਡਾ. ਹਰੀਸ਼ ਪੁਰੀ ਦਾ ਦਲਿਤ ਸ਼੍ਰੈਣੀਆਂ ਦਾ ਸਮਾਜਿਕ ਆਰਥਿਕ, ਸਭਿਆਚਾਰ ਬਾਰੇ ਖੋਜ ਭਰਪੂਰ ਲੇਖ ਪ੍ਰਕਾਸ਼ਤ ਕਰ ਰਹੇ ਹਾਂ। ਡਾ. ਹਰੀਸ਼ ਪੁਰੀ ਭਾਰਤੀ ਸਮਾਜ ਦੀ ਸੂਝ ਰੱਖਣ ਵਾਲੇ ਵਿਦਵਾਨ ਹਨ। ਪੰਜਾਬ 'ਚ ਦਲਿਤ-ਚੇਤਨਾ ਅਤੇ ਸਮਾਜਿਕ ਪਰਿਵਰਤਨ ਬਾਰੇ ਉਹਨਾਂ ਡੂੰਘੀ ਖੋਜ ਕੀਤੀ ਹੈ। ਆਪ ਡਾ. ਅੰਬੇਡਕਰ ਚੇਅਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਰਿਟਾਇਰਡ ਹੋ ਕੇ ਆਪਣਾ ਸਾਰਾ ਸਮਾਂ ਦਲਿਤਾਂ ਦੀ ਪ੍ਰੈਕਟੀਕਲੀ ਖੋਜ ਕਰਨ ਲਈ ਲਾ ਰਹੇ ਹਨ।

**-ਭਗਵੰਤ ਰਸੂਲਪੁਰੀ**
**-ਦੇਸ ਰਾਜ ਕਾਲੀ**

## o ਪੰਜਾਬੀ ਸਾਹਿਤ ਵਿੱਚ ਸੰਵਾਦ ਲਗਭਗ ਖ਼ਤਮ ਹੈ।

ਪੰਜਾਬੀ ਸਾਹਿਤ ਵਿੱਚ ਸੰਵਾਦ ਲਗਭਗ ਖ਼ਤਮ ਹੈ। ਤੁਸੀਂ ਕਿਸੇ ਚੰਗੀ ਤੋਂ ਚੰਗੀ ਰਚਨਾ ਤੇ ਲਕੀਰ ਫੇਰ ਦੇਵੋ, ਜਾਂ ਕਿਸੇ ਨਿਮਨ-ਪੱਧਰ ਦੀ ਰਚਨਾ ਦੀ ਜਿੰਨੀ ਚਾਹੋ ਤਾਰੀਫ਼ ਕਰੋ। ਕਿਸੇ ਪਾਸਿਓਂ ਕੋਈ ਪ੍ਰਤੀਕਰਮ ਨਹੀਂ ਆਵੇਗਾ। ਪੱਥਰ-ਚੁੱਪ ਤੇ ਉਦਾਸੀਨਤਾ ਪਸਰੀ ਰਹੇਗੀ। 1992-93 ਵਿੱਚ ਮੈਂ ਇਸ ਸੰਬਾਦ ਹੀਣਤਾ ਨੂੰ ਤੋੜਨ ਲਈ 'ਕਲਮ ਦੇ ਨਕਸ਼' ਕਾਲਮ ਰਾਹੀਂ ਕਹਾਣੀ ਸੰਬੰਧੀ ਚਰਚਾ ਆਰੰਭ ਕੀਤੀ ਸੀ। ਇਹ ਕਾਲਮ ਉਹਨੀ ਦਿਨੀਂ ਕਾਫ਼ੀ ਲੋਕ ਪ੍ਰਿਯਾ ਵੀ ਰਿਹਾ। ਲੇਖਕਾਂ-ਪਾਠਕਾਂ ਨੇ ਇਸਨੂੰ ਪਸੰਦ ਤਾਂ ਕੀਤਾ ਪਰ ਖੁੱਲ੍ਹ ਕੇ ਆਪਣੇ ਵਿਚਾਰ ਨਹੀਂ ਰੱਖੇ। ਹਾਰ ਕੇ ਮਾਸਿਕ 'ਮਹਿਰਮ' ਵਿੱਚ ਚਲਦਾ ਇਹ ਕਾਲਮ ਡੇਢ ਸਾਲ ਚੱਲਣ ਪਿਛੋਂ ਬੰਦ ਕਰ ਦਿੱਤਾ। ਹੁਣ ਅਕਤੂਬਰ-ਦਸੰਬਰ, 2006 ਦੇ 'ਕਹਾਣੀ ਧਾਰਾ' ਅੰਕ ਵਿੱਚ ਛਪੀ ਪ੍ਰੀਤਮ ਦੀ ਚਿਠੀ ਨੇ ਮੈਨੂੰ ਕਹਾਣੀ ਸੰਬੰਧੀ ਗੰਭੀਰ ਚਰਚਾ ਛੇੜਨ ਲਈ ਪ੍ਰੇਰਿਤ ਕੀਤਾ ਹੈ। ਸ਼ਾਇਦ ਇਸ ਚਰਚਾ ਰਾਹੀਂ ਚੰਗੀ ਰਚਨਾ ਤੇ ਨਿਮਨ ਪੱਧਰ ਦੀ ਰਚਨਾ ਬਾਰੇ ਸੰਵਾਦ ਰਚਿਆ ਜਾ ਸਕੇ।

ਪ੍ਰੀਤਮ ਨੇ 'ਕਹਾਣੀ ਧਾਰਾ' ਅਕਤੂਬਰ-ਦਸੰਬਰ, 2006 ਦੇ ਅੰਕ ਵਿੱਚ ਲਿਖਿਆ ਹੈ ਕਿ "ਪਰਗਟ ਸਿੰਘ ਸਿੱਧੂ ਨਾਂ ਤਾਂ ਜਸਬੀਰ ਭੁੱਲਰ ਦੀਆਂ ਰਚਨਾਵਾਂ ਨਾਲ ਇਨਸਾਫ਼ ਕਰ ਸਕਿਆ ਹੈ ਤੇ ਨਾਂ ਹੀ ਉਹਦੀ ਸ਼ਖ਼ਸੀਅਤ ਨਾਲ।" ਮੈਂ ਪ੍ਰੀਤਮ ਦੀ ਰਾਇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਕਿਉਂਕੇ ਮੇਰੀ ਧਾਰਨਾ ਹੈ ਕਿ ਹਰ ਮਨੁੱਖ ਆਪਣੇ ਆਪ ਵਿੱਚ ਇੱਕ ਨਿੱਕਾ ਜਿਹਾ ਸੰਸਾਰ ਹੈ। ਉਸ ਨੂੰ ਪੂਰੀ ਤਰ੍ਹਾਂ (ਸਮੁੱਗਰ ਰੂਪ ਵਿੱਚ) ਸਮਝਣਾ ਅਸੰਭਵ ਹੈ। ਤੇ ਏਦਾਂ ਹੀ ਸੰਸਾਰ ਦਾ ਕੋਈ ਵੀ ਵਿਦਵਾਨ ਕਦੀ ਕਿਸੇ ਉੱਤਮ ਰਚਨਾ ਦੀ ਥਾਹ ਨਹੀਂ ਪਾ ਸਕਿਆ ਹੈ। ਕਿਉਂਕਿ ਜਦੋਂ ਕੋਈ ਆਲੋਚਕ ਕਿਸੇ ਰਚਨਾ ਦੀ ਪੂਰੀ ਤਰ੍ਹਾਂ ਥਾਹ ਪਾ ਲਵੇਗਾ, ਉਸ ਦਿਨ ਉਹ ਰਚਨਾ ਖ਼ਤਮ ਹੋ ਜਾਵੇਗੀ। ਚੰਗੀ ਰਚਨਾ ਦੀ ਵਿਸ਼ੇਸ਼ਤਾ ਹੀ ਇਹ ਹੈ ਕਿ ਉਹ ਬਹੁ-ਅਰਥੀ ਤੇ ਬਹੁ-ਪਰਤੀ ਹੁੰਦੀ ਹੈ। ਅਤੇ ਸਮੇਂ ਸਥਾਨ ਅਨੁਸਾਰ ਨਵੇਂ ਅਰਥ ਸਿਰਜਦੀ ਰਹਿੰਦੀ ਹੈ। ਵਕਤ ਗੁਜਰਨ ਨਾਲ ਵੀ ਉਸ ਦਾ ਮਹੱਤਵ ਘਟਦਾ ਨਹੀਂ। ਸੋ ਕਿਸੇ ਰਚਨਾ ਨਾਲ ਜਾਂ ਕਿਸੇ ਦੀ ਸਖ਼ਸ਼ੀਅਤ ਨਾਲ ਇਨਸਾਫ਼ ਕਰਨਾ ਮੇਰੇ ਜਿਹੇ ਸਾਧਾਰਨ ਲੇਖਕ ਦੀ ਔਕਾਤ ਨਹੀਂ। ਤੀਹ-ਪੈਂਤੀ ਸਾਲਾਂ ਦੀ ਮਿੱਤਰਤਾ ਬਾਅਦ ਵੀ ਮੈਂ ਨਾਂ ਭੁੱਲਰ ਨੂੰ ਤੇ ਨਾਂ ਹੀ ਉਹਦੀ ਰਚਨਾ ਨੂੰ ਸਮਝਣ ਦਾ ਦਾਹਵਾ ਕਰ ਸਕਦਾ ਹਾਂ। ਕਿਉਂਕਿ ਰਚਨਾ ਵਾਂਗ ਹੀ ਮਨੁੱਖ ਦੀਆਂ ਵੀ ਕਈ ਪਰਤਾਂ ਹਨ। ਜੇਕਰ ਪ੍ਰੀਤਮ ਦੋ ਤਿੰਨ ਰਸਮੀ ਮੁਲਾਕਾਤਾਂ ਵਿੱਚ ਹੀ ਭੁੱਲਰ ਤੇ ਉਹਦੀ ਰਚਨਾ ਬਾਰੇ ਮੇਰੇ ਨਾਲੋਂ ਵੱਧ ਸਮਝ ਸਕਦਾ ਹੈ। ਤਾਂ ਨਿਸਚੈ ਹੀ ਉਹ ਬਹੁਤ ਵੱਡੀ ਪ੍ਰਤਿਭਾ ਦਾ ਮਾਲਕ ਹੈ।

ਪ੍ਰੀਤਮ ਨੇ ਇਸ ਅੰਕ ਵਿੱਚ ਹੀ ਪ੍ਰੇਮ ਪ੍ਰਕਾਸ਼ ਦੇ ਰੇਖਾ ਚਿੱਤਰ ਬਾਰੇ ਲਿਖਿਆ ਹੈ। ਤੇ ਉਸਦੀ ਖ਼ੂਬ ਪ੍ਰਸੰਸਾ ਕੀਤੀ ਹੈ। ਪ੍ਰੇਮ ਪ੍ਰਕਾਸ਼ ਵਲੋਂ ਲਿਖਿਆ ਰੇਖਾ ਚਿੱਤਰ ਪ੍ਰੀਤਮ ਬਾਰੇ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਮੇਰੇ ਜਿਹੇ ਸਾਧਾਰਨ ਲੇਖਕ ਦੀ ਤੁਲਨਾ ਪ੍ਰੇਮ ਪ੍ਰਕਾਸ਼ ਨਾਲ ਕਿਸੇ ਤਰ੍ਹਾਂ ਵੀ ਯੋਗ ਨਹੀਂ। ਪ੍ਰੇਮ ਪ੍ਰਕਾਸ਼ ਬਹੁਤ ਵੱਡਾ ਲੇਖਕ ਹੈ। ਉਹ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ, ਸ਼੍ਰੋਮਣੀ ਸਾਹਿਤਕਾਰ ਤੇ ਹੋਰ ਬਹੁਤ ਸਾਰੇ ਮਾਣ-ਸਨਮਾਨ ਪ੍ਰਾਪਤ ਕਰਨ ਵਾਲਾ ਲੇਖਕ ਹੈ। ਇਸਦੇ ਉਲਟ ਮੇਰੇ ਕੋਲ ਤਾਂ ਆਪਣੇ



ਆਪ ਨੂੰ ਲੇਖਕ ਸਿੱਧ ਕਰਨ ਲਈ ਵੀ ਕੁੱਝ ਨਹੀਂ। ਇੱਕ ਬਾਰ ਗੱਲਾਂ ਬਾਤਾਂ ਕਰਦਿਆਂ ਮੈਂ ਪ੍ਰੇਮ ਪ੍ਰਕਾਸ਼ ਨੂੰ ਕਿਹਾ ਸੀ 45 ਸਾਲ ਲਿਖਣ ਪਿਛੋਂ ਵੀ ਮੇਰਾ ਥੋੜਾ ਮੋਟਾ ਹੁਣ ਨਾਂ ਹੀ ਬਣਿਆ ਹੈ। ਪ੍ਰੇਮ ਪ੍ਰਕਾਸ਼ ਨੇ ਫੌਰਨ ਸਵਾਲ ਕੀਤਾ, "ਕੀ ਹੁਣ ਤੈਨੂੰ ਯਕੀਨ ਹੈ ਕਿ ਤੇਰਾ ਮਾੜਾ ਮੋਟਾ ਨਾਂ ਬਣ ਰਿਹਾ ਹੈ?"

ਪ੍ਰੇਮ ਪ੍ਰਕਾਸ਼ ਦੇ ਇਸ ਸਵਾਲ ਨਾਲ ਮੇਰੀ ਉਹ ਖ਼ੁਸ਼ਫਹਿਮੀ ਵੀ ਟੁੱਟ ਗਈ ਕਿ ਹੁਣ ਮੇਰਾ ਮਾੜਾ ਮੋਟਾ ਨਾਂ ਬਣ ਰਿਹਾ ਹੈ।

ਪ੍ਰੀਤਮ ਵੱਲੋਂ ਪ੍ਰੇਮ ਪ੍ਰਕਾਸ਼ ਦੇ ਲੇਖ ਦੀ ਤਾਰੀਫ਼ ਕਰਨੀ ਸ਼ਾਇਦ ਯੋਗ ਵੀ ਹੈ ਤੇ ਜਾਇਜ ਵੀ। ਪਰ ਜਿੰਨੀ ਕੁ ਸਾਹਿਤ ਬਾਰੇ ਮੇਰੀ ਸਮਝ ਹੈ ਕਿ ਜਿਸ ਲੇਖਕ ਦੀ ਸਖ਼ਸ਼ੀਅਤ ਤੇ ਰਚਨਾ ਬਾਰੇ ਕੋਈ ਦੂਜਾ ਲੇਖਕ ਲਿਖਦਾ ਹੈ ਤਾਂ ਉਸ ਲੇਖਕ ਬਾਰੇ ਦਿਤੀ ਜਾਣਕਾਰੀ ਠੋਸ ਤੇ ਯਥਾਰਥਕ ਪੱਧਰ ਤੇ ਹੋਣੀ ਚਾਹੀਦੀ ਹੈ। ਕਲਪਣਾ ਦਾ ਉਸ ਵਿੱਚ ਦਖਲ ਬੇਹੱਦ ਘੱਟ, ਨਾਂ ਮਾਤਰ ਹੀ ਹੋ ਸਕਦਾ ਹੈ, ਹਾਂ ਨਾਵਲ, ਕਹਾਣੀ, ਤੇ ਕਵਿਤਾ ਵਿੱਚ ਕਲਪਣਾ ਦੀ ਭੂਮਿਕਾ ਪ੍ਰਮੁੱਖ ਹੁੰਦੀ ਹੈ।

ਮੈਂ ਇਹ ਸਮਝਣ ਤੋਂ ਅਸਮਰਥ ਰਿਹਾ ਜਦੋਂ ਪ੍ਰੀਤਮ ਲੇਖਕ ਦੀ ਪ੍ਰਸੰਸਾ ਕਰਦਾ ਲਿਖਦਾ ਹੈ ਕਿ "ਪ੍ਰੇਮ ਪ੍ਰਕਾਸ਼ ਦਾ ਇਹ ਰੇਖਾ ਚਿੱਤਰ ਸਿਰਜਨਾਤਮਕ ਕਲਪਣਾ ਦਾ ਸੁੰਦਰ ਨਮੂਨਾ ਹੈ।" ਇੰਜ ਪ੍ਰੀਤਮ ਦੀ ਚਿੱਠੀ ਪੜ੍ਹਕੇ ਪਤਾ ਲਗਦਾ ਹੈ ਪ੍ਰੀਤਮ ਬਾਰੇ ਪ੍ਰੇਮ ਪ੍ਰਕਾਸ਼ ਨੇ ਜੋ ਕੁੱਝ ਵੀ ਲਿਖਿਆ ਹੈ ਉਹ ਝੂਠ ਹੈ। ਪਰ ਇਸ ਸਾਰੇ ਝੂਠ ਨੂੰ ਪ੍ਰੀਤਮ ਨੇ 'ਕਲਪਣਾ' ਕਿਹਾ ਹੈ। ਤੇ ਪ੍ਰੇਮ ਪ੍ਰਕਾਸ਼ ਦੀਆਂ ਉਸ ਬਾਰੇ ਕੀਤੀਆਂ ਸਾਰੀਆਂ ਗੱਲਾਂ ਨੂੰ ਕੱਟ ਦਿੱਤਾ ਹੈ।

ਮੈਂ ਪ੍ਰੀਤਮ ਇਸ ਤੋਂ ਪਹਿਲਾਂ ਇੱਕ ਅੱਧ ਕਹਾਣੀ ਪੜ੍ਹੀ ਸੀ। ਪ੍ਰੇਮ ਪ੍ਰਕਾਸ਼ ਦੇ ਲੇਖ ਤੇ ਪ੍ਰੀਤਮ ਦੀ ਚਿਠੀ ਪੜ੍ਹਕੇ ਮੇਰੇ ਅੰਦਰ ਇਸ ਵੱਡੀ ਪ੍ਰਤਿਭਾ ਵਾਲੇ ਲੇਖਕ ਦੀ ਕਹਾਣੀ ਪੜ੍ਹਨ ਦੀ ਇੱਛਾ ਉਤਪਨ ਹੋਈ। 'ਲਕੀਰ' ਅਕਤੂਬਰ-ਦਸੰਬਰ,2006 ਦੇ ਤਾਜੇ ਅੰਕ ਵਿਚ ਉਸਦੀ ਕਲਾ ਕੌਸਲਤਾ ਨੂੰ ਆਪਣੀ ਬੁੱਧੀ ਅਨੁਸਾਰ ਜਾਚਣ ਲਈ ਕਹਾਣੀ "ਮਖੌਲ" ਪੜ੍ਹੀ। (ਅਸਲ ਵਿਚ ਕਹਾਣੀ ਦਾ ਨਾਂ 'ਮੁਆਇਨਾ' ਹੈ-ਸੰਪਾਦਕ) ਮੈਨੂੰ ਕਹਾਣੀ ਪੜ੍ਹਕੇ ਤਾਜ਼ਬ ਹੋਇਆ ਇਹ ਇਕਹਿਰੀ ਤੰਦ ਦੀ ਬੇਹੱਦ ਸਾਧਾਰਣ ਕਹਾਣੀ ਹੈ। ਜਿਸ ਵਿੱਚ ਨਾਂ ਕਲਪਣਾ ਹੈ ਤੇ ਨਾਂ ਸੰਵੇਦਨਾ। ਜ਼ਿੰਦਗੀ ਦੇ ਸੱਚ ਤੋਂ ਵੀ ਕੋਹਾਂ ਦੂਰ ਹੈ ਇਹ ਲੇਖਕ ਦੇ ਨਿੱਜ ਤੋਂ ਰਤਾ ਵੀ ਦੂਰ ਨਹੀਂ ਜਾਂਦੀ। ਪਾਠਕ ਸ਼ਾਇਦ ਸੋਚਣਗੇ ਕਿ ਮੈਂ ਈਰਖਾ ਵੱਸ ਅਜਿਹਾ ਲਿਖ ਰਿਹਾ ਹਾਂ। ਜਦ ਕਿ ਇਸ ਦੇ ਉਲਟ ਜੇਕਰ ਮੇਰਾ ਦੁਸ਼ਮਣ ਵੀ ਚੰਗੀ ਰਚਨਾ ਲਿਖੇ ਮੈਂ ਉਸਦੀ ਤਾਰੀਫ਼ ਕਰੇ ਬਿਨਾ ਨਹੀਂ ਰਹਿ ਸਕਦਾ। ਜਿਹੜੇ ਪਾਠਕ ਲਕੀਰ ਵਿਚੋਂ 'ਮਖ਼ੌਲ' ਕਹਾਣੀ ਪੜ੍ਹਨਗੇ ਮੈਨੂੰ ਵਿਸ਼ਵਾਸ ਹੈ ਉਹ ਮੇਰੇ ਅੱਖਰ ਅੱਖਰ ਨਾਲ ਸਹਿਮਤ ਹੋਣਗੇ। ਇਸ ਕਹਾਣੀ ਦੀਆਂ ਜੜ੍ਹਾਂ ਆਪਣੀ ਜ਼ਮੀਨ ਵਿੱਚ ਨਹੀਂ।

ਇੱਕ ਬੁੱਢਾ ਬਿਰਧ ਅਸ਼ਰਮ ਵਿੱਚ ਰਹਿੰਦਾ ਹੈ। ਜਿਥੇ ਉਹ ਸ਼ਾਮੋ ਮਜੁਬਣ ਦੇ ਮੋਟੇ ਕੁੱਲਿਆਂ ਦੇ ਹੱਥ ਫੇਰਦਾ ਹੈ। ਉਹਨੂੰ ਜੱਫੀਆਂ ਪਾਉਂਦਾ ਹੈ। ਉਹ ਸ਼ਾਮੋ ਦੇ ਭਾਰੇ ਪਿੱਠੇ ਕਾਰਨ ਉਸ ਨੂੰ "ਬੁੰਡਰ" ਕਹਿੰਦਾ ਹੈ। ਇੰਜ ਬੁਲਾਉਣ। ਸ਼ਾਮੋ ਨੂੰ ਚੰਗਾ ਲਗਦਾ ਹੈ। ਪਾਠਕ ਇਸ ਕਹਾਣੀ ਨੂੰ ਪੜ੍ਹਨ ਪਿਛੋਂ ਮਹਿਸੂਸ ਕਰਨਗੇ ਕਿ ਨਾਂ ਇਸ ਕਹਾਣੀ ਵਿੱਚ ਕਲਪਨਾ ਹੈ ਨਾਂ ਸੰਵੇਦਨਾ ਪਾਠਕ ਕਹਾਣੀ ਪੜ੍ਹਦਿਆਂ ਕਈ ਬਾਰ ਗੰਭੀਰ ਨਹੀਂ। ਮਾਣ ਮਰਯਾਦਾ ਪ੍ਰੇਮ ਪ੍ਰਕਾਸ਼ ਵੀ ਆਪਣੀਆਂ ਕਹਾਣੀਆਂ ਵਿੱਚ ਭੰਗ ਕਰਦਾ ਹੈ। ਪਰ ਆਪਣੀ ਕਲਾ ਕੌਸ਼ਲਤਾ ਕਾਰਨ ਉਹ ਆਪਣੀ ਕਹਾਣੀ ਦੀਆਂ ਕਮਜ਼ੋਰੀਆਂ ਨੂੰ ਕਾਫ਼ੀ ਹੱਦ ਤੱਕ ਛੁਪਾ ਜਾਂਦਾ ਹੈ।

ਮੇਰੇ ਵਿਚਾਰ ਅਨੁਸਾਰ ਪ੍ਰਤਿਭਾਸ਼ੀਲ ਲੇਖਕ ਉਹੀ ਹੁੰਦਾ ਹੈ, ਜਿਹੜਾ ਨਿੱਕੀ ਤੋਂ ਨਿੱਕੀ

ਘਟਨਾ ਵਿਚੋਂ ਵੱਡੇ ਅਰਥ ਸਿਰਜਦਾ ਹੈ। ਪਰ ਪ੍ਰੀਤਮ ਬਹੁਤ ਵੱਡੀ ਘਟਨਾ 'ਚੋਂ ਸਾਧਾਰਣ ਅਰਥਾਂ ਦੀ ਵੀ ਸਿਰਜਣਾ ਨਹੀਂ ਕਰ ਸਕਿਆ।

ਸਾਡੇ ਭਾਰਤੀ ਸਮਾਜ ਵਿੱਚ ਬਿਰਧ ਆਸ਼ਰਮ ਮਨੁੱਖ ਦੇ ਸੁਪਨਿਆਂ ਦਾ ਕਬਰਸਤਾਨ ਹੈ। ਇਥੇ ਉਹ ਬਜ਼ੁਰਗ ਰਹਿੰਦੇ ਹਨ ਜਿਹਨਾਂ ਨੇ ਲੰਮੇ ਸੰਘਰਸ਼ ਪਿਛੋਂ ਆਪਣੇ ਘਰ ਬਣਾਏ, ਆਪਣੇ ਬੱਚਿਆਂ ਦੀ ਪਰਵਰਿਸ ਕੀਤੀ, ਉਹਨਾਂ ਨੂੰ ਕੰਮਾਂ ਧੰਦਿਆਂ ਵਿੱਚ ਲਾਇਆ ਤਾਂ ਕਿ ਜੀਵਨ ਦੀ ਸ਼ਾਮ ਉਹ ਸੁੱਖ-ਸੁਵਿਧਾ ਅਨੁਸਾਰ ਆਪਣੀ ਪਤਨੀ ਪੁੱਤਾਂ ਪੋਤਿਆਂ ਨਾਲ ਖ਼ਸ਼ੀ ਖ਼ੁਸ਼ੀ ਗੁਜ਼ਾਰ ਸਕਣ। ਉਹ ਵੱਧ ਤੋਂ ਵੱਧ ਸਮਾਂ ਆਪਣੇ ਪਰਿਵਾਰ ਕੋਲ ਰਹਿ ਸਕਣ। ਕਿਉਂਕਿ ਉਹਨਾ ਨੂੰ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਕਿ ਉਹ ਕਦੀ ਵੀ ਆਪਣੇ ਘਰ ਪਰਿਵਾਰ ਨੂੰ ਅਲਵਿਦਾ ਕਹਿ ਸਕਦੇ ਹਨ। ਪਰ ਜ਼ਿੰਦਗੀ ਦੇ ਆਖਰੀ ਦਿਨਾਂ ਵਿੱਚ ਆਪਣੇ ਭਰੇ ਪੂਰੇ ਪਰਿਵਾਰਾਂ ਨੂੰ ਛੱਡਕੇ ਜਿਨ੍ਹਾਂ ਨੂੰ ਇਥੇ ਆਉਣਾ ਪੈਂਦਾ ਹੈ। ਉਹਨਾਂ ਦੇ ਪੁੱਤ ਧੀ ਕਿੰਨੇ ਨਿਰਦਈ ਤੇ ਕਠੋਰ ਨੇ ਜਿਹੜੇ ਆਪਣੇ ਮਾਂ ਬਾਪ ਨੂੰ ਆਸ਼ਰਮਾਂ ਵਿੱਚ ਛੱਡ ਜਾਂਦੇ ਹਨ। ਜਦ ਕਿ ਉਸ ਉਮਰ ਵਿਚ ਉਹਨਾਂ ਨੂੰ, ਉਹਨਾ ਦੇ ਮੋਹ ਦੀ ਤੇ ਸਾਂਭ-ਸੰਭਾਲ ਦੀ ਸਭ ਤੋਂ ਵੱਧ ਲੋੜ ਹੁੰਦੀ ਹੈ। ਮੇਰੇ ਵਿਚਾਰ ਅਨੁਸਾਰ ਮੌਤ ਤੋਂ ਵੱਡੀ ਸਜ਼ਾ ਬਿਰਧ ਆਸ਼ਰਮ ਵਿਚ ਰਹਿਣਾ ਹੈ।

"ਮਖ਼ੌਲ" ਕਹਾਣੀ ਪੜ੍ਹਕੇ ਮੈਂ ਪਹਿਲੀ ਵਾਰ ਸੋਚਿਆ ਕਿ ਮੈਂ ਵੀ ਬੁੱਢਾ ਹੀ ਹਾਂ। ਕੀ ਮੈਂ ਵੀ ਇਥੇ ਰਹਿ ਸਕਦਾ ਹਾਂ? ਨਹੀਂ ਹਰਗਿਜ ਨਹੀਂ। ਮੈਂ ਆਪਣੀ ਬੇਟੀ ਕੋਲ ਜੇਕਰ ਇੱਕ ਦਿਨ ਵੱਧ ਰਹਿ ਪਵਾਂ ਤਾਂ ਮੇਰਾ ਬੇਟਾ ਜਸਮਿੰਦਰ ਬਾਰ ਬਾਰ ਫੋਨ ਕਰਕੇ ਕਹੇਗਾ। "ਪਾਪਾ ਜੀ ਅੱਜ ਨਾਂ ਰਹਿਣਾ। ਜ਼ਰੂਰ ਆ ਜਾਣਾ। ਘਰ ਆਉਣ ਤੇ ਉਹ ਬੱਚਿਆਂ ਵਾਂਗ ਮੈਨੂੰ ਜੱਫੀ ਪਾ ਲੈਂਦਾ ਹੈ ਤੇ ਜੋਰ ਨਾਲ ਘੁਟਦਾ ਹੈ। ਉਹ ਜਿਵੇਂ ਛੋਟਾ ਹੁੰਦਾ ਮੈਨੂੰ ਬਾਹਰੋਂ ਆਉਣ ਤੇ ਲਿਪਟ ਜਾਂਦਾ ਸੀ। ਹੁਣ ਉਹ 35 ਵਰਿਆਂ ਦਾ ਹੋ ਗਿਆ ਹੈ। ਉਹਦੇ ਆਪਣੇ ਦੋ ਬੱਚੇ ਹਨ। ਮੇਰੇ ਬਾਹਰ ਰਹਿਣ ਸਮੇਂ ਲਵਲੀਨ ਤੇ ਜਸਲੀਨ ਦੋਵੇਂ। ਪੋਤੇ ਬਾਰ ਬਾਰ ਬੀਹੀ ਵਿੱਚ ਆ ਕੇ ਮੈਨੂੰ ਦੇਖਦੇ ਰਹਿੰਦੇ ਹਨ ਤੇ ਘਰ ਅੰਦਰ ਆਨੀ ਬਹਾਨੀ ਰੋਂਦੇ ਰਹਿੰਦੇ ਨੇ।

ਪਰ ਇਹ ਵੀ ਸੱਚ ਹੈ ਕਈ ਵਾਰ ਸਾਰਾ ਦੋਸ਼ ਬੱਚਿਆਂ ਦਾ ਨਹੀਂ ਹੁੰਦਾ। ਕੁੱਜ ਇੱਕ ਬੁੱਢੇ ਵੀ ਆਪਣੀ ਹਾਉਮੈ ਤੇ ਨਾਂ ਬਦਲ ਸਕਣ ਵਾਲੇ ਸੁਭਾਅ ਕਾਰਨ ਘਰ ਵਿੱਚ ਇੱਕ ਅਸਹਿ ਬੋਝ ਬਣ ਜਾਂਦੇ ਹਨ। ਉਹ ਘਰ ਵਿੱਚ ਆਪਣੀ ਉਪਯੋਗਤਾ ਖੋ ਬੈਠਦੇ ਹਨ। ਜਿਹੜੇ ਬਜੁਰਗ ਆਪਣੀ ਉਪਯੋਗਤ ਬਣਾਈ ਰਖਦੇ ਹਨ ਉਹਨਾਂ ਦੀ ਘਰ ਤੇ ਪਰਿਵਾਰ ਨੂੰ ਹਮੇਸ਼ਾਂ ਲੋੜ ਬਣੀ ਰਹਿੰਦੀ ਹੈ। ਪ੍ਰਕ੍ਰਿਤੀ ਵੀ ਬੇਲੌੜੇ ਪੇੜ ਪੌਦਿਆਂ ਨੂੰ ਨਸ਼ਟ ਕਰ ਦਿੰਦੀ ਹੈ। ਮੈਂ ਏਨੇ ਵਿਸਥਾਰ ਨਾਲ ਇਸ ਲਈ ਲਿਖ ਰਿਹਾ ਹਾਂ ਮੈਨੂੰ ਉਮੀਦ ਸੀ ਇਹ ਕਥਾ-ਕਾਰ ਉਥੋਂ ਦੇ ਨਾਰਕੀਐ ਜੀਵਨ ਨੂੰ ਆਪਣੀ ਕਲਾ-ਕੌਸ਼ਲਤਾ ਨਾਲ ਚਿਤਰੇਗਾ। ਤੇ ਬਿਰਧ ਆਸ਼ਰਮ ਵਾਲੀ ਕਹਾਣੀ ਨੂੰ, ਮੈਨੂੰ ਦਿਲ ਮਜਬੂਤ ਕਰਕੇ ਪੜ੍ਹਨਾ ਪਵੇਗਾ। ਏਡੇ ਦੁੱਖਾਂ ਦੇ ਸੰਘਣੇ ਜੰਗਲ ਵਿਚੋਂ ਲੰਘਣਾ ਹਰ ਪਾਠਕ ਦੇ ਵੱਸ ਦੀ ਗੱਲ ਨਹੀਂ।

ਪਰ "ਮਖ਼ੌਲ" ਕਹਾਣੀ ਤਾਂ ਬਿਰਧ ਆਸਰਮ ਦੀਆਂ ਤਲਖ਼ ਹਕੀਕਤਾਂ ਤੋਂ ਕੋਹਾਂ ਦੂਰ ਹੈ। ਇਸ ਕਹਾਣੀ ਵਿਚਲੇ ਪਾਤਰ ਨੂੰ ਨਾਂ ਪਰਿਵਾਰ ਨਾਲੋਂ ਟੁੱਟਣ ਦੀ ਪੀੜ ਹੈ। ਨਾਂ ਆਪਣੇ ਪੁੱਤਾਂ-ਪੋਤਿਆਂ ਲਈ ਮੋਹ ਦੀ ਤੜਪ। ਇਹ ਤਾਂ ਜਿਵੇਂ ਬੁੱਢਿਆਂ ਦਾ ਪਿਕਨਿਕ ਸਪਾਟ ਹੈ। ਜਿਥੋਂ ਉਹ ਸ਼ਾਮੋ ਦੇ ਮੋਟੇ ਕੁੱਲਿਆ ਤੇ ਹੱਥ ਫੇਰਦੇ ਹਨ ਤੇ ਉਹਨੂੰ ਜੱਫੀਆਂ ਪਾਉਂਦੇ ਹਨ।

ਮੈਂ ਇਹ ਕਹਾਣੀ ਪੜ੍ਹਕੇ ਬਹੁਤ ਨਿਰਾਸ਼ ਹੋਇਆ। ਲੇਖਕ ਦੀ ਝੂਠੀ "ਹਾਉਮੈ" ਨਾਂ ਤਾਂ ਕਹਾਣੀ ਵਿੱਚ ਸੰਵੇਦਨਾ ਉਤਪੰਨ ਹੋਣ ਦਿੰਦੀ ਹੈ ਤੇ ਨਾਂ ਹੀ ਪਾਠਕ ਨੂੰ ਜ਼ਿੰਦਗੀ ਦੇ ਕਠੋਰ ਸੱਚ ਦੇ ਰੂ-ਬ-ਰੂ ਕਰਦੀ ਹੈ। ਸੰਵੇਦਨਾ ਤੇ ਕਲਪਨਾ ਤੋਂ ਬਿਨਾ ਕਹਾਣੀ ਅਧੂਰੀ ਹੁੰਦੀ ਹੈ।



ਇਸ ਕਹਾਣੀ ਵਾਂਗ ਜੇਕਰ ਪ੍ਰੀਤਮ ਦੀਆਂ ਹੋਰ ਕਹਾਣੀਆਂ ਵੀ 'ਨਿੱਜ' ਨਾਲ ਸੰਬੰਧਿਤ ਹਨ ਤਾਂ ਉਹ ਕਮਜ਼ੋਰ ਕਹਾਣੀਆਂ ਹੋਣਗੀਆਂ। ਆਪਣੀ ਚਿੱਠੀ ਵਿੱਚ ਪ੍ਰੀਤਮ ਨੇ ਕਿਹਾ ਹੈ ਕਿ ਮੈਂ ਉਰਦੂ ਗਲਤ ਲਿਖਿਆ ਹੈ ਉਸ ਨੇ ਜੋਰ ਦੇ ਕੇ ਕਿਹਾ ਕਿ ਮੈਂ 'ਮੈਦਾਨ-ਏ-ਜੰਗ' ਨੂੰ, 'ਜੰਗ-ਏ-ਮੈਦਾਨ' ਲਿਖ ਦਿੱਤਾ।

ਮੈਨੂੰ ਉਰਦੂ ਬਿਲਕੁਲ ਨਹੀਂ ਆਉਂਦਾ। ਸੁਣਿਆ ਹੈ ਪ੍ਰੀਤਮ ਲੰਮਾ ਸਮਾਂ ਅਖ਼ਬਾਰ ਵਿਚ ਪਰੂਫ ਰੀਡਿੰਗ ਕਰਦਾ ਰਿਹਾ ਹੈ। ਪਰੂਫ ਰੀਡਿੰਗ ਦੀ ਗਲਤੀ ਕਾਰਨ "ਜੰਗ ਦੇ ਮੈਦਾਨ" ਨੂੰ ਜੰਗ-ਏ-ਮੈਦਾਨ ਲਿਖ ਦਿੱਤਾ। ਗਲਤੀ "ਦੇ" ਦੀ ਜ਼ਗਾ "ਏ" ਲਿਖਣ ਹੀ ਹੈ। ਪਰੂਫ਼ ਰੀਡਿੰਗ ਵਿੱਚ ਅਜਿਹੀਆਂ ਗਲਤੀਆਂ ਆਮ ਹੋ ਜਾਂਦੀਆਂ ਹਨ ਪ੍ਰੀਤਮ ਦੀ ਕਹਾਣੀ ਵਿੱਚ ਇੱਕ ਨਹੀਂ ਬਲਕਿ ਦੋ ਵਾਰ ਟਾਇਲਿਟ ਨੂੰ "ਟਾਇਟਲ" ਲਿਖਿਆ ਹੋਇਆ ਹੈ।

ਕਹਾਣੀ ਵਿੱਚ ਲੇਖਕ ਦਾ ਨਿੱਜ ਸਿੱਧੇ ਤੇ ਸਪਸ਼ਟ ਰੂਪ ਵਿੱਚ ਨਹੀਂ ਆਉਣਾ ਚਾਹੀਦਾ। ਇਸੇ ਕਾਰਨ ਕਈ ਮਰਦ ਲੇਖਕ ਔਰਤ ਪਾਤਰ ਦੇ ਰੂਪ ਵਿੱਚ ਕਹਾਣੀ ਦਸਦੇ ਹਨ ਤੇ ਕਈ ਇਸਤਰੀ ਲੇਖਕਾਵਾਂ ਮਰਦ ਬਣਕੇ ਕਹਾਣੀ ਬਿਆਨ ਕਰਦੀਆਂ ਹਨ।

ਲੇਖਕ ਤਾਂ ਰਚਨਾ ਵਿੱਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਜਿਵੇਂ ਫੁੱਲ ਵਿੱਚ ਖ਼ੁਸ਼ਬੋ।

**- ਪਰਗਟ ਸਿੰਘ ਸਿੱਧੂ,**
**ਪਿੰਡ ਤੇ ਡਾਕ. ਸੇਖਾ, ਜ਼ਿਲ੍ਹਾ ਬਰਨਾਲਾ**

**(ਪਰਗਟ ਸਿੰਘ ਸਿੱਧੂ ਹੁਰਾਂ ਨੇ ਜਿਹੜੀ ਗੱਲ 'ਪਰੂਫ਼ ਰੀਡਿੰਗ ਦੀ ਗਲਤੀ ਕਾਰਨ "ਜੰਗ ਦੇ ਮੈਦਾਨ" ਨੂੰ ਜੰਗ-ਏ-ਮੈਦਾਨ ਲਿਖ ਦਿੱਤਾ। ਗਲਤੀ "ਦੇ" ਦੀ ਜ਼ਗਾ "ਏ" ਲਿਖਣ ਹੀ ਹੈ।' ਇਹ ਠੀਕ ਨਹੀਂ ਹੈ। ਉਨ੍ਹਾਂ ਨੇ ਅਪਣੀ ਲਿਖਤ ਵਿਚ 'ਜੰਗ-ਏ-ਮੈਦਾਨ' ਹੀ ਲਿਖਿਆ ਸੀ। ਸਬੂਤ ਵਜੋਂ ਅਸੀਂ ਉਨ੍ਹਾਂ ਦੀ ਲਿਖਤ ਦੀ ਫੋਟੋ ਸਕੈਨ** (Scan)**ਕਰਕੇ ਪ੍ਰਕਾਸ਼ਤ ਕਰ ਰਹੇ ਹਾਂ। - ਸੰਪਾਦਕ**)

## ੦ ਸਮਾਜਿਕ ਮੁੱਦੇ ਚੁੱਕਣ ਵਿਚ ਭਾਰਤ ਦੇ ਕਮਿਊਨਿਸਟਾਂ ਨੇ ਟਪਲਾ ਖਾਧਾ ਹੈ

ਮੈਂ ਪਹਿਲੀ ਵਾਰ ਪਰਚਾ 'ਕਹਾਣੀ ਧਾਰਾ' ਪੜ੍ਹਿਆ। ਪਰਚਾ ਪੜ੍ਹ ਕੇ ਇਸ ਪਰਚੇ ਨੂੰ ਛਾਪਣ ਵਾਲੀ ਟੀਮ ਨੂੰ ਗਲਵਕੜੀ ਪਾਉਣ ਨੂੰ ਜੀ ਕੀਤਾ। ਸਭ ਤੋਂ ਪਹਿਲਾਂ ਗਿਆਨ ਸਿੰਘ ਬੱਲ ਵੱਲੋਂ ਲਿਖਿਆ ਦਲਿਤ-ਚਿੰਤਨ ਦੇ ਸਰੋਕਾਰ ਲੇਖ ਪੜ੍ਹਿਆ। ਇਹ ਪੜ੍ਹਨ ਤੋਂ ਪਹਿਲਾ ਮੈਂ ਦਲਿਤ ਚਿੰਤਨ ਬਾਰੇ ਮਾਨਵਵਾਦੀ ਰਚਨਾ ਮੰਚ ਵੱਲੋਂ ਕਰਵਾਇਆ ਗਿਆ ਸੈਮੀਨਾਰ ਵੀ ਸੁਣਿਆ। ਪਹਿਲਾਂ ਪਹਿਲ ਮੇਰਾ ਇਹ ਭਰਮ ਬਣਿਆ ਹੋਇਆ ਸੀ ਕਿ ਇਹ ਦਲਿਤ ਚਿੰਤਨ ਦਾ ਰੋਲਾ ਪਾਉਣ ਵਾਲੇ ਜੱਬਲੀਆਂ ਮਾਰਨ ਲੱਗੇ ਹੋਏ ਹਨ। ਦਸੰਬਰ,06 ਵਿਚ ਹੋਇਆ ਸੈਮੀਨਾਰ ਅਤੇ ਗਿਆਨ ਸਿੰਘ ਬੱਲ ਵੱਲੋਂ ਦਲਿਤ ਚਿੰਤਨ ਦੇ ਸਰੋਕਾਰ ਪੜ੍ਹ ਕੇ ਇਸ ਨੂੰ ਸਮਝਣ ਵਿਚ ਬਹੁਤ ਮਦਦ ਮਿਲੀ ਹੈ। ਮੈਂ ਹਿੰਦੋਸਤਾਨ ਪੱਧਰ ਤੇ ਬਣੀ ਹੋਈ ਜਨਵਾਦੀ ਨੌਜਵਾਨ ਸਭਾ ( D.V.F.I) ਦਾ ਕਾਰਕੁੰਨ ਵੀ ਹਾਂ। ਇਸ ਕਰਕੇ ਚਿੰਤਨ ਵਿਚ ਮੇਰੀ ਦਿਲਚਸਪੀ ਵੀ ਹੈ। ਮੈਂ ਮਾਰਕਵਾਦੀ ਵਿਚਾਰਧਾਰਾ ਤਹਿਤ ਘਟਨਾਵਾਂ ਨੂੰ ਦੇਖਦਾ ਵੀ ਹਾਂ 'ਬੱਲ' ਵੱਲੋਂ ਬਹੁਤ ਹੀ ਗਹਿਰ ਗੰਭੀਰ ਢੰਗ ਨਾਲ (ਖੋਜੀ ਢੰਗ ਤਰੀਕੇ) ਨਾਲ ਜਿਸ ਤਰ੍ਹਾਂ ਦਲਿਤ ਸਰੋਕਾਰਾਂ ਦੀ ਗੱਲ ਕੀਤੀ ਹੈ, ਉਹ ਆਪਣੇ ਆਪ ਵਿਚ ਕਮਾਲ ਹੈ। ਸਮਾਜਿਕ ਉਤਪੀੜਨ ਦਾ ਦਰਦ ਹਿੰਦੋਸਤਾਨ ਵਿਚ ਬਹੁਤ ਗਹਿਰਾ ਹੈ। ਜਿਹੜੀਆਂ ਗੱਲਾਂ 'ਬੱਲ' ਨੇ ਕੀਤੀਆਂ ਹਨ ਇਕ ਵਾਰ ਮੈਂ ਆਪਣੀ ਪਤਨੀ ਨੂੰ

ਕਿਹਾ ਕਿ ਤੁਸੀਂ ਜਿਸ ਪੰਡਿਤ ਦੇ ਸਾਹਮਣੇ ਦਸ ਦਸ ਰਪਏ ਰੱਖ ਮੱਥਾ ਟੇਕਿਆ ਹੈ। ਉਹ ਸ਼ੂਦਰ ਅਤੇ ਔਰਤ ਨੂੰ ਨਰਕਾ ਦਾ ਅਧਿਕਾਰੀ ਕਹਿ ਰਿਹਾ ਹੈ। ਤੂੰ ਤੇ ਮੈਂ ਇਸ ਨੂੰ ਦਸ ਦਸ ਰੁਪਏ ਮੱਥਾ ਵੀ ਟੇਕਿਆ ਹੈ ਇਹ ਕਿਹੜੀ ਗੱਲ ਤੋਂ ਨਰਕਾਂ ਦਾ ਅਧਿਕਾਰੀ ਬਣਾ ਰਿਹਾ ਹੈ? ਕੀ ਤੂੰ ਅਤੇ ਹੋਰ ਔਰਤਾਂ ਨੇ ਇਸ ਦਾ ਕੁਝ ਗੁਵਾਇਆ ਹੈ? ਮੈਂ ਕਿਹਾ ਕਿ ਮੈਂ ਪੰਡਿਤ ਨੂੰ ਟੋਕਣਾ ਚਾਹੀਦਾ ਹੈ ਪਰ ਉਸ ਨੇ ਮੈਨੂੰ ਅਜਿਹਾ ਕਰਨ ਤੋਂ ਰੋਕਿਆ।

'ਬੱਲ' ਜਿਹੜੀ ਗੱਲ ਕਮਿਊਨਿਸਟਾਂ ਬਾਰੇ ਕਹਿ ਰਹੇ ਹਨ ਕਿ ਕਾਮਰੇਡ ਆਰਥਿਕ ਮਸਲਿਆ ਨੂੰ ਹੀ ਚੁੱਕਿਆ ਹੈ। ਇਹ ਗੱਲ ਓਨੀਂ ਠੀਕ ਨਹੀਂ ਹੈ। ਹਿੰਦੋਸਤਾਨ 'ਚ ਕਿਰਤੀਆਂ ਤੇ ਲਹਿਰ ਦੇ ਮਹਾਨ ਆਗੂ ਕਾਮਰੇਡ ਏ. ਕੇ. ਗੋਪਾਲਨ ਨੇ ਕੇਰਲ ਵਿਚ ਗੁਰੂ ਵਿਊਰ ਦੇ ਮੰਦਰ 'ਚ ਦਲਿਤਾਂ ਦੇ ਦਾਖਲੇ ਲਈ ਅੰਦੋਲਨ ਚਲਾਇਆ ਜਿਸ ਦੀ ਚਰਚਾ ਸਾਰੇ ਮੁਲਕ 'ਚ ਹੋਈ ਸੀ। ਇਸ ਅੰਦੋਲਨ 'ਚ, ਕਾਮਰੇਡ ਗੋਪਾਲਨ ਨੂੰ ਉਚ ਸ਼੍ਰੈਣੀਆਂ ਦੇ ਲੋਕਾਂ ਨੇ ਦੋ ਵਾਰੀ ਡਾਂਗਾ ਨਾਲ ਆਪਣੇ ਚਿੱਤੋਂ ਮਰਿਆ ਹੋਇਆ ਕਰਕੇ ਸਿੱਟ ਦਿੱਤਾ ਸੀ। ਗੁਰੂ ਵਿਊਰ ਦੇ ਮੰਦਰ ਵਿਚ ਦਲਿਤਾਂ ਦਾ ਦਾਖਲਾ ਬੰਦ ਸੀ। ਪਰ ਉਨ੍ਹਾਂ ਅੰਦੋਲਨ ਰਾਹੀਂ ਉਨ੍ਹਾਂ ਮੰਦਰਾਂ ਵਿਚ ਪਰਵੇਸ਼ ਲਈ ਰਾਹ ਖੋਲਿਆ।

2006 ਵਿਚ ਕਾਮਰੇਡ ਵੀ. ਰਾਘਾਵਲੂ ਵੱਲੋਂ ਮੰਦਰ ਦੇ ਪ੍ਰਵੇਸ਼ ਦੇ ਮੁੱਦੇ ਨੂੰ ਲੈ ਕੇ ਸਾਰੇ ਆਧਰਾ ਪ੍ਰਦੇਸ਼ ਵਿਚ ਸਾਇਕਲ ਤੇ ਚੜ੍ਹ ਕੇ ਇਸ ਖਿਲਾਫ਼ ਅੰਦੋਲਨ ਚਲਾਇਆ ਜਿਹੜਾ ਬੜਾ ਹੀ ਸਫ਼ਲਤਾ ਨਾਲ ਸਿਰੇ ਚੜ੍ਹਿਆ। ਜਿਥੇ ਦਲਿਤਾ ਦਾ ਮੰਦਰਾਂ ਵਿਚ ਦਾਖਲਾ ਸੋਖਾ ਬਣਾਇਆ। ਜਿਥੇ ਕਾਮਰੇਡ ਗੋਪਾਲਨ ਵਾਲੀ ਉਦਾਹਰਨ ਪੁਰਾਣੀ ਹੈ। ਉਥੇ ਕਾਮਰੇਡ ਵੀ. ਰਾਘਾਵਲੂ ਦੀ ਨਵੀਂ ਉਦਾਹਨ ਹੈ। ਬੰਗਾਲ ਵਿਚ ਜ਼ਮੀਨ ਵੰਡ 33% ਤੋਂ ਜਿਆਦਾ ਪਟੇ ਔਰਤਾ ਦੇ ਨਾਂ ਕੀਤੇ ਗਏ। ਆਰਥਿਕ ਮਸਲੇ ਹਲ ਹੋਇਆ ਬਗੈਰ ਦਲਿਤ ਲੋਕਾਂ ਦਾ ਭਲਾ ਨਹੀਂ ਹੋਣਾ। ਇਸ ਮੁਲਕ ਵਿਚ ਜਗੀਰ ਦਾਰੀ ਢਹਿਣ ਨਾਲ ਹੀ ਇਸ ਦਾ ਹਲ ਹੋ ਸਕਦਾ ਹੈ। ਹਾਂ ਇਹ ਗੱਲ ਮੈਂ ਮੰਨਦਾ ਸਮਾਜਿਕ ਮੁੱਦੇ ਵੱਡੀ ਪੱਧਰ ਤੇ ਚੁੱਕਣ ਵਿਚ ਭਾਰਤ ਦੇ ਕਮਿਊਨਿਸਟਾਂ ਨੇ ਟਪਲਾ ਖਾਧਾ ਹੈ। ਜੇ ਜਾਤ ਦੇ ਮੁੱਦਿਆ ਤੇ ਵੱਡੀ ਲੜਾਈ ਦਿੱਤੀ ਜਾਂਦੀ ਉਸ ਨਾਲ ਜਨਵਾਦੀ ਅੰਦੋਲਨ ਤੇਜੀ ਨਾਲ ਅੱਗੇ ਵੱਧਣਾ ਸੀ। 'ਬੱਲ' ਨੇ ਜਿਹੜੇ ਇਤਿਹਾਸ 'ਚ ਨਿਰਗੁਣ ਸਿਧਾਂਤ ਦੇ ਵਿਗਾੜ ਨੂੰ ਦਰੁੱਸਤ ਕਰਕੇ ਸਾਂਖਯ ਦਰਸ਼ਨ ਦੇ ਮੂਲ ਸਿਧਾਂਤਾਂ ਦੀ ਸਰਦਾਰੀ ਸਥਾਪਤ ਕਰਨ ਵਾਲੀ ਗੱਲ ਹੀ ਅਸਲ ਵਿਚ ਦਲਿਤ ਚਿੰਤਨ ਦੀ ਮੂਲ ਆਤਮਾ ਨਜ਼ਰ ਆਉਂਦੀ ਹੈ। ਅਸੀਂ ਜਥੇਬੰਦੀ ਵੱਲੋਂ ਸਤੰਬਰ 2006 ਵਿਚ ਡੂੰਗਰਪੁਰ (ਰਾਜਸਥਾਨ) 'ਚ ਆਦਿਵਾਸੀਆਂ ਤੇ ਦਲਿਤ ਨੌਜਵਾਨਾਂ ਦਾ ਇਕੱਠ ਕਰਕੇ ਅਜਿਹੀਆਂ ਸਮੱਸਿਆਵਾਂ ਵਿਚਾਰੀਆਂ ਹਨ।

ਇਸ ਅੰਕ ਵਿਚ ਪ੍ਰਿੰਯਵਿੰਦ ਦੀ ਕਹਾਣੀ 'ਬਸੰਤ ਵਰਗਾ' ਅਤੇ ਕਰਨੈਲ ਸਿੰਘ ਨਿੱਝਰ ਦੀ ਕਹਾਣੀ 'ਬੁੱਤ' ਇਸ ਅੰਕ ਦੀ ਪ੍ਰਾਪਤੀ ਹੈ। ਡਾ. ਐਸ ਤਰਸੇਮ ਦੀ ਸਵੈ-ਜੀਵਨੀ ਅੰਸ਼, ਭੂਰਾ ਸਿੰਘ ਕਲੇਰ ਦੀ ਕਹਾਣੀ 'ਮਿੱਟੀ' ਰਚਨਾਵਾਂ ਮੈਨੂੰ ਮੇਰੇ ਪਿੰਡ ਵਿਚ ਵਾਪਰੀਆਂ ਘਟਨਾਵਾਂ ਲੱਗੀਆਂ ਹਨ। ਸੰਪਾਦਕੀ ਅਤੇ ਆਲੋਚਕ ਡਾ. ਬਿੰਦਰਾਂ ਅਤੇ ਜਸਲੀਨ ਕੌਰ ਦੀਆਂ ਲਿਖਤਾਂ ਚੰਗੀਆਂ ਹਨ। ਕਹਾਣੀ ਬਾਰੇ ਬਹਿਸ ਨੂੰ ਪੜ੍ਹਨ ਦਾ ਵੀ ਸੁਆਦ ਆਇਆ ਹੈ।

**- ਸੁਰਿੰਦਰ ਖੀਵਾ**

ਪਿੰਡ ਤੇ ਡਾਕ. ਖੀਵਾ, ਤਹਿਸੀਲ ਨਕੋਦਰ (ਜਲੰਧਰ)

**(ਥਾਂ ਦੀ ਘਾਟ ਕਰਕੇ ਅਸੀਂ ਬਾਕੀ ਖ਼ਤ ਅਗਲੇ ਅੰਕ ਵਿਚ ਪ੍ਰਕਾਸ਼ਤ ਕਰਾਗੇ।- ਸੰਪਾਦਕ)**





## ਅੱਜ ਕੱਲ ਮੇਰੀ ਕਹਾਣੀ ਮੁਸ਼ਕਲ ਵਿਚ ਹੈ / ਇੰਤਜ਼ਾਰ ਹੁਸੈਨ

**ਸ਼ਹਿਰਜ਼ਾਦ ਦੇ ਨਾਂ**

ਮੇਰੀ ਕਹਾਣੀ ਅੱਜ-ਕੱਲ ਮੁਸ਼ਕਲ ਵਿੱਚ ਹੈ, ਜਦੋਂ ਲਿਖਣ ਬੈਠਦਾ ਹਾਂ ਤਾਂ ਚਾਣਚੱਕ ਕੋਈ ਵਾਰਦਾਤ ਹੋ ਗੁਜ਼ਰਦੀ ਹੈ। ਖ਼ਬਰ ਮਿਲ਼ਦੀ ਹੈ ਕਿ ਫਲਾਣੀ ਮਸਜਿਦ ਤੇ ਦਹਿਸ਼ਤਗਰਦਾਂ ਨੇ ਹੱਲਾ ਬੋਲ ਦਿੱਤਾ। ਮੂੰਹ ਤੇ ਠਾਠੇ ਬੰਨ੍ਹੀ ਕਲਾਸ਼ਨੀਕੋਫ਼ਾਂ ਨਾਲ ਹਥਿਆਰਬੰਦ ਦਾਖ਼ਲ ਹੋਏ ਅਤੇ ਨਮਾਜ਼ੀਆਂ ਨੂੰ ਭੁੰਨ ਸੁੱਟਿਆ ਜਾਂ ਕਿਸੇ ਇਮਾਮ-ਬਾੜੇ 'ਤੇ ਹਮਲਾ ਹੋ ਗਿਆ। ਪਲਾਂ ਛਿਣਾਂ ਵਿੱਚ ਮਾਤਮਖ਼ਾਨਾ ਕਤਲਗਾਹ ਬਣ ਗਿਆ। ਜਾਂ ਇਹ ਕਿ ਫਲਾਣੇ ਬੱਸ ਅੱਡੇ ਤੇ ਬੰਬ ਫਟ ਗਿਆ ਅਤੇ ਆਉਂਦੇ-ਜਾਂਦੇ ਮੁਸਾਫ਼ਰਾਂ ਦੇ ਪਰਖਚੇ ਉੱਡ ਗਏ। ਬਸ, ਜ਼ਿਹਨ ਪ੍ਰੇਸ਼ਾਨ ਹੋ ਜਾਂਦਾ ਹੈ। ਕਹਾਣੀ 'ਹਿਰਨ' ਹੋ ਜਾਂਦੀ ਹੈ ਤੇ ਕਲਮ ਰੁਕ ਜਾਂਦੀ ਹੈ।

ਪਰ ਫੇਰ ਮੈਂ ਸੋਚਦਾ ਹਾਂ ਕਿ ਮੈਂ ਕੀ ਵੇਚਦਾ ਹਾਂ ਅਤੇ ਮੇਰੀ ਕਹਾਣੀ ਕਿਸ ਗਿਣਤੀ ਵਿੱਚ ਹੈ! ਇਸ ਅਜ਼ਾਬ ਵਿੱਚ ਤਾਂ ਸਾਰੀ ਖ਼ਲਕਤ ਫਸੀ ਹੋਈ ਹੈ। ਤਸ਼ੱਦਦ ਦਾ ਬੋਲਬਾਲਾ ਹੈ। ਦਹਿਸ਼ਤਗਰਦੀ ਦਾ ਬੋਲਬਾਲਾ ਹੈ। ਅਸੀਂ ਤੁਸੀਂ ਕੀ ਪਿੱਦੀ ਕੀ ਪਿੱਦੀ ਦਾ ਸ਼ੋਰਬਾ। ਉਹਨਾਂ ਨੇ ਤਾਂ ਸੁਪਰ ਪਾਵਰ ਅਮਰੀਕਾ ਵਿੱਚ ਜਾ ਕੇ ਅਜਿਹਾ ਉਧਮ ਮਚਾਇਆ 'ਤੇ ਉਹ ਤਬਾਹੀ ਕੀਤੀ ਕਿ ਪੂਰਾ ਅਮਰੀਕਾ ਤਰਾਹ-ਤਰਾਹ ਚੀਕ ਉੱਠਿਆ 'ਤੇ ਦੁਨੀਆਂ ਵਿੱਚ ਖਲਬਲੀ ਮਚ ਗਈ-

**ਕੂਦਾ ਤੇਰੇ ਘਰ ਮੇਂ ਕੋਈ ਯੂੰ ਧੱਮ ਸੇ ਨਾ ਹੋਗਾ**  
**ਵੋਹ ਕਾਮ ਕੀਆ ਹਮਨੇ ਕਿ ਰੁਸਤਮ ਸੇ ਨਾ ਹੋਗਾ।**

ਜਵਾਬ ਵਿੱਚ ਅਮਰੀਕਾ ਨੇ ਅਫ਼ਗਾਨਿਸਤਾਨ ਦੀ ਇੱਟ ਨਾਲ ਇੱਟ ਵਜਾ ਦਿੱਤੀ। ਉਹ ਸੇਰ ਤੇ ਉਹ ਸਵਾ ਸੇਰ। ਇਹ ਨਕਸ਼ੇ ਵੇਖਕੇ ਉਹ ਪੁਰਾਣੇ ਜ਼ਮਾਨੇ ਯਾਦ ਆਉਂਦੇ ਹਨ ਜਦੋਂ ਵਹਿਸ਼ੀ ਕਬੀਲੇ ਅਚਾਨਕ ਉਹਨਾਂ ਸ਼ਹਿਰਾਂਤੇ, ਜੋ ਸੱਭਿਆਚਾਰ ਦੇ ਪੰਘੂੜੇ ਸਮਝੇ ਜਾਂਦੇ ਸਨ, ਟੱਟ ਪੈਂਦੇ ਸਨ ਅਤੇ ਤਹਿਜ਼ੀਬ ਦੇ ਉਹਨਾਂ ਆਲ੍ਹਣਿਆਂ ਨੂੰ ਉਜਾੜ ਦਿੰਦੇ ਸਨ। ਉਹ ਪੁਰਾਣੇ ਵੇਲਿਆਂ ਦੇ ਵਹਿਸ਼ੀ ਸਨ। ਹੁਣ ਅਸੀਂ ਨਵੀਂ ਬਰਬਰੀਅਤ ਦੇ ਵੇਲੇ ਵਿੱਚ ਸਾਹ ਲੈ ਰਹੇ ਹਾਂ। ਖ਼ੈਰ ਨਾਲ ਉਹਨੂੰ ਨਵੀਂ ਤਕਨੀਕ ਦੀ ਕੁਮਕ ਵੀ ਹਾਸਲ ਹੈ। ਇਹਦੇ ਜ਼ੋਰ ਤੇ ਉਹਨੇ ਕੀ ਜ਼ੋਰ ਬੰਨ੍ਹਿਆ ਹੈ ਕਿ ਪੁਰਾਣੇ ਵਹਿਸੀ ਨਵੇਂ ਵਹਿਸ਼ੀਆਂ ਸਾਹਮਣੇ ਬੱਚੇ ਨਜ਼ਰ ਆਉਂਦੇ ਹਨ। ਐਟਮ ਬੰਬ ਤਾਂ ਦੂਰ ਦੀ ਗੱਲ ਹੈ, ਉਹਨਾਂ ਦੀ ਪਹੁੰਚ ਵਿੱਚ ਤਾਂ ਕਲਾਸ਼ਨੀਕੋਫ਼ ਵੀ ਨਹੀਂ ਸੀ।

ਨਵੇਂ ਵਹਿਸ਼ੀਆਂ ਨੂੰ ਸਾਇੰਸ ਤੇ ਤਕਨੀਕ ਦੇ ਨਾਲ਼ ਇਕ ਹੋਰ ਕੁਮਕ ਵੀ ਹਾਸਲ ਹੈ, ਵਿਚਾਰਧਾਰਕ ਕੁਮਕ ! ਪੁਰਾਣੇ ਵਹਿਸ਼ੀ ਸਿਰਫ਼ ਤੇ ਸਿਰਫ਼ ਵਹਿਸ਼ੀ ਸਨ। ਵਹਿਸ਼ਤ ਤੇ ਮੁਲੰਮਾ ਚੜ੍ਹਾਉਣਾ ਉਹਨਾਂ ਨੂੰ ਨਹੀਂ ਸੀ ਆਉਂਦਾ। ਸਾਡੇ ਨਵੇਂ ਵੇਲਿਆਂ ਦੇ ਵਹਿਸ਼ੀਆਂ ਨੇ ਆਪਣੀ ਵਹਿਸ਼ਤ ਨੂੰ ਇਕ ਵਿਚਾਰਧਾਰਕ ਸ਼ਾਨ ਬਖ਼ਸ਼ਣ ਦਾ ਕਮਾਲ ਵੀ ਹਾਸਲ ਕਰ ਲਿਆ ਹੈ। ਦਹਿਸ਼ਤਗਰਦੀ ਤੋਂ ਲੈ ਕੇ ਜੰਗ ਤਕ, ਹਿੰਸਾ ਦੀ ਹਰ ਸ਼ਕਲ ਲਈ ਕੋਈ ਨਾ ਕੋਈ ਨੈਤਿਕ ਵਾਜਬੀਅਤ ਪੈਦਾ ਕਰ ਲਈ ਹੈ। ਕੌਮਪ੍ਰਸਤੀ , ਨਸਲਪ੍ਰਸਤੀ, ਧਰਮ ਅਤੇ ਕਲਪਨਾਵਾਂ ਨੂੰ ਹਿੰਸਾ ਨਾਲ਼ ਜੋੜ ਦਿੱਤਾ ਜਾਵੇ ਤਾਂ ਉਹਨਾਂ ਨੂੰ ਇਕ ਨੈਤਿਕ ਵਾਜਬੀਅਤ ਹਾਸਲ ਹੋ ਜਾਂਦੀ ਹੈ। ਹੁਣ ਇਕ ਦਹਿਸ਼ਤਗਰਦ ਇਹ ਕਹਿਕੇ ਨਮਾਜੀਆਂ ਤੇ ਗੋਲ਼ੀਆਂ ਵਰ੍ਹਾਉਂਦਾ ਹੈ ਕਿ ਇਹ ਮੁਸਲਮਾਨ ਨਹੀਂ, ਅਸਲ ਵਿੱਚ ਕਾਫ਼ਰ ਹਨ, ਤਾਂ ਫਿਰ ਇਹ ਦਹਿਸ਼ਤਗਰਦੀ ਨਹੀਂ ਰਹਿੰਦੀ, ਸਵਾਬ ਦਾ ਕੰਮ ਬਣ ਜਾਂਦੀ ਹੈ।

ਇਸ ਤਰ੍ਹਾਂ ਸਾਡਾ ਜ਼ਮਾਨਾ ਖ਼ਾਲੀ ਦਹਿਸ਼ਤਗਰਦੀ ਦੀ ਜ਼ਮਾਨਾ ਨਹੀਂ ਹੈ।

ਵਿਚਾਰਧਾਰਾ ਨਾਲ ਲੈਸ ਦਹਿਸ਼ਤਗਰਦੀ ਦਾ ਜ਼ਮਾਨਾ ਹੈ। ਹੁਣੇ ਪਿਛਲੀ ਸਦੀ ਵਿੱਚ ਅਜਿਹੇ ਸਮੇਂ ਲੰਘੇ ਹਨ ਜਦੋਂ ਇਨਕਲਾਬ ਦੇ ਨਾਂ ਤੇ ਹਰ ਕਿਸਮ ਦੀ ਦਹਿਸ਼ਤਗਰਦੀ ਨੂੰ ਜਾਇਜ਼ ਸਮਝਿਆ ਜਾਂਦਾ ਸੀ। ਹੁਣ ਮੁਸਲਮਾਨਾਂ ਵਿਚ ਅਜਿਹੇ ਗਰੋਹ ਸਿਰ ਚੁੱਕ ਰਹੇ ਹਨ ਜੋ ਇਸਲਾਮ ਦਾ ਨਾਂ ਲੈ ਕੇ ਦਹਿਸ਼ਤਗਰਦੀ ਕਰਦੇ ਹਨ। ਉਹ ਇਨਕਲਾਬੀ ਹਿੰਸਾ ਸੀ। ਇਸ ਹਿੰਸਾ ਨੂੰ ਕਿਹੜਾ ਨਾਂ ਦਿੱਤਾ ਜਾਵੇ?

ਅਜਿਹੇ ਵਿੱਚ ਲਿਖਣਾ ਵਾਲ਼ਾ ਕੀ ਕਰੇ? ਨਹੀਂ ਮੈਂ ਕੀ ਕਰਾਂ, ਮੇਰੀ ਕਹਾਣੀ ਕੀ ਕਰੇ? ਇਕ ਵਚਨੀ ਵਿਸ਼ੇਸ਼ਣ ਮੈਂ ਇਹ ਸੋਚਕੇ ਵਰਤਿਆ ਹੈ ਕਿ ਅਦਬ (ਸਾਹਿਤ) ਵਿੱਚ ਸਾਂਝੇ ਫ਼ੈਸਲੇ ਨਹੀਂ ਹੁੰਦੇ। ਹਰ ਲੇਖਕ ਆਪਣੀ ਕਲਾ, ਆਪਣੇ ਰਚਨਾਤਮਕ (ਤਖ਼ਲੀਕੀ) ਤਜਰਬੇ ਦੇ ਸੰਦਰਭ ਵਿੱਚ ਇੱਕਲਾ ਜ਼ਿੰਮੇਵਾਰ ਹੁੰਦਾ ਹੈ। ਮੌਤ ਅਤੇ ਰਚਨਾਤਮਕ ਤਜਰਬਾ, ਇਹਨਾਂ ਦੋਵਾਂ ਦੇ ਰੂ-ਬ-ਰੂ ਆਦਮੀ ਇੱਕਲਾ ਹੁੰਦਾ ਹੈ। ਮੌਤ ਨਾਲ ਤਾਂ ਖ਼ੈਰ ਹਰ ਸ਼ਖ਼ਸ ਦਾ ਵਾਸਤਾ ਪੈਂਦਾ ਹੈ। ਰਚਨਾਤਮਕ ਤਜ਼ਰਬੇ ਦੀ ਇਕੱਲਤਾ ਰਚਨਾਕਾਰ ਦੀ ਕਿਸਮਤ ਵਿੱਚ ਲਿਖੀ ਗਈ ਹੈ। 'ਤੇ ਜਿਵੇਂ ਹਰ ਫ਼ਰਦ ਮੌਤ ਦੇ ਰੂ -ਬ-ਰੂ ਇਕੱਲਿਆਂ ਹੁੰਦਾ ਹੈ, ਬਸ ਇਵੇਂ ਹੀ ਹਰ ਲੇਖਕ ਆਪਣੇ ਰਚਨਾਤਮਕ ਤਜਰਬੇ ਦੇ ਰੂ-ਬ-ਰੂ ਇਕੱਲਾ ਹੁੰਦਾ ਹੈ। ਇਕ ਅਦੀਬ (ਸਾਹਿਤਕਾਰ) ਦੀ ਹੈਸੀਅਤ ਵਿੱਚ ਉਹਨੂੰ ਬਹੁਤ ਸਾਰੇ ਫ਼ੈਸਲੇ ਇਕੱਲਿਆਂ ਕਰਨੇ ਪੈਂਦੇ ਹਨ। ਪ੍ਰੰਤੂ ਵੀਹਵੀਂ ਸਦੀ ਵਿੱਚ ਜੋ ਵਿਚਾਰਧਾਰਕ ਲਹਿਰਾਂ ਚੱਲੀਆਂ, ਉਹਨਾਂ ਨੇ ਸਾਹਿਤ ਨੂੰ ਵੀ ਲਪੇਟ ਵਿੱਚ ਲੈ ਲਿਆ। ਅਤੇ ਕੋਈ ਲਹਿਰ ਨਿੱਜੀ ਫ਼ੈਸਲੇ ਲੈਣ ਦੀ ਇਜਾਜ਼ਤ ਨਹੀਂ ਦੇ ਸਕਦੀ। ਇਹਨਾਂ ਲਹਿਰਾਂ ਦੇ ਅਸਰ ਹੇਠ ਆਉਣ ਵਾਲ਼ੇ ਸਾਹਿਤਕਾਰਾਂ ਨੂੰ ਇਹ ਇਜਾਜ਼ਤ ਕਿਵੇਂ ਮਿਲ਼ਦੀ ! ਅਤੇ ਕਿਉਂ ਮਿਲਦੀ-

**ਆਹ ਕਾ ਕਿਸ ਨੇ ਅਸਰ ਦੇਖਾ ਹੈ**

ਸ਼ਿਅਰ ਤੇ ਅਫ਼ਸਾਨੇ (ਕਹਾਣੀ)ਦਾ ਮਾਮਲਾ ਵੀ ਆਹ ਵਰਗਾ ਈ ਹੈ ਅਤੇ ਉਹ ਮਾਸ਼ੂਕ ਹੋਵੇ ਜਾਂ ਜਾਬਰ ਹਾਕਮ ਹੋਵੇ, ਆਹ ਆਮ ਤੌਰ ਤੇ ਬੇਅਸਰ ਰਹਿੰਦੀ ਹੈ। ਫੇਰ ਇਕ ਗੱਲ ਭਰਤ ਹਰੀ ਨੇ ਕਹੀ ਤੇ ਇਕਬਾਲ ਨੇ ਉਸਨੂੰ ਦੁਹਰਾਇਆ-

**ਫੂਲ ਕੀ ਪੱਤੀ ਸੇ ਕਟ ਸਕਤਾ ਹੈ ਹੀਰੇ ਕਾ ਜਿਗਰ**
**ਮਰਦੇ ਨਾਦਾਂ ਪਰ ਕਲਾਮੇ ਨਰਮ-ਓ-ਨਾਜ਼ੁਕ ਬੇਅਸਰ**

ਮੂਰਖਾਂ ਤੇ ਸੁਹਲ ਬੋਲ ਅਸਰ ਨਹੀਂ ਕਰਦੇ। ਅਜਿਹੀ ਹਾਲਤ ਵਿੱਚ ਵਿਚਾਰਧਾਰਕ ਅਤੇ ਉਹਨਾਂ ਦੀਆਂ ਲਹਿਰਾਂ ਸਾਹਿਤ ਤੇ ਭਰੋਸਾ ਕਿਵੇਂ ਕਰਦੀਆਂ ਅਤੇ ਸਾਹਿਤਕਾਰਾਂ ਨੂੰ ਖੁੱਲ੍ਹਾ ਕਿਵੇਂ ਛੱਡਦੀਆਂ। ਤਦ ਸਾਹਿਤਕਾਰਾਂ ਲਈ ਸਾਂਝੇ ਪ੍ਰੋਗਰਾਮ ਤਿਆਰ ਕੀਤੇ ਗਏ ਅਤੇ ਲਿਖਣ ਦੇ ਨਵੇਂ ਨਵੇਂ ਨੁਸਖ਼ੇ। ਇਹ ਲਿਖੋ ਇਹ ਨਾ ਲਿਖੋ। ਚੰਗੇ ਭਾਗਾਂ ਵਾਲੇ ਸਾਹਿਤਕਾਰਾਂ ਨੇ ਉਹਨਾਂ ਦਾ ਆਖਾ ਮੰਨਿਆ। ਸਮਾਜੀ ਮਸਲਿਆਂ ਤੇ ਦੱਸੇ ਗਏ ਨੁਸਖ਼ਿਆਂ ਮੁਤਾਬਕ ਮਿਲਜੁਲ ਕੇ ਲਿਖਿਆ। ਪ੍ਰੰਤੂ ਉਸ ਸਾਹਿਤ ਦਾ ਵੀ ਅਸਰ ਕਿੰਨਾ ਕੁ ਹੋਇਆ। ਫੇਰ ਕੀ ਹੋਵੇ ? ...ਜਲਸੇ, ਜਲੂਸ, ਅਖਬਾਰੀ ਬਿਆਨ-

**ਯਹੀ ਆਖ਼ਿਰ ਕੋ ਠਹਰਾ ਫ਼ਨ ਹਮਾਰਾ**

ਜੰਗ ਦੇ ਖ਼ਿਲਾਫ਼ ਐਟਮੀ ਧਮਾਕਿਆਂ ਦੇ ਖ਼ਿਲਾਫ਼, ਦਹਿਸ਼ਗਰਦੀ ਦੇ ਖ਼ਿਲਾਫ਼ ਲਹਿਰਾਂ ਚਲਾਈਆਂ ਗਈਆਂ। ਸਾਹਿਤਕਾਰਾਂ, ਚਿੰਤਕਾਂ ਨੇ ਅਮਨ ਮਾਰਚ ਕੱਢੇ, ਨਾਅ੍ਹਰੇ ਲਾਏ, ਤਕਰੀਰਾਂ ਕੀਤੀਆਂ, ਅਖ਼ਬਾਰੀ ਬਿਆਨ ਜਾਰੀ ਕੀਤੇ। ਜ਼ੁਲਮ ਦੇ ਖ਼ਿਲਾਫ਼ ਆਵਾਜ਼ ਤਾ ਉੱਠਣੀ ਚਾਹੀਦੀ ਹੈ। ਆਹ ਦਾ ਅਸਰ ਨਹੀਂ ਹੁੰਦਾ ਤਾਂ ਫੇਰ ਚੀਕੋ, ਨਾਅ੍ਹਰੇ ਲਾਵੋ, ਪਰ ਮੇਰੀ ਕਹਾਣੀ ਫੇਰ ਵੀ ਮੁਸੀਬਤ ਵਿੱਚ ਹੈ-

**ਤੇਰੇ ਆਜ਼ਾਦ ਬੰਦੋਂ ਕੀ ਨ ਯੇ ਦੁਨੀਆਂ ਨ ਵੋ ਦੁਨੀਆਂ।**

ਮੈਂ ਤਾਂ ਕਹਾਣੀ ਹੀ ਲਿਖ ਸਕਦਾ ਹਾਂ। ਬਸ ਸਾਡਾ ਤਾਂ ਐਨਾ ਹੀ ਮੁਕੱਦਰ ਹੈ। ਨਾਅ੍ਹਰਾ ਨਹੀਂ ਲਾ ਸਕਦਾ ਅਤੇ ਕਹਾਣੀ ਨਾ ਦਹਿਸ਼ਤਗਰਦੀ ਅਤੇ ਐਟਮੀ ਧਮਾਕਿਆਂ ਦੇ ਮਾਹੌਲ ਵਿੱਚ ਲਿਖੀ ਜਾ ਸਕਦੀ ਹੈ। ਨਾ ਉਹਨਾਂ ਦੇ ਖ਼ਿਲਾਫ਼ ਨਾਅਰਿਆਂ ਦੇ ਮਾਹੌਲ ਵਿੱਚ ਭਾਵ ਦੂਜੀ ਹਾਲਤ ਵਿੱਚ ਭੀ ਕਹਾਣੀ



ਤਾਂ ਨਹੀਂ ਲਿਖੀ ਜਾਵੇਗੀ, ਨਾਅਰਾ ਹੀ ਲਿਖਿਆ ਜਾਵੇਗਾ। ਪਰੰਤੂ ਨਾਅਰ੍ਹਾ ਤਾਂ ਲਾਉਣ ਦੀ ਚੀਜ਼ ਹੈ, ਲਿਖਣ ਦੀ ਨਹੀਂ। ਲਿਖਿਆ ਜਾਵੇਗਾ ਤਾਂ ਖ਼ੁਦ ਵੀ ਖਰਾਬ ਹੋਏਗਾ, ਸ਼ਿਅਰ, ਕਹਾਣੀ ਨੂੰ ਭੀ ਖਰਾਬ ਕਰੇਗਾ। ਕਹਾਣੀ ਤੋਂ ਵੱਧ ਸ਼ਾਇਰੀ ਤਾਂ ਅਜਿਹੀ ਵੀ ਹੁੰਦੀ ਹੈ ਜੋ ਨਾਅਰੇ ਹੀ ਦੇ ਜ਼ੋਰ ਤੇ ਚਮਕਦੀ, ਗਰਜਦੀ ਹੈ। ਪ੍ਰੰਤੂ ਕਹਾਣੀ ਛੂਈ ਮੁਈ ਹੈ ਕਿ ਨਾਅ੍ਹਰੇ ਦਾ ਪ੍ਰਛਾਵਾਂ ਵੀ ਪੈ ਜਾਏ ਤਾਂ ਮੁਰਝਾ ਜਾਂਦੀ ਹੈ।

ਫੇਰ ਕਹਾਣੀ ਕੀ ਕਰੇ? ਇਕ ਪਾਸੇ ਜੰਗ ਹੈ, ਦਹਿਸ਼ਗਰਦੀ ਹੈ, ਬੁਨਿਆਦਪ੍ਰਸਤੀ ਹੈ, ਏ.ਕੇ. -47 ਹੈ। ਐਟਮੀ ਧਮਾਕੇ ਹਨ, ਵਿਚਾਰਧਾਰਵਾਂ ਹਨ ਜਿਹਨਾਂ ਦੀ ਛਤਰੀ ਹੇਠ ਇਹ ਸਰਗਰਮੀਆਂ ਨੈਤਿਕ ਵਾਜਬੀਅਤ ਹਾਸਲ ਕਰਦੀਆਂ ਹਨ। ਦੂਜੇ ਪਾਸੇ ਇਹਦੇ ਖ਼ਿਲਾਫ ਨਾਅਰੇ ਹਨ, ਤਕਰੀਰਾਂ ਹਨ। ਚੱਕੀ ਦਾ ਇਕ ਪੁੜ ਉਹ, ਦੂਜਾ ਪੁੜ ਇਹ। ਚੱਲਦੀ ਚੱਕੀ ਵੇਖਕੇ ਕਬੀਰ ਰੋ ਪਿਆ ਤੇ ਮੇਰੀ ਕਲਮ ਰੁਕ ਗਈ। ਦਮਿਸ਼ਕ ਵਿੱਚ ਇਸਤੋਂ ਵੀ ਵੱਧ ਕੇ ਹੋਇਆ ਸੀ। ਉਥੇ ਤਾਂ ਇਸ਼ਕ ਦਾ ਬਾਬ ਹੀ ਬੰਦ ਹੋ ਗਿਆ ਸੀ। ਅਜਿਹੀ ਕਿਆਮਤ ਦਾ ਕਾਲ਼ ਪਿਆ ਕਿ ਯਾਰ ਲੋਕ ਕਬੀਰ ਰੋਇਆ ਸੀ। ਸੌਦਾ ਜ਼ਹਿਰੀਲਾ ਹਾਸਾ ਹੱਸਿਆ ਸੀ-

**ਫ਼ਾਕੋਂ ਸੇ ਹਿਨਹਿਨਾਨੇ ਕੀ ਤਾਕਤ ਨਹੀਂ ਰਹੀ**
**ਘੋੜੀ ਕੋ ਦੇਖਤਾ ਹੈ ਤੋ ਪਾਦੇ (ਪੱਦ ਮਾਰਨਾ) ਹੈ ਬਾਰ ਬਾਰ।**

ਮੁਗ਼ਲ ਸ਼ਾਹਸਵਾਰਾਂ ਦੇ ਤੇਜ਼ ਰਫ਼ਤਾਰ ਘੋੜਿਆਂ ਦਾ ਹੁਣ ਇਹ ਹਾਲ ਹੋ ਗਿਆ ਸੀ । ਬਸ ਉਹਨਾਂ ਘੋੜਿਆਂ ਤੋਂ ਉਹਨਾਂ ਦੇ ਹਾਲ ਦਾ ਕਿਆਸ ਕਰ ਲਓ।

**ਆਰਾਮ ਸੇ ਕਟਨੇ ਕਾ ਸੁਨਾ ਤੂਨੇ ਕੁਛ ਅਹਵਾਲ (ਖ਼ਤਰਾ)**
**ਜਮਈਯਤ(ਜਮ੍ਹਾ ਹੋਣਾ) ਖ਼ਾਤਿਰ ਕੋਈ ਸੂਰਤ ਹੀ ਕਹਾਂ ਹੈ**
**ਦੁਨੀਆਂ ਮੇਂ ਤੋ ਆਸੂਦਗੀ (ਬੇਫ਼ਿਕਰੀ) ਰਖਤੀ ਹੈ ਫ਼ਕਤ (ਖ਼ੁਸ਼ਹਾਲੀ) ਨਾਮ**
**ਉਕਬਾ (ਅਗਲਾ ਜਹਾਨ) ਮੇਂ ਯੇ ਕਹਤੇ ਹੈਂ ਕੋਈ ਉਸਕਾ ਨਿਸ਼ਾਂ ਹੈ**
**ਸੋ ਉਸ ਪਰ ਤਯੱਕੁਨ (ਭਰੋਸਾ) ਕਿਸੀ ਕੇ ਦਿਲ ਕੋ ਨਹੀਂ**
**ਯੇ ਬਾਤ ਤੋ ਗੋਇੰਦਾ (ਵਕਤਾ) ਹੀ ਕਾ ਮਹਜ਼ ਗੁਮਾਂ ਹੈ**
**ਯਾਂ ਫ਼ਿਕਰ ਮਾਈਸ਼ਤ (ਰੋਜ਼ਗਾਰ ਦੀ ਚਿੰਤਾ) ਹੈ ਤੋਂ ਵਾਂ ਦਗ਼ਦਗ਼ ਏ ਹਸਰ (ਦੋਜ਼ਖ਼ ਦਾ ਭੈਅ)**
**ਆਸੂਦਗੀ ਹਰਫ਼ੀਸਤ (ਸ਼ਬਦਾਂ ਦੀ) ਨਾ ਯਾਂ ਹੈ ਨਾ ਵਹਾਂ ਹੈ।**

ਇਸਤੋਂ ਮੈਂ ਆਪਣੇ ਵੇਲੇ ਦਾ ਕਿਆਸ ਕੀਤਾ। ਇਕ ਜੁੱਟ ਹੋਣ ਦੀ ਹਾਲਤ ਕਿੱਥੇ ਹੈ। ਕਿਤੇ ਨਹੀਂ। ਠੀਕ ਕਿਹਾ ਕਿ ਬੇਫ਼ਿਕਰੀ ਦਾ ਤਾਂ ਬਸ ਨਾਂ ਰਹਿ ਗਿਆ ਹੈ। ਇਹ ਤਾਂ ਉਹੀ ਸੌਦਾ ਵਾਲਾ ਜ਼ਮਾਨਾ ਆ ਗਿਆ ਹੈ। ਨਵੇਂ ਲੁਟੇਰੇ, ਨਵੇਂ ਕੱਜ਼ਾਕ ਡਾਕੂ ਲੁੱਟਦੇ ਹਨ ਜਿਨ ਰਾਤ ਨਗਾਰੇ ਦੀ ਚੋਟ ਤੇ। ਨਫ਼ਰਤ ਦਾ ਬੋਲਵਾਲਾ। ਪਿਆਰ-ਮਹੱਬਤ ਦੇ ਹਰਫ਼ ਗਾਇਬ। ਨਰਮੋ ਨਾਜ਼ੁਕ ਕਲਾਮ (ਸ਼ਾਇਰੀ) ਬੇਅਸਰ। ਕਿਹੀ ਸ਼ਾਇਰੀ, ਕਿੱਥੋਂ ਦੀ ਕਹਾਣੀ ਦਿਲ ਵਿਚ ਖ਼ਸਖ਼ਸ ਦੇ ਦਾਣੇ ਬਰਾਬਰ ਥਾਂ ਨਾ ਪਾਵੇ। ਕਬੀਰ ਹੋਇਆ, ਸੌਦਾ ਨੇ ਤਨਜ਼ ਕੀਤੀ। ਏਧਰ ਕਲਮ ਰੁਕ ਗਈ। ਹੁਣ ਮੈਂਦੁਚਿੱਤੀ ਵਿੱਚ ਹਾਂ ਉਸੇ ਤਰ੍ਹਾਂ ਦੀ ਦੁਚਿੱਤੀ ਜੋ ਦਾਸਤਾਨ, ਕਹਾਣੀਆਂ ਵਿੱਚ ਮੌਕੇ-ਬੇਮੌਕੇ ਮਹਿੰਮਬਾਜ਼ ਸ਼ੁਹਿਜ਼ਾਦੇ ਨੂੰ ਲੈ ਆਉਂਦੀ ਹੈ ਕਿ ਪਿੱਛੇ ਖੂਹ ਅੱਗੇ ਖਾਤਾ। ਫੇਰ ਕੀ ਕੀਤਾ ਜਾਏ ! ਬਸ ਅਚਾਨਕ ਖ਼ਵਾਜਾ ਖ਼ਿਜ਼ਰ ਪ੍ਰਗਟ ਹੁੰਦੇ ਨੇਂ ਕਿ ਮੇਰੀ ਉਂਗਲੀ ਫ਼ੜ ਅਤੇ ਚੱਲ। ਜਾਂ ਕੋਈ ਗ਼ੈਬੀ ਅਵਾਜ਼ ਆਉਂਦੀ ਹੈ ਕਿ ਤਖ਼ਤੀ (ਫੱਟੀ) ਨੂੰ ਪੜ੍ਹ ਅਤੇ ਜੋ ਇਸ ਵਿੱਚ ਲਿਖਿਆ ਹੈ ਉਹਦੇ ਤੇ ਅਮਲ ਕਰ। ਮੇਰੇ ਕੋਲ਼ ਕਿਹੜੀ ਫੱਟੀ ਹੈ? ਹਾਂ ਹਾਂ ਹੈ। ਅਲਿਫ਼ ਲੈਲਾ। ਮੇਰੇ ਕੋਲ ਇਹੀ ਫੱਟੀ ਹੈ। ਫੱਟੀ ਕਹੋ, ਫ਼ਿਕਸ਼ਨ ਦਾ ਰੱਬ ਕਹੋ ਅਤੇ ਇਹ ਹੁਣ ਕਿਹੜੀ ਅਵਾਜ਼ ਆਈ। ਜਿਵੇਂ ਸੁਣੀ ਹੋਈ ਹੋਵੇ। ਉਹ !ਇਹ ਤਾਂ ਅਲਿਫ਼ ਲੈਲਾ ਦੇ ਵਰਕਿਆਂ ਵਿੱਚੋਂ ਆ ਰਹੀ ਹੈ, ਬਿਲਕੁਲ ਸ਼ਹਿਰਜ਼ਾਦ ਦੀ ਅਵਾਜ਼ ਹੈ। ਕੀ ਕਹਿੰਦੀ ਹੈ? ਕੁਝ ਭੀ ਨਹੀਂ ਕਹਿੰਦੀ। ਨਾ ਕੋਈ ਹੁਕਮ ਨਾ ਕੋਈ ਸੁਨੇਹਾ। ਨਾ ਕੋਈ ਫ਼ਲਸਫ਼ਾ ਨਾ ਕੋਈ ਸਿਧਾਂਤ। ਬਸ ਕਹਾਣੀਆਂ ਸੁਣਾਈ ਚਲੀ ਜਾਂਦੀ ਹੈ। ਇਕ ਕਹਾਣੀ ਦੂਜੀ ਕਹਾਣੀ ਤੀਜੀ ਕਹਾਣੀ। ਸਿਲਸਿਲਾ ਟੁੱਟਣ ਵਿੱਚ ਈ ਨਹੀਂ ਆ ਰਿਹਾ। ਐ ਵਜ਼ੀਰਜ਼ਾਦੀ, ਐ ਕਹਾਣੀਆਂ ਕੀ

ਮਲਕਾ ਅਜਿਹੇ ਸਮੇਂ ਤੈਨੂੰ ਕਹਾਣੀਆਂ ਦੀ ਸੁੱਝੀ ਹੈ! ਜਾਨ ਦੀ ਖ਼ੈਰ ਮੰਗ, ਇਹ ਸਾਰਾ ਰਾਤ ਰਾਤ ਦਾ ਖੇਲ ਹੈ। ਸਵੇਰ ਹੋਣ ਤੇ ਤੇਰੀ ਗਰਦਨ ਹੋਵੇਗੀ ਅਤੇ ਜੱਲਾਦ ਦੀ ਤਲਵਾਰ। ਇਹ ਸਿਰ ਵੀ ਉਸੇ ਤਰ੍ਹਾਂ ਕਲਮ ਹੋਏਗਾ। ਜਿਵੇਂ ਪਿਛਲੀਆਂ ਜ਼ੁਲਮ ਦੀਆਂ ਸਵੇਰਾਂ ਵਿੱਚ ਕਿੰਨੀਆਂ ਹੁਸੀਨਾਂ, ਮਹਿਜਬੀਨਾਂ ਦਾ ਤੇਰੇ ਤੋਂ ਪਹਿਲੇ ਹੋ ਚੁੱਕਿਆ ਹੈ। ਸ਼ਹਿਰਯਾਰ ਬਾਦਸ਼ਾਹ ਨੇ ਅਜੀਬ ਢੰਗ ਫੜਿਆ ਸੀ ਕਿ ਰੋਜ਼ ਸ਼ਾਮ ਨੂੰ ਇਕ ਕੁਆਰੀ ਨੂੰ ਮਹਿਲ ਵਿੱਚ ਲਿਆਉਂਦਾ, ਰਾਤ ਉਹਦੇ ਨਾਲ਼ ਬਸਰ ਕਰਦਾ, ਸਵੇਰ ਹੋਣ ਤੇ ਉਸਦਾ ਸਿਰ ਕਲਮ ਕਰਵਾ ਦਿੰਦਾ। ਸ਼ਹਿਰਜ਼ਾਦ ਦੇ ਸਿਰ ਵਿੱਚ ਕਿਹੜਾ ਫੋੜਾ ਨਿਕਲਿਆ ਸੀ ਕਿ ਖ਼ੁਦ ਆਪਣੀ ਮਰਜ਼ੀ ਨਾਲ਼ ਬਾਪ ਨਾਲ਼ ਜ਼ਿਦ ਕਰਕੇ ਡੋਲੀ 'ਚ ਬੈਠੀ, ਉਸ ਮਨਹੂਸ ਮਹਿਲ ਵਿੱਚ ਆ ਵੜੀ। ਆ ਕੇ ਉਹਨੇ ਕੀ ਕੀਤਾ? ਕੁਝ ਭੀ ਨਹੀਂ ਕੀਤਾ। ਬਸ ਕਹਾਣੀ ਸੁਣਾਣੀ ਸ਼ੁਰੂ ਕਰ ਦਿੱਤੀ। ਸੁਹਾਗਰਾਤ ਹੈ ਅਤੇ ਸੱਜ ਵਿਆਹੀ ਪਲੰਘ ਤੇ ਬੈਠੀ ਕਹਾਣੀ ਸੁਣਾ ਰਹੀ ਹੈ। ਰਾਤ ਕਹਾਣੀ ਵਿੱਚ ਗੁਜ਼ਰ ਗਈ। ਜਦੋਂ ਸਵੇਰ ਦਾ ਤਾਰਾ ਝਿਲਮਿਲਾਇਆ ਅਤੇ ਮੁਰਗ਼ੇ ਨੇ ਬਾਂਗ ਦਿੱਤੀ, ਤਾਂ ਸ਼ਹਿਰਜ਼ਾਦ ਬੋਲਦੇ ਬੋਲਦੇ ਚੁੱਪ ਹੋ ਗਈ। ਬਾਦਸ਼ਾਹ ਨੇ ਬੇਚੈਨ ਹੋ ਕੇ ਪੁੱਛਿਆ ,"ਫੇਰ ਕੀ ਹੋਇਆ?" ਬੋਲੀ, "ਹੁਣ ਤਾਂ ਸਵੇਰ ਹੋ ਗਈ। ਕਹਾਣੀ (ਬਾਤ) ਦਿਨ ਵਿੱਚ ਥੋੜਾ ਸੁਣਾਈ ਜਾਂਦੀ ਹੈ! ਕੋਈ ਗ਼ਰੀਬ ਮੁਸਾਫ਼ਰ ਰਸਤੇ ਵਿੱਚ ਹੋਇਆ ਤਾਂ ਰਾਹ ਭੁੱਲ ਜਾਏਗਾ। ਰਾਤ ਹੋ ਜਾਣ ਦਿਓ। ਫੇਰ ਦੱਸਾਂਗੀ ਕਿ ਅੱਗੇ ਕੀ ਹੋਇਆ।"

ਬਾਦਸ਼ਾਹ ਨੇ ਦਿਲ ਵਿਚ ਕਿਹਾ, ਚਲੋ ਇਕ ਰਾਤ ਦੀ ਮੋਹਲਤ ਹੋਰ ਸਹੀ। ਕਹਾਣੀ ਪੂਰੀ ਹੋ ਲੈਣ ਦਿਉ। ਤੇ ਰਾਤ ਆਈ ਤੇ ਸ਼ਹਿਜ਼ਾਦ ਨੇ ਕਹਾਣੀ ਜਿੱਥੋਂ ਛੱਡੀ ਸੀ, ਉਥੋਂ ਸਿਰਾ ਫੜਿਆ ਅਤੇ ਸੁਣਾਣੀ ਸ਼ੁਰੂ ਕਰ ਦਿੱਤੀ। ਪ੍ਰੰਤੂ ਕਹਾਣੀ ਦੇ ਵਿਚਾਲੇ ਈ ਫੇਰ ਸਵੇਰ ਦਾ ਤਾਰਾ ਝਿਲਮਿਲਾਇਆ। ਫੇਰ ਮੁਰਗਾ ਬੋਲ ਪਿਆ 'ਤੇ ਕਹਾਣੀ ਫੇਰ ਇਕ ਨਾਜ਼ਕ ਮੋੜ ਤੇ ਆ ਕੇ ਰੁਕ ਗਈ। ਫੇਰ ਉਹੀ ਸਵਾਲ ਕਿ ਫੇਰ ਕੀ ਹੋਇਆ ਅਤੇ ਫੇਰ ਉਹੀ ਜਵਾਬ ਕਿ ਹੁਣ ਤਾਂ ਮੁਰਗੇ ਨੇ ਬਾਂਗ ਦੇ ਦਿੱਤੀ, ਸਵੇਰਾ ਹੋ ਗਿਆ। ਬਾਕੀ ਜਾਨ-ਅਮਾਨਤ ਰਾਤ ਨੂੰ।

ਏਸੇ ਤਰ੍ਹਾਂ ਰਾਤਾਂ ਲੰਘਦੀਆਂ ਗਈਆਂ ਅਤੇ ਕਹਾਣੀ ਵਿੱਚੋਂ ਕਹਾਣੀ ਨਿਕਲਦੀ ਚਲੀ ਗਈ। ਹਜ਼ਾਰ ਬਾਰ ਸਵੇਰਾ ਹੋਇਆ ਅਤੇ ਹਜ਼ਾਰ ਬਾਰ ਮੁਰਗ਼ੇ ਨੇ ਬਾਂਗ ਦਿੱਤੀ। ਇੱਕ ਹਜ਼ਾਰ ਇੱਕਵੀਂ ਰਾਤ ਨੂੰ ਕਿਤੇ ਜਾ ਕੇ ਕਹਾਣੀ ਖ਼ਤਮ ਹੋਈ। ਪ੍ਰੰਤੂ ਇਸ ਅਰਸੇ ਵਿੱਚ ਬਾਦਸ਼ਾਹ ਦਾ ਕਾਇਆ ਕਲਪ ਹੋ ਚੁੱਕਿਆ ਸੀ। ਕਹਿਣ ਵਾਲ਼ੇ ਦਾ ਭਲਾ, ਸੁਣਨ ਵਾਲ਼ੇ ਦਾ ਭਲਾ। ਸ਼ਹਿਰਜ਼ਾਦ ਦੀ ਜਾਨ ਬਚੀ ਲਾਖੋਂ ਪਾਏ। ਬਾਦਸਾਹ ਨੇ ਔਰਤਾਂ ਦੇ ਕਤਲ ਤੋਂ ਤੋਬਾ ਕੀਤੀ ਅਤੇ ਚੈਨ ਪਾਇਆ।

ਤਾਂ ਇਹ ਸੀ ਅਲਿਫ਼ ਲੈਲਾ ਦੇ ਜਨਮ ਕੀ ਵਜਹ। ਮੈਂ ਸ਼ਹਿਰਜ਼ਾਦ ਦੇ ਭੇਤ ਨੂੰ ਪਾ ਲਿਆ। ਕਹਾਣੀ ਰਾਤ ਨੂੰ ਇਸੇ ਲਈ ਸੁਣਾਈ ਜਾਂਦੀ ਹੈ ਕਿ ਵਰਤ ਕਦੇ ਅਤੇ ਰਾਤ ਟਲ਼ੇ ਮੈਂ ਵੀ ਇਕ ਲੰਮੀ ਰਾਤ ਵਿੱਚ ਸਾਹ ਲੈ ਰਿਹਾ ਹਾਂ। ਇਸ ਰਾਤ ਦਾ ਰਿਸ਼ਤਾ ਸ਼ਹਿਰਜ਼ਾਦ ਦੀਆਂ ਰਾਤਾਂ ਨਾਲ਼ ਮਿਲਦਾ ਹੈ। ਤਾਂ ਫਿਰ ਇਸ ਰਾਤ ਦਾ ਭੀ ਤੋੜ ਏਹੀ ਹੈ ਕਿ ਕਹਾਣੀ ਕਹੀ ਜਾਵੇ। ਜਦ ਤੱਕ ਰਾਤ ਚੱਲੇ ਕਹਾਣੀ ਚੱਲੇ ਅਤੇ ਇਸੇ ਤਰ੍ਹਾਂ ਜਿਵੇਂ ਸ਼ਹਿਰਜ਼ਾਦ ਨੇ ਜਾਣਿਆ ਕੀਤਾ ਸੀ ਯਾਅਨੀ ਦੇਖਿਆ ਕਿ ਆਲ਼ੇ ਦਵਾਲ਼ੇ ਦੀ ਫ਼ਿਜ਼ਾ ਵਿੱਚ ਖ਼ੂਨ ਦੀ ਬੋ ਵਸੀ ਹੋਈ ਹੈ। ਇਨਸਾਨੀ ਜਾਨਾਂ ਦੀ ਕੋਈ ਕੀਮਤ ਨਹੀਂ ਰਹੀ। ਕਤਲ ਨੇ, ਦਹਿਸ਼ਤ ਅਤੇ ਖ਼ੌਫ਼ ਦਾ ਸਮਾਂ ਹੈ। ਤਦੋਂ ਉਹਨੇ ਆਲੇ-ਦੁਆਲੇ ਤੋਂ ਜ਼ਿਹਨੀ ਬੇਤੱਲਕੀ ਦਾ ਰਵੱਈਆ ਆਪਣਾਇਆ ਅਤੇ ਕਹਾਣੀਆਂ ਦੀ ਅਜਿਹੀ ਦੁਨੀਆਂ ਵਿੱਚ ਜਾ ਨਿਕਲ਼ੀ ਜਿਹਦੀ ਫ਼ਿਜ਼ਾ ਪ੍ਰਤੱਖ ਤੇ ਠੋਸ ਮੌਜੂਦਗੀ ਤੋਂ ਬਿਲਕੁਲ ਉਲ਼ੱਟ ਸੀ। ਮੈਂ ਸੋਚਿਆ, ਚਲੋਂ ਅਸੀਂ ਭੀ ਏਸੇ ਰਾਹ ਤੇ ਚੱਲਦੇ ਹਾਂ ਤੇ ਇਸ ਦੁਨੀਆਂ ਵਿੱਚ ਨਿੱਕਲ ਪੈਂਦੇ ਹਾਂ ਜਿੱਥੇ ਬਸ ਰਾਤ ਸੀ 'ਤੇ ਕਹਾਣੀ ਸੀ। ਦਾਸਤਾਨਾਂ, ਕਥਾਵਾਂ, ਕਹਾਣੀਆਂ। ਗੁਲ (ਗੁਲਾਬ ਦਾ ਫੁੱਲ) ਨੇ ਸਨੋਬਰ (ਸਰੂ ਦਾ ਬੂਟਾ) ਦੇ ਨਾਲ਼ ਕੀ ਕੀਤਾ? ਹੁਸਨਬਾਨੋ ਨੇ ਹਾਤਿਮ ਨਾਲ਼ ਕੀ ਕੀ ਸਵਾਲ ਕੀਤਾ 'ਤੇ ਹਾਤਿਮ ਕੀ ਕੀ ਜਵਾਬ ਲਿਆਇਆ? ਦਿਓ ਦੇ ਕਿਲੇ ਵਿੱਚ ਕੈਦ ਸ਼ਹਿਜ਼ਾਦੀ ਸ਼ਹਿਜ਼ਾਦੇ ਨੂੰ ਵੇਖ ਕੇ ਕਿਉਂ ਰੋਈ ਤੇ ਕਿਉਂ ਹੱਸੀ? ਕੁਲੈਲਾ ਨੇ ਦਮਨਾ ਨੂੰ ਕੀ ਨਸੀਹਤ ਕੀਤੀ 'ਤੇ ਦਮਨਾ ਨੇ ਉਸਦਾ ਕੀ ਜਵਾਬ ਦਿੱਤਾ? ਜਿੰਨੇ ਸਵਾਲ ਉਨੀਆਂ ਕਹਾਣੀਆਂ। ਹਰ ਕਹਾਣੀ ਮੁਸੀਬਤਾਂ



ਭਰੇ ਸਫ਼ਰ ਦੀ ਬਿਪਤਾ। ਝਾਕ ਕੇ ਬਾਹਰ ਵੇਖਿਆ। ਅੱਛਾ, ਫ਼ਿਤਨੇ (ਅਜ਼ਮਾਇਸ਼, ਫ਼ਸਾਦ) ਦੀ ਧੂੜ ਫੱਕਦਾ, ਸ਼ਹਿਰ ਸ਼ਹਿਰ ਘੁੰਮਦਾ ਖ਼ਸਤਾਹਾਲ ਇਕ ਨਿਰਾਲੇ ਹੀ ਸ਼ਹਿਰ ਜਾ ਵੜਿਆ। ਵੇਖਿਆ ਕਿ ਇਕ ਉੱਚਾ-ਲੰਮਾ ਕਿਲਾ ਹੈ ਜਿਹਦੇ ਕਿੰਗਰੇਂ ਅਸਮਾਨ ਨਾਲ਼ ਗੱਲਾਂ ਕਰਦੇ ਹਨ, ਕਿੰਨੀਆਂ ਈ ਖੋਪੜੀਆਂ ਉਹਨਾਂ ਕਿੰਗਰਿਆਂ ਤੇ ਲਟਕੀਆਂ ਹੋਈਆਂ ਨੇ। ਇਹ ਵੇਖਕੇ ਹੈਰਾਨ -ਪ੍ਰੇਸ਼ਾਨ ਹੋਇਆ। ਤੁਰਦਿਆਂ ਤੁਰਦਿਆਂ ਇਕ ਬਜ਼ੁਰਗ ਦੀ ਸੂਰਤ ਨਜ਼ਰ ਆਈ। ਛੇਤੀ ਨਾਲ਼ ਕਿਲਾ ਕੇਹਾ ਹੈ ਜਿਹਦੇ ਕਿੰਗਰਿਆਂ ਤੇ ਸਿਰ ਲਟਕੇ ਹੋਏ ਨੇਂ? ਜਿਹਨਾਂ ਦੇ ਸਿਰ ਕਲਮ ਹੋਏ ਉਹ ਕੌਣ ਸਨ? ਜਿਹਨੇ ਕਲਮ ਕੀਤੇ ਉਹ ਜ਼ਾਲਮ ਕੌਣ ਹੈ ? ਬਜ਼ੁਰਗ ਨੇ ਉਸਨੂੰ ਸਿਰ ਤੋਂ ਪੈਰਾਂ ਤੀਕ ਗਹੁ ਨਾਲ ਵੇਖਿਆ। ਫਿਰ ਇੰਜ ਬੋਲਿਆ ਕਿ ਐ ਜਵਾਨ ! ਤੂੰ ਇਸ ਸ਼ਹਿਰ ਵਿੱਚ ਨਵਾਂ ਆਇਆ ਏਂ । ਤੇਰੀ ਮਾੜੀ ਕਿਸਮਤ ਤੈਨੂੰ ਇਸ ਸ਼ਹਿਰ ਵਿੱਚ ਲੈ ਆਈ ਹੈ। ਆਪਣੀ ਜਵਾਨੀ ਤੇ ਰਹਿਮ ਖਾ 'ਤੇ ਫ਼ੌਰਨ ਏਥੋਂ ਨਿੱਕਲ ਜਾ। ਇਹ ਸ਼ਹਿਰ ਕੈਮੂਸ ਹੈ। ਇਹ ਕਿਲਾ ਸ਼ਾਹ ਕੈਮੂਸ ਦਾ ਹੈ ਕਿ ਉਸਦੀ ਧੀ ਬਦ ਅਖ਼ਤਰ ਵਰ ਪ੍ਰਾਪਤ ਹੈ। ਅਜਿਹਾ ਹੁਸਨ ਪਾਇਆ ਕਿ ਦੁਨੀਆ ਦੇ ਸੱਤਾਂ ਪਰਦਿਆਂ ਵਿੱਚ ਉਹਦਾ ਜਵਾਬ ਨਹੀਂ। ਪ੍ਰੰਤੂ ਆਪਣੇ ਉਮੀਦਵਾਰਾਂ ਦੇ ਲਈ ਕਠੋਰ ਦਿਲ ਹਰ ਉਮੀਦਵਾਰ ਨੂੰ ਸਵਾਲ ਪੁੱਛਦੀ ਹੈ ਕਿ ਗ਼ਲ ਸਨੋਬਰ ਦੇ ਨਾਲ਼ ਕੀ ਕਰ ਰਿਹਾ ਹੈ? ਸ਼ਰਤ ਲਾ ਰੱਖੀ ਹੈ ਕਿ ਉਮੀਦਵਾਰ ਦੇ ਲਈ ਇਸ ਸਵਾਲ ਦਾ ਜਵਾਬ ਲਾਜ਼ਮੀ ਹੈ। ਸਹੀ ਜਵਾਬ ਦੇ ਦਿੱਤਾ ਤਾਂ ਉਹਨੂੰ ਆਪਣਾ ਸਿਰਤਾਜ ਬਣਾਵਾਂਗੀ। ਨਾ ਕੇ ਸਕਿਆ ਤਾਂ ਸਿਰ ਕਲਮ ਕਰਾ ਕੇ ਕਿਲੇ ਦੇ ਕਿੰਗਰੇ ਤੇ ਲਟਕਾਵਾਂਗੀ। ਕਿਲੇ ਦੀ ਡਿਓਢੀ ਵਿੱਚ ਸੁਨਹਿਰੀ ਡਗਾ ਅਤੇ ਟੰਮਕ ਰੱਖਿਆ ਹੋਇਆ ਹੈ। ਕਿੰਨੇ ਈ ਸ਼ਹਿਜਾਦੇ ਆਏ। ਉਹਨਾਂ ਨੇ ਟੰਮਕ ਤੇ ਡਗਾ ਲਾਇਆ। ਸ਼ਹਿਜ਼ਾਦੀ ਸਾਹਮਣੇ ਉਹਨਾਂ ਨੂੰ ਪੇਸ਼ ਕੀਤਾ ਗਿਆ। ਉਹੀ ਇੱਕੋ ਸਵਾਲ ਗੁਲ ਬਾ ਸਨੋਬਰ ਚਾ ਕਰਦਾ ? ਹੁਣ ਤੀਕ ਤਾਂ ਕਿਸੇ ਕੋਲੋਂ ਵੀ ਜਵਾਬ ਦਿੱਤਾ ਨਹੀਂ ਗਿਆ। ਬਸ, ਇਹ ਉਹਨਾਂ ਦੀਆਂ ਈ ਖੋਪੜੀਆਂ ਨੇ ਜੋ ਤੂੰ ਕਿੰਗਰਿਆਂ ਤੇ ਲਟਕਦੀਆਂ ਵੇਖਦਾ ਏਂ।

ਸ਼ਹਿਜ਼ਾਦੇ ਨੇ ਅੱਗਾ ਵੇਖਿਆ ਨਾ ਪਿੱਛਾ। ਟੰਮਕ ਵੱਲ ਅਹੁਲਿਆ। ਬਜ਼ੁਰਗ ਚੀਕਦਾ-ਚਿੱਲਾਂਦਾ ਰਹਿ ਗਿਆ ਕਿ ਹਾਏ ਇਹ ਕੀ ਕਰਦਾ ਹੈ? ਕਿਉਂ ਆਪਣੀ ਹੀਰੇ ਵਰਗੀ ਜਾਨ ਗੁਆਉਂਦਾ ਹੈ। ਉਹਨੇ ਕੋਈ ਨਾ ਸੁਣੀ। ਟੰਮਕ ਤੇ ਅਜਿਹੀ ਚੋਟ ਮਾਰੀ ਕਿ ਸਾਰਾ ਸ਼ਹਿਰ ਗੂੰਜ ਉੱਠਿਆ। ਸ਼ਹਿਰ ਵਾਸੀਆਂ ਨੇ ਦੁਹਾਈ ਦਿੱਤੀ ਕਿ ਇਕ ਹੋਰ ਜਾਨ ਗਈ। ਇਕ ਹੋਰ ਸਿਰ ਕਲਮ ਹੋਣ ਦੀ ਵਾਰੀ ਆਈ। ਪ੍ਰੰਤੂ ਇਹ ਕੀ ਹੋਇਆ? ਅਚਾਨਕ ਰੋਣ ਪਿੱਟਣ, ਚੀਕਣ-ਚਿੱਲਾਣ ਦੀਆਂ ਆਵਾਜ਼ਾਂ ਆਉਣ ਲੱਗੀਆਂ। ਰੱਬ ਖ਼ੈਰ ਕਰੇ, ਇਹ ਕੇਹਾ ਸ਼ੋਰ ਹੈ! ਕਿਵੇਂ ਦੀ ਕਹਾਣੀ, ਕਿੱਥੋਂ ਦੀ ਗੁਲ ਸਨੋਬਰ। ਮੁਹੱਲੇ ਵਿੱਚ ਤਾਂ ਕਿਆਮਤ ਮਚੀ ਹੋਈ ਹੈ। ਐ ਭਾਈ ਕੀ ਹੋਇਆ? ਦਹਿਸ਼ਤਗਰਦ ? ਉਏ ਕੀ ਕਹਿੰਦੇ ਹੋ? ਦਹਿਸ਼ਤਗਰ ਏਥੇ ਕਿੱਥੋਂ ਆ ਗਏ? ਬਸ ਆ ਗਏ ਠਾਠੇ ਬੰਨ੍ਹੀ, ਏ. ਕੇ.-47 ਤਾਣ ਮਸਜਿਦ ਵਿੱਚ ਆ ਧਮਕੇ। ਠਾਹ ਠਾਹ। ਪਲ ਦੇ ਪਲ ਵਿੱਚ ਕਿੰਨੇ ਨਮਾਜ਼ੀ ਖ਼ੂਨ ਵਿੱਚ ਲਥਪੱਥ ਮਸਜਿਦ ਦੇ ਵਿਹੜੇ ਵਿੱਚ ਤੜਫਣ ਲੱਗੇ। ਸੁਣਨ ਵਾਲੇ ਦਹਿਲ ਗਏ। ਮੇਰੇ ਹੋਸ਼ ਗ਼ਾਇਬ, ਦਿਮਾਗ਼ ਵਿੱਚ ਖ਼ਲਲ। ਇਕ ਬਜ਼ੁਰਗ ਨੇ ਠੰਢਾ ਸਾਹ ਭਰਿਆ। "ਕੇਹਾ ਜ਼ਮਾਨਾ ਆ ਗਿਆ ਏ! ਮੁਸਲਮਾਨ ਮੁਸਲਮਾਨਾਂ ਦਾ ਖ਼ੂਨ ਬਹਾ ਰਹੇ ਨੇ 'ਤੇ ਰੱਬ ਦੇ ਘਰ ਵਿੱਚ ਆ ਕੇ। "

ਦੂਜੇ ਬਜ਼ੁਰਗ ਨੇ ਦਾੜ੍ਹੀ ਤੇ ਹੱਥ ਫੇਰਿਆ, "ਮੈਂ ਨਹੀਂ ਮੰਨਦਾ ਕਿ ਇਹ ਮੁਸਲਮਾਨ ਸਨ। ਮੁਸਲਮਾਨ ਮੁਸਲਮਾਨ ਤੇ ਗੋਲ਼ੀ ਨਹੀਂ ਚਲਾ ਸਕਦਾ ਤੇ ਫੇਰ ਰੱਬ ਦੇ ਘਰ ਵਿੱਚ!"

"ਫੇਰ ਕੌਣ ਸਨ? " ਇਕ ਨੌਜਵਾਨ ਨੇ ਗੁੱਸੇ ਵਿੱਚ ਕਿਹਾ।

"ਦੁਸ਼ਮਣ ਦੇ ਏਜੰਟ।" ਦੂਜੇ ਬਜ਼ੁਰਗ ਨੇ ਯਕੀਨ ਨਾਲ ਕਿਹਾ।

"ਮੌਲਾਨਾ।" ਨੌਜਵਾਨ ਗੁੱਸੇ ਵਿੱਚ ਕੰਬਣ ਲੱਗਾ, "ਕਦੋਂ ਤੱਕ ਅਜਿਹੀਆਂ ਗੱਲਾਂ ਕਰਕੇ ਆਪਣੇ ਆਪ ਨੂੰ ਧੋਖਾ ਦਿਉਗੇ ?" ਫਿਰ ਰੁਕ ਕੇ ਬੋਲਿਆ, "ਮੁਸਲਮਾਨ ਮੁਸਲਮਾਨ ਤੇ ਗੋਲ਼ੀ ਨਹੀਂ

ਚਲਾ ਸਕਦਾ। ਤੁਸਾਂ ਸ਼ਾਇਦ ਮੁਸਲਮਾਨਾਂ ਦੀ ਤਾਰੀਖ਼ ਨਹੀਂ ਪੜ੍ਹੀ ਏ? ”

“ਹਾਂ ਹੁਣ ਕੱਲ੍ਹ ਦੇ ਛੋਕਰੇ ਸਾਨੂੰ ਸਾਡੀ ਤਾਰੀਖ਼ ਪੜ੍ਹਾਉਣਗੇ।”

ਇਸ ਬਹਿਸ ਨੇ ਮੇਰੇ ਦਿਮਾਗ਼ ਨੂੰ ਹੋਰ ਪ੍ਰੇਸ਼ਾਨ ਕਰ ਦਿੱਤਾ। ਮੈਂ ਉਲਟੇ ਪੈਰੀਂ ਘਰ ਆਇਆ। ਕੀ ਕਰਾਂ ਕੁਝ ਸਮਝ ਵਿੱਚ ਨਹੀਂ ਸੀ ਆ ਰਿਹਾ। ਦਿਮਾਗ਼ ਪ੍ਰਸ਼ੇਨ ਸੀ, ਤਬੀਅਤ ਬੇਚੈਨ। ਮੇਲ-ਮਿਲਾਪ ਦੀ ਕੋਈ ਥਾਂ ਹੀ ਕਿੱਥੇ ਹੈ। ਮਹੀਨਿਆਂ ਇਹੋ ਹਾਲਤ ਰਹੀ। ਕਹਾਣੀ ਦਾ ਖ਼ਿਆਲ ਹਿਰਨ ਹੋ ਚੁੱਕਿਆ ਸੀ। ਫੇਰ ਦਿਲ ਕੀਤਾ ਵੀ ਤਾਂ ਇਸ ਤਰ੍ਹਾਂ ਕਿ ਗੁਲ ਤੇ ਸਨੋਬਰ ਦੇ ਕਿੱਸੇ ਤੋਂ ਮੈਨੂੰ ਡਰ ਆਉਣ ਲੱਗਾ। ਮੈਂ ਸੋਚੀਂ ਪੈ ਗਿਆ ਕਿ ਆਖ਼ਰ ਏਸੇ ਕਹਾਣੀ ਵੱਲ ਮੇਰਾ ਧਿਆਨ ਕਿਉਂ ਗਿਆ? ਕਿਉਂ ਲਿਖਣ ਵਾਲ਼ੇ ਲਈ ਮੈਂ ਏਸੇ ਕਹਾਣੀ ਨੂੰ ਚੁਣਿਆ ਜਿੱਥੇ ਇਕ ਸ਼ਹਿਜਾਦੀ ਦਹਿਸ਼ਤਗਰਦ ਬਣੀ ਬੈਠੀ ਹੈ। ਜਿਹੜਾ ਨੌਜਵਾਨ ਪਿਆਰ ਦੇ ਜਜ਼ਬੇ ਵਿੱਚ ਸਰਸ਼ਾਰ ਹੋ ਕੇ ਉਹਦੇ ਸਾਹਮਣੇ ਸਿਰ ਝੁਕਾਉਂਦਾ ਹੈ, ਇਹ ਉਸਦਾ ਸਿਰ ਕਲਮ ਕਰ ਦਿੰਦੀ ਹੈ। ਕੀ ਇਹਦਾ ਅਰਥ ਇਹ ਹੈ ਕਿ ਅਸੀਂ ਪੁਰਾਣੇ ਸਮੇਂ ਵੱਲ ਵੀ ਜਾਂਦੇ ਹਾਂ ਤਾਂ ਆਪਣੇ ਦੌਰ ਦੇ ਅੰਗਿਆਰੇ ਨਾਲ਼ ਲੈ ਕੇ ਜਾਂਦੇ ਹਾਂ। ਜਾਂ ਇਹ ਮੇਰੀ ਕਮਜ਼ੋਰੀ ਸੀ ਕਿ ਮੈਂ ਆਪਣੇ ਜ਼ਮਾਨੇ ਦੀ ਹਿੰਸਾ ਭਰੀ ਫ਼ਿਜ਼ਾ ਤੋਂ ਰੱਸਾ ਤੁੜਾਕੇ ਪੁਰਾਣੀਆਂ ਕਹਾਣੀਆਂ ਦੇ ਜਹਾਨ ਵਿੱਚ ਚੈਨ ਲੱਭਣਾ ਚਾਹਿਆ, ਪ੍ਰੰਤੂ ਇਹਦੇ ਤੇ ਧਿਆਨ ਨਹੀਂ ਦਿੱਤਾ ਕਿ ਮੇਰੇ ਜ਼ਮਾਨੇ ਦੇ ਅੰਗਿਆਰੇ ਵੀ ਮੇਰੀ ਜ਼ਾਤ ਨਾਲ ਚੰਬੜੇ-ਲਿਪਟੇ ਮੇਰੇ ਨਾਲ਼ ਉਥੇ ਪਹੁੰਚ ਗਏ ਹਨ। ਮੈਂ ਫਿਰ ਸ਼ਹਿਰਜ਼ਾਦ ਨੂੰ ਯਾਦ ਕੀਤਾ। ਉਹਨੇ ਕਿੰਨੇ ਕਮਾਲ ਨਾਲ਼ ਆਪਣੇ ਦਿਲ-ਦਿਮਾਗ਼ ਨੂੰ ਆਪਣੀ ਆਲੇ ਦਵਾਲੇ ਦੀ ਹਿੰਸਾ ’ਤੇ ਦਹਿਸ਼ਤ ਦੀ ਫ਼ਿਜ਼ਾ ਤੋਂ ਅਜ਼ਾਦ ਕੀਤਾ ਸੀ ਅਤੇ ਜਿਸ ਤਰ੍ਹਾਂ ਆਪਣੇ ਜ਼ਾਤ ਤੋਂ ਆਪਣੀਆਂ ਕਹਾਣੀਆਂ ਨੂੰ ਅਲੱਗ ਕੀਤਾ ਸੀ ਕਿ ਉਹਦੀਆਂ ਸੁਣਾਈਆਂ ਹੋਈਆਂ ਕਹਾਣੀਆਂ ਨੂੰ ਪੜ੍ਹਦਿਆਂ ਇਹ ਅੰਦਾਜ਼ਾ ਤੱਕ ਨਹੀਂ ਲੱਗਦਾ (ਸ਼ੱਕ ਤੱਕ ਨਹੀਂ ਪੈਂਦਾ) ਕਿ ਇਹ ਅਜਿਹੀ ਸ਼ਖ਼ਸੀਅਤ ਦੀ ਪੈਦਾਵਾਰ ਹਨ ਜਿਹਦੀ ਮੌਤ ਚੰਦ ਘੜੀਆਂ ਦੇ ਫ਼ਾਸਲੇ ਤੇ ਖੜੀ ਉਹਦੀ ਉਡੀਕ ਕਰ ਰਹੀ ਹੈ। ਪਤਾ ਨਹੀਂ, ਇਹ ਸ਼ਹਿਰਜ਼ਾਦ ਦਾ ਕਮਾਲ ਸੀ ਜਾਂ ਉਹਨਾਂ ਦਾਸਤਾਨਗੋਆਂ ਦਾ ਜਿਹਨਾਂ ਦੀ ਸਾਂਝੀ ਕਲਪਨਾ ਨੇ ਇਸ ਬੇਮਿਸਾਲ ਕਿਰਦਾਰ ਨੂੰ ਜਨਮ ਦਿੱਤਾ ਸੀ। ਉਹ ਦਾਸਤਾਨਗੋ ਕੌਣ ਸਨ, ਉਹਨਾਂ ਦਾ ਤਾਂ ਸਾਨੂੰ ਪਤਾ ਨਹੀਂ। ਮੇਰੇ ਲਈ ਤਾਂ ਸ਼ਹਿਰਜ਼ਾਦ ਹੀ ਅਲਿਫ਼ ਲੈਲਾ ਦਾ ਕੇਂਦਰੀ ਕਿਰਦਾਰ ਵੀ ਹੈ ਤੇ ਅਲਿਫ਼ ਲੈਲਾ ਦੀ ਰਚਨਾਕਾਰ ਵੀ। ਗ਼ਾਲਿਬ ਨੇ ਆਪਣੇ ਖ਼ਤਾਂ ਵਿੱਚ ਕਿੱਧਰੇ ਕਿਹਾ ਹੈ ਕਿ ਸ਼ਾਇਰ ਦੀ ਆਖਰੀ ਹੱਦ ਇਹ ਹੈ ਕਿ ਫ਼ਿਰਦੌਸੀ ਬਣ ਜਾਏ। ਮੇਰੇ ਹਿਸਾਬ ਨਾਲ ਕਹਾਣੀਕਾਰ ਦੀ ਆਖਰੀ ਹੱਦ ਇਹ ਹੈ ਕਿ ਸ਼ਹਿਰਜ਼ਾਦ ਬਣ ਜਾਏ।

ਖ਼ੈਰ ! ਤੇ ਮੈਂ ਸ਼ਹਿਰਜ਼ਾਦ ਤੋਂ ਸਨਦ (ਤਸਦੀਕਨਾਮਾ) ਲੈ ਕੇ ਫੇਰ ਕਹਾਣੀ ਵੱਲ ਰੁਖ ਕੀਤਾ। ਇਸ ਵਾਰੀ ਫ਼ੈਸਲਾ ਕੀਤਾ ਕਿ ਆਪਣੇ ਜ਼ਮਾਨੇ ਤੋਂ ਬਾਹਰ ਨਹੀਂ ਜਾਵਾਂਗਾ, ਪ੍ਰੰਤੂ ਆਪਣੇ ਸਮਿਆਂ ਦੇ ਅੰਗਿਆਰਾਂ ਨੂੰ ਨੇੜੇ ਨਹੀਂ ਫੜਕਣ ਦੇਵਾਂਗਾ। ਡੇਢ ਦੋ ਕਹਾਣੀਆਂ ਲਿਖ ਚੁੱਕਿਆ ਤਾਂ ਇਕ ਦਾਨਸ਼ਵਰ ਦੋਸਤ ਨੇ ਤਾਅਨਾ ਮਾਰਿਆ ਕਿ ਖ਼ੂਬ ਕਹਾਣੀਕਾਰ ਹੋ, ਅਫ਼ਗਾਨਿਸਤਾਨ ਵਿੱਚ ਬੰਬ ਵਰ੍ਹ ਰਹੇ ਨੇ, ਪਾਕਿਸਤਾਨ ਦੀਆਂ ਸਰਹੱਦਾਂ ਤੇ ਖ਼ਤਰੇ ਮੰਡਰਾ ਰਹੇ ਨੇ, ਦੁਨੀਆਂ ਦੇ ਸਨਾਯੂਤੰਤਰ ਤੇ ਦਹਿਸ਼ਤਗਰਦ ਸਵਰ ਨੇ ’ਤੇ ਤੁਸੀਂ ਏਥੇ ਬੈਠੇ ਚਿੜੀ ਚਿੜੇ ਕੀ ਕਹਾਣੀ ਲਿਖ ਰਹੇ ਹੋ ! ਇਹ ਭਗੌੜਾਪਣ ਨਹੀਂ ਹੈ ਤਾਂ ਕੀ ਹੈ? ਇਸ ਪ੍ਰਤੀਕ੍ਰਮ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ ਜਾਣੀ ਕਿ ਵਰਤਮਾਨ ਦੀਆਂ ਹਲਚਲਾਂ ਤੋਂ ਬਿਲਕੁਲ ਬੇਗਾਨਗੀ ਪੈਦਾ ਕਰਕੇ ਲਿਖਣ ਦੀ ਮੇਰੀ ਕੋਸ਼ਿਸ਼ ਕਾਮਯਾਬ ਹੋਈ। ਇਸੇ ਅਫ਼ਰ-ਤਫ਼ਰੀ ਵਿੱਚ ਮੈਨੂੰ ਮੁਨੀਰ ਨਿਆਜ਼ੀ ਦੀ ਇਕ ਨਜ਼ਮ ਯਾਦ ਆਈ। ਉਸਦਾ ਸਿਰਲੇਖ ਹੈ-

**‘ਜੰਗ ਕੇ ਸਾਏ ਮੇਂ ਜ਼ਮੀਨ ਕੀ ਜੰਨਤ ਕਾ ਖ਼ਵਾਬ’ ਨਜ਼ਮ ਇੰਜ ਹੈ-**

**ਕਭੀ ਜਾਮੁਨ ਕੀ ਸ਼ਾਖੋਂ ਮੇਂ**
**ਕਭੀ ਫ਼ਰਸ਼ੇ- ਜਮੁੱਰਦ (ਧਰਤ ਹਰਿਆਵਲੀ) ਪਰ**
**ਯੇ ਗੁਲਦੁਮ (ਬੁਲਬੁਲ) ਗਾ ਰਹੀ ਹੈ ਰਾਗਿਨੀ ਅਹਿਦੇ-ਮੁਹੱਬਤ ਕੀ**
**ਖੁਲੀ ਚਟਿਅਲ ਜ਼ਮੀਨੋਂ ਸੇ**



**ਗ਼ੁਬਾਰੇ-ਸ਼ਾਮ (ਘੁਸਮੁਸੇ) ਮੇਂ ਉਡਤੀ**
**ਸਦਾਏਂ ਘਰ ਮੇਂ ਵਾਪਸ ਆ ਰਹੇ ਮਸਰੂਰ (ਪ੍ਰਸੰਨ) ਲੋਗੋਂ ਕੀ**
**ਉਫ਼ਕ ਤਕ ਖੇਤ ਸਰਸੋਂ ਕੇ**
**ਗ਼ੁਲਾਬ ਔਰ ਸਬਜ਼ ਗੰਦੁਮ ਕੇ**
**ਹਵੇਲੀ ਕੇ ਸ਼ਜਰ, ਪੁਰਸ਼ੋਰ ਚਿੜੀਉਂ ਕੇ ਚਹਕਨੇ ਕਾ**
**ਅਜਬ ਹੈਰਾਨੀਆਂ ਸੀ ਹੈਂ**
**ਮਕਾਨੋਂ ਔਰ ਮਕੀਨੋਂ (ਬਸਿੰਦੇ) ਮੇਂ**
**ਕਿ ਮੌਸਮ ਆ ਰਹਾ ਹੈ ਗਾਂਵ ਕੇ ਜੰਗਲ ਮਹਕਨੇ ਕਾ**

ਇਸ ਨਜ਼ਮ ਵਿੱਚ ਜੰਗ ਕਿੱਥੇ ਹੈ? ਜੰਗ ਵੱਲ ਕੋਈ ਇਸ਼ਾਰਾ ਕੁਝ ਭੀ ਨਹੀਂ। ਪ੍ਰੰਤੂ ਏਸੇ ਵਿੱਚ ਹੀ ਤਾਂ ਨਜ਼ਮ ਦੀ ਸਫਲਤਾ ਦਾ ਭੇਤ ਹੈ। ਭਾਵ ਇਹ ਕਿ ਏਥੇ ਰਚਨਾਤਮਕ ਜ਼ਿਹਨ ਨੇ ਜੰਗ ਦੇ ਖ਼ਿਆਲ ਦੇ ਅਧੀਨ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਜਾਣੀ ਕਿ ਇਹ ਜੰਗ ਦੇ ਟਾਕਰੇ ਤੇ ਰਚਨਾਤਮਕ (ਤਖ਼ਲੀਕੀ) ਜ਼ਿਹਨ ਦੀ ਜਿੱਤ ਦਾ ਐਲਾਨ ਹੈ।

ਮੈਂ ਮੁਨੀਰ ਨਿਆਜ਼ੀ ਨੂੰ ਦਾਦ ਦੇਣ ਦੇ ਨਾਲ਼ ਨਾਲ਼ ਆਪਣੇ ਆਪ ਨੂੰ ਵੀ ਚਿੜੀ ਚਿੜੇ ਦੀ ਕਹਾਣੀ ਤੇ ਦਾਦ ਦੇਣ ਲੱਗਿਆ ਸਾਂ ਕਿ ਇਕ ਪਾਠਕ ਨੇ ਇਸ ਕਹਾਣੀ ਦਾ ਕੁਝ ਹੋਰ ਹੀ ਅਰਥ ਕੱਢ ਮਾਰਿਆ। ਉਹਨੇ ਇਸ ਨੂੰ ਚਿੰਨਾਤਮਕ ਕਹਾਣੀ ਦੇ ਤੌਰ ਤੇ ਪੜ੍ਹਿਆ ’ਤੇ ਉਹਦੇ ਵਿੱਚ ਸਾਡੇ ਅਜੋਕੇ ਸਮੇਂ ਦੀ ਮਨੋਦਿਸ਼ਾ ਦਾ ਅਕਸ ਵੇਖ ਲਿਆ। ਕਹਾਣੀ ਦੀ ਇਸ ਵਿਆਖਿਆ ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ। ਮੇਰੀ ਤਾਂ ਸਾਰੀ ਮਿਹਨਤ ਤੇ ਪਾਣੀ ਫਿਰ ਗਿਆ। ਇਹਦਾ ਅਰਥ ਤਾਂ ਇਹ ਹੋਇਆ ਕਿ ਆਪਣੇ ਮੌਜੂਦਾ ਸਮੇਂ ਦੇ ਅੰਗਿਆਰ ਕਹਾਣੀ ਵਿੱਚ ਫੇਰ ਰਾਹ ਬਣਾ ਗਏ ਸਨ। ਮੈਂ ਤਾਂ ਸਮਝ ਰਿਹਾ ਸੀ ਕਿ ਆਖਰਕਾਰ ਫ਼ਰਾਰੀ ਕਹਾਣੀ ਲਿਖਣ ਵਿੱਚ ਕਾਮਯਾਬ ਹੋ ਗਿਆ ਹਾਂ। ਜੇਕਰ ਭਗੌੜਾਪਣ ਆਪਣਾ ਕੇ ਕਹਾਣੀ ਨੂੰ ਬਚਾਇਆ ਜਾ ਸਕਦਾ ਹੈ ਤਾਂ ਇਹ ਕੋਈ ਮਹਿੰਗਾ ਸੌਦਾ ਨਹੀਂ। ਪਰੰਤੂ ਜੇਕਰ ਉਸ ਪਾਠਕ ਨੇ ਉਸ ਕਹਾਣੀ ਨੂੰ ਇਸ ਤਰ੍ਹਾਂ ਸਮਝਿਆ ਹੈ ਤਾਂ ਇਹਦਾ ਅਰਥ ਇਹ ਹੋਇਆ ਕਿ ਹੁਣ ਭਾਵੇਂ ਲੱਖ ਜ਼ਮਾਨੇ ਤੋਂ ਦੌੜੋ ਜ਼ਮਾਨਾ ਤੁਹਾਡਾ ਪਿੱਛਾ ਨਹੀਂ ਛੱਡੇਗਾ। ਸੱਤ ਪਰਦਿਆਂ ਵਿੱਚ ਲੁਕ ਕੇ ਭੀ ਕਹਾਣੀ ਲਿਖੋਗੇ ਤਾਂ ਵੀ ਜ਼ਮਾਨੇ ਦੇ ਅੰਗਿਆਰ ਉੱਥੇ ਅੱਪੜ ਕੇ ਕਹਾਣੀ ਨੂੰ ਆਂਚ ਦੇਣਗੇ।

ਮੈਂ ਇਕ ਵਾਰ ਫੇਰ ਸ਼ਹਿਰਜ਼ਾਦ ਵੱਲ ਪਰਤਿਆ, ਹੋਰ ਕਿਹਦੇ ਵੱਲ ਵੇਖਾਂ, ਕਿਹਨੂੰ ਪੁੱਛਾਂ? ਕਹਾਣੀ ਦੀ ਆਖ਼ਰੀ ਹੱਦ ਤਾਂ ਸ਼ਹਿਰਜ਼ਾਦ ਹੀ ਹੈ। ਸ਼ਾਇਰ ਦੀ ਆਖ਼ਰੀ ਹੱਦ ਹੈ ਕਿ ਫ਼ਿਰਦੌਸੀ ਹੋ ਜਾਏ। ਕਹਾਣੀਕਾਰ ਦੀ ਇੰਤਹਾ ਹੈ ਕਿ ਸ਼ਹਿਰਜ਼ਾਦ ਬਣ ਜਾਏ। ਏਸ ਇੰਤਹਾ ਆਖ਼ਰੀ ਹੱਦ ਨੂੰ ਹੋਰ ਕਿਸ ਨੇ ਵੇਖਿਆ ਹੈ। ਮੈਂ ਕੀ ਖਾ ਕੇ ਇਸ ਸਿਖਰ ਨੂੰ ਪਹੁੰਚਾਂਗਾ। ਪ੍ਰੰਤੂ ਇੱਛਾ ਕਰਨ ਵਿੱਚ ਕੀ ਹਰਜ ਹੈ। ਤੇ ਫਿਰ ਇਸੇ ਇਰਾਦੇ ਨਾਲ਼ ਕਹਾਣੀ ਲਿਖਣ ਲਈ ਬੈਠ ਜਾਂਦਾ ਹਾਂ। ਪ੍ਰੰਤੂ ਫੇਰ ਉਹੀ ਕਿੱਸਾ, ਉਹੀ ਟੁੱਟ ਭੱਜ। ਅਤੇ ਮੈਨੂੰ ਹੁਣ ਇਕ ਹੋਰ ਖ਼ਿਆਲ ਆਇਆ। ਜ਼ਮਾਨਾ ਤਾਂ ਤੁਹਾਡਾ ਪਿੱਛਾ ਨਹੀਂ ਛੱਡ ਰਿਹਾ, ਉਹਦੇ ਤੋਂ ਦੌੜਕੇ ਜਾਉਗੇ ਕਿੱਥੇ? ਤਾਂ ਫੇਰ ਇਕ ਵਾਰ ਇਹ ਕੌੜੀ ਗੋਲ਼ੀ ਨਿਗਲ਼ ਲਓ। ਜਾਣੀ ਕਿ ਸਾਡੇ ਦੌਰ ਵਿੱਚ ਜੋ ਕੁਝ ਹੋ ਵਾਪਰ ਰਿਹਾ ਹੈ, ਉਹਦੇ ਤੋਂ ਦੌੜੋ ਨਾ। ਪਹਿਲਾਂ ਇਸ ਸਭ ਕੁੱਝ ਨੂੰ ਕਬੂਲ ਕਰੋ। ਫੇਰ ਸ਼ਾਇਦ ਇਹਦੇ ਤੋਂ ਬਚਣ ਦਾ ਰਸਤਾ ਵੀ ਨਿਕਲ਼ ਆਵੇ। ਤਾਂ ਅੱਛਾ ਇੰਜ ਹੀ ਸਹੀ। ਇਹ ਕਰ ਕੇ ਵੀ ਵੇਖ ਲਵੋ। ਅਤੇ ਉੜਕ ਮੈਂ ‘ਜਹਾਦ’ ਥੋੜਾ ਈ ਕਰਨਾ ਹੈ, ਕਹਾਣੀ ਹੀ ਲਿਖਣੀ ਹੈ, ਜਦੋਂ ਤੀਕ ਲਿਖੀ ਜਾ ਸਕੇ ਅਤੇ ਜਿਵੇਂ ਵੀ ਲਿਖੀ ਜਾ ਸਕੇ। ਰਾਤ ਬਾਕੀ ਕਹਾਣੀ ਬਾਕੀ ਸੋ ਜਦੋਂ ਤੀਕ ਵੱਸ ਚੱਲੇ, ਸਾਗਰ (ਸ਼ਰਾਬ ਦਾ ਪਿਆਲਾ) ਚਲੇ, ਕਹਾਣੀ ਚਲੇ ! o

# ਜੀ. ਸੀ. ! ਹੋ ਜੀ. ਸੀ. ! !/ ਅਫ਼ਜ਼ਲ ਤੌਸੀਫ਼

ਗੌਰਮਿੰਟ ਕਾਲਜ ਲਾਹੌਰ ਨੂੰ ਬਣਿਆਂ ਸੌ ਸਾਲ ਪੂਰੇ ਹੋ ਗਏ ਸਨ। "ਓਲਡ ਬੁਆਏ" ਬਖ਼ਸ਼ੀ ਸਾਨਿਆਲ ਲੰਦਨ ਤੋਂ ਆਪਣੇ 'ਜੀ. ਸੀ.' ਦੇ ਜਸ਼ਨ ਵਿਚ ਸਾਂਝ ਪਾਉਣ ਲਈ ਆਇਆ ਸੀ। ਆਪਣੇ ਵੇਲੇ ਦਾ ਟਾਲ ਡਾਰਕ ਤੇ ਹੈਂਡਸਮ ਮਸ਼ਹੂਰ ਹੋਇਆ, ਰੱਜ ਕੇ ਅਮੀਰ ਘਰ ਦਾ। ਆਹੋ ਰਾਏ ਬਹਾਦਰ ਬਖ਼ਸ਼ੀ ਚੇਤ ਰਾਮ ਬੈਰਿਸਟਰ ਦਾ ਪੋਤਾ। ਬੜੀ ਵੱਡੀ ਜ਼ਿਮੀਂਦਾਰੀ ਦੇ ਨਾਲ ਬਰਫ਼ ਦੇ ਕਾਰਖ਼ਾਨੇ, ਹੋਰ ਖ਼ਬਰੇ ਕੀ ਕੁਝ? ਉਹਦਾ ਪਤਾ ਜੁਬਲੀ ਕਮੇਟੀ ਨੂੰ ਕਿਧਰੇ ਨਹੀਂ ਸੀ ਮਿਲਿਆ। ਕਿਸੇ ਕਲਾਸ ਫੈਲੋ ਨੂੰ ਪਤਾ ਨਹੀਂ ਸੀ ਉਹ ਕਿੱਥੇ ਰਹਿੰਦਾ ਏ। ਫੇਰ ਜਦੋਂ ਜਸ਼ਨ ਦੀ ਤਿਆਰੀ ਜ਼ੋਰਾਂ 'ਤੇ ਆਈ ਤਾਂ ਇਕ ਮੈਲ਼ਾ ਤੇ ਮਾੜਾ ਜਿਹਾ ਬਾਬਾ ਚੇਅਰਮੈਨ ਜਸ਼ਨ ਕਮੇਟੀ ਕੋਲ ਆਇਆ "ਸਾਹਿਬ ਜੀ ! ਤੁਸੀਂ ਏਸ ਕਾਲਜ ਦੇ ਪੁਰਾਣੇ ਪੜ੍ਹੇ ਹੋਏ ਮੁੰਡਿਆਂ ਨੂੰ ਸੱਦ ਰਹੇ ਹੋ। ਸਾਡੇ ਛੋਟੇ ਸਾਹਿਬ ਨੂੰ ਵੀ ਕਾਰਡ ਪਾਓ। ਉਹਨਾਂ ਦਾ ਪਤਾ।" ਉਹਨੇ ਇਕ ਲਿਫ਼ਾਫ਼ਾ ਅੱਗੇ ਕੀਤਾ। ਖ਼ਤ ਲੰਦਨ ਤੋਂ ਪਾਕਿਸਤਾਨ ਦੇ ਕਿਸੇ ਗ਼ੁਲਾਮ ਰਸੂਲ ਦੇ ਨਾਂਅ ਲਿਖਿਆ ਗਿਆ ਸੀ। ਲਿਫ਼ਾਫ਼ੇ ਦੇ ਪਿਛਲੇ ਪਾਸੇ ਲੰਦਨ ਦਾ ਪਤਾ ਭੇਜਣ ਵਾਲੇ ਦਾ ਨਾਂਅ ਪਰ ਲਿਫ਼ਾਫ਼ੇ ਦੇ ਕੋਨੇ ਉੱਤੇ ਹੋਰ ਲੈਟਰ ਪੈਡ 'ਤੇ ਰਾਵੀਅਨ ਪ੍ਰਿੰਟ ਹੋਇਆ ਸੀ। "ਇਹ ਕੌਣ ਨੇ? ਤੁਹਾਡੇ ਕੀਹ ਲਗਦੇ ਨੇ? " ਚੇਅਰਮੈਨ ਦੇ ਪੁੱਛਣ 'ਤੇ ਬਜ਼ੁਰਗ ਨੇ ਦੱਸਿਆ, "ਇਹ ਸਾਡੇ ਨਿੱਕੇ ਸਾਹਿਬ ਨੇ। ਬਖ਼ਸ਼ੀ ਸਾਨਿਆਲ ਸਾਹਿਬ ! ਬਖ਼ਸ਼ੀ ਦਾਨਿਆਲ ਦੇ ਪੁੱਤਰ। ਤੁਸੀਂ ਇਹਨਾਂ ਨੂੰ ਜ਼ਰੂਰ ਬੁਲਾਓ। ਲਾਹੌਰ ਨੂੰ ਬੜਾ ਯਾਦ ਕਰਦੇ ਨੇ। ਏਸ ਬਹਾਨੇ ਆਪਣੀ ਕੋਠੀ ਵੀ ਵੇਖ ਜਾਣਗੇ। ਮੈਂ ਵੀ ਉਹਨਾਂ ਨੂੰ ਮਿਲ ਲਵਾਂਗਾ। ਜ਼ਿੰਦਗੀ ਦਾ ਕੀਹ ਭਰੋਸਾ।" ਪਤਾ ਲੱਗਿਆ ਉਹ ਬਾਬਾ ਬਖ਼ਸ਼ੀ ਖਾਨਦਾਨ ਦਾ ਪੁਰਾਣਾ ਨੌਕਰ ਸੀ। ਅੱਜ ਤਾਈਂ ਉਹਨਾਂ ਨੂੰ ਭੁੱਲ ਨਹੀਂ ਸਕਿਆ। ਸਗੋਂ ਖ਼ਤੋ-ਕਿਤਾਬਤ ਵੀ ਰੱਖੀ ਹੋਈ ਸੀ। ਤਾਹੀਓਂ ਤਾਂ ਉਹ ਖ਼ਤ ਲੈ ਕੇ ਆ ਗਿਆ ਸੀ, ਜਿਸ 'ਤੇ ਸਾਨਿਆਲ ਬਖ਼ਸ਼ੀ ਦਾ ਪੂਰਾ ਪਤਾ ਲਿਖਿਆ ਹੋਇਆ ਸੀ। ਉਹ ਸਾਨਿਆਲ ਬਖ਼ਸ਼ੀ, ਜਿਸ ਦਾ ਨਾਂਅ ਕਾਲਜ ਦੇ ਰੋਲ ਆਫ਼ ਆਨਰ ਉੱਤੇ ਦਰਜ ਸੀ ਤੇ ਰਜਿਸਟਰ ਵਿਚ ਲਾਹੌਰ ਦਾ ਪਤਾ, ਪਰ ਤਕਸੀਮ ਪਿੱਛੋਂ ਉਹ ਕਿੱਧਰੇ ਹੋਰ ਚਲਾ ਗਿਆ। ਕਿਸੇ ਨੂੰ ਵੀ ਪਤਾ ਨਹੀਂ ਸੀ।

ਇਹ ਬਖ਼ਸ਼ੀ ਖ਼ਾਨਦਾਨ 1947 ਵਿਚ ਲਾਹੌਰ ਤੋਂ ਨਿੱਕਲ ਗਿਆ ਸੀ ਪਰ ਹਿੰਦੋਸਤਾਨ ਜਾ ਕੇ ਉਹਨਾਂ ਨੂੰ ਕੋਈ ਸ਼ਹਿਰ ਵੀ ਚੰਗਾ ਨਾ ਲੱਗਾ। ਕੋਈ ਥਾਂ ਲਾਹੌਰ ਵਰਗੀ ਨਾ ਮਿਲੀ ਜਿਸ ਨੂੰ ਉਹ ਆਪਣਾ ਦੂਜਾ ਵਤਨ ਬਣਾ ਲੈਂਦੇ, ਦਿੱਲੀ ਨਾ ਬੰਬਈ....ਆਖ਼ਰ ਉਹਨਾਂ ਆਪਣੇ ਲੱਖਾਂ ਦੇ ਕਲੇਮ ਛੱਡ ਦਿੱਤੇ। ਸੋਚਿਆ ਜਦ ਲਾਹੌਰ ਛੱਡਿਆ, ਤਾਂ ਸਭੋ ਕੁਝ ਛੱਡਿਆ। ਸਾਰਾ ਟੱਬਰ ਲੰਦਨ ਜਾ ਵਸਿਆ। ਉਂਜ ਵੀ ਦਾਨਿਆਲ ਬਖ਼ਸ਼ੀ ਬੜਾ ਪਾਏ ਦਾ ਬੈਰਿਸਟਰ ਸੀ। ਪੁੱਤਰ ਸਾਨਿਆਲ ਬਖ਼ਸ਼ੀ ਗੌਰਮਿੰਟ ਕਾਲਜ, ਲਾਹੌਰ ਤੋਂ ਐਜ਼ਾਜਾਂ ਨਾਲ ਲੱਦਿਆ ਹੋਇਆ ਨਿੱਕਲਿਆ ਸੀ। ਬੀ. ਏ. ਆਨਰਜ਼ ਰਿਕਾਰਡ ਤੋੜ ਪਾਸ ਕੀਤਾ। ਹਾਕੀ ਇਲੈਵਨ ਦਾ ਕੈਪਟਨ, ਸਟੇਜ ਦਾ ਰੋਮੀਓ। ਮਾਪੇ ਉਹਨੂੰ ਬੈਰਿਸਟਰੀ ਵਾਸਤੇ ਵਲਾਇਤ ਭੇਜਣਾ ਚਾਹੁੰਦੇ ਸੀ। ਭਾਵੇਂ ਸਾਨਿਆਲ ਦਾ ਦਿਲ ਜੀ. ਸੀ. ਵਿਚ ਅਟਕਿਆ ਹੋਇਆ ਸੀ। ਉਹ ਏਥੋਂ ਐਮ. ਏ. ਅੰਗਰੇਜ਼ੀ ਕਰਕੇ ਅੱਗੋਂ ਪੀ. ਐਚ. ਡੀ. ਲਈ ਜਾਣਾ ਚਾਹੁੰਦਾ ਸੀ। ਤਾਂ ਜੋ ਉਸੇ ਪੱਧਰ ਦਾ ਪ੍ਰੋਫੈਸਰ ਬਣ ਸਕੇ ਜੋ ਉਹਦੇ ਕਾਲਜ ਦੀ ਰੀਤ ਸੀ। ਪਾਰਟੀਸ਼ਨ ਹੋ ਗਈ। ਉਹਨੂੰ ਆਪਣੇ ਖ਼ਾਬ ਪਿੱਛੇ ਛੱਡ ਕੇ ਜਾਨ ਤੇ ਇੱਜ਼ਤ ਲਈ ਨੱਸਣਾ ਪੈ ਗਿਆ। ਇਕੋ ਵਾਰੀ ਸਭ ਕੁਝ ਹੋ ਗਿਆ। ਏਨੀ ਮੁਹਲਤ ਵੀ ਨਾ ਮਿਲੀ, ਜੋ ਆਪਣੇ ਡਰੀਮਲੈਂਡ ਕੋਲੋਂ ਰੁਖ਼ਸਤ ਲੈਂਦਾ। ਆਪਣੇ ਸ਼ਹਿਰ ਨੂੰ ਕੌਣ ਪਿਆਰ ਨਹੀਂ ਕਰਦਾ, ਪਰ ਸਾਨਿਆਲ ਵਾਸਤੇ ਲਾਹੌਰ ਵੀਨਸ, ਲੰਦਨ, ਰੋਮ ਸਭੋ ਕੁਝ ਈ ਸੀ।

ਅੱਜ ਪੂਰੇ ਚੌਵੀ ਵਰ੍ਹਿਆਂ ਪਿੱਛੋਂ ਆਇਆ ਤਾਂ ਇਕ ਸਟੈਨਸ ਦੀ ਹਾਲਤ ਵਿਚ ਖਲੋ ਕੇ



ਕਾਲਜ ਦੇ ਤਿੱਖੇ ਉੱਚੇ ਮੀਨਾਰ ਵੱਲ ਤੱਕਦਾ ਰਿਹਾ। ਇੰਜ ਉਹਦੀਆਂ ਸਾਰੀਆਂ ਯਾਦਾਂ ਇਕੋ ਜੀ. ਸੀ. ਨਾਲ ਈ ਨਹੀਂ ਸਨ ਜੁੜੀਆਂ, ਉਹ ਏਥੇ ਦਾ ਜੰਮਪਲ ਸੀ। ਉਹਦੇ ਪੁਰਖੇ ਖ਼ਬਰੇ ਕਿੰਨੀਆਂ ਪੁਸ਼ਤਾਂ ਤੋਂ ਇਥੇ ਵਸਦੇ ਰਹੇ। ਮੁੜ ਕੇ ਝਾਤੀ ਮਾਰੀ ਪੂਰਾ ਸ਼ਹਿਰ ਸੀ। ਵੀਜ਼ਾ ਦੋ ਦਿਨ ਦਾ। ਉਹ ਵੀ ਲੰਦਨ ਕਰਕੇ। ਭਾਰਤੀਆਂ ਲਈ ਤਾਂ ਇਕੋ ਦਿਨ ਸੀ। ਉਹਦੇ ਆਪਣੇ ਜ਼ਮਾਨੇ ਦੇ ਕਈ ਰੈਵੀਅਨ ਵੀ ਏਥੇ ਬੈਠੇ ਹੋਏ ਸੀ। ਉਹ 'ਕੱਲਾ ਈ ਬਾਹਰ ਨਿੱਕਲ ਆਇਆ। ਫੇਰ ਪੂਰੀ ਦੁਪਹਿਰ ਪੁਰਾਣੀਆਂ ਕੰਧਾਂ ਦੀਆਂ ਇੱਟਾਂ ਨਾਲ ਗੱਲਾਂ ਕਰਦਾ, ਪੁਰਾਣੇ ਦਰੱਖ਼ਤਾਂ ਨੂੰ ਮਿਲਦਾ, ਆਪਣੇ ਆਪ ਨੂੰ ਲੱਭਦਾ ਫਿਰਦਾ ਰਿਹਾ। ਉਹ ਆਪਣੇ ਕਲਾਸ ਰੂਮ ਵਿਚ ਗਿਆ। ਪਹਿਲੀ ਕਤਾਰ ਦੇ ਤੀਜੇ ਡੈਸਕ ਨੂੰ ਹੱਥ ਲਾ ਕੇ ਵੇਖਿਆ। ਨੀਵਾਂ ਹੋ ਕੇ ਖ਼ੁਸ਼ਬੂ ਸੁੰਘੀ, ਅਕੈਡਮਿਕ ਖ਼ੁਸ਼ਬੂ। ਲਾਇਬਰੇਰੀ ਜਾ ਕੇ ਉਹਨੇ ਕਈ ਸ਼ੈਲਫ਼ਾਂ ਵਿਚੋਂ ਕਿਤਾਬਾਂ ਖਿੱਚ ਕੇ ਵਰਕੇ ਉਲਟਾਏ। ਕਈ ਵਰਕਿਆਂ ਉੱਤੇ ਉਹਦੇ ਹੱਥ ਦੇ ਨੋਟਿਸ ਲੱਗੇ ਹੋਏ ਸੀ। "ਮੈਂ ਅਜੇ ਵੀ ਏਥੇ ਈ ਹਾਂ।" ਉਹਨੇ ਆਪਣੇ ਆਪ ਨਾਲ ਗੱਲ ਕੀਤੀ। ਫੇਰ ਉਹ ਸਕਾਲਰ ਗਰਾਊਂਡ ਵਿਚ ਉੱਤਰ ਗਿਆ। ਪੱਥਰ ਦੀ ਬਣੀ ਹੋਈ ਪੁਰਾਣੀ ਬੈਂਚ 'ਤੇ ਬਹਿ ਕੇ ਉਹਨੇ ਕੀਹ ਕੁਝ ਯਾਦ ਨਾ ਕੀਤਾ। ਇਮਤਿਹਾਨ ਦੀ ਤਿਆਰੀ, ਪ੍ਰੇਮਾ ਦਾ ਇੰਤਜ਼ਾਰ। ਖੁੱਲ੍ਹੀਆਂ ਅੱਖਾਂ ਦੇ ਸਾਰੇ ਖ਼ਾਬ ਤਾਂ ਏਥੇ ਬਹਿ ਕੇ ਵੇਖੇ ਸੀ। ਡਿਬੇਟ ਦੀ ਟਰਾਫੀ ਜਿੱਤਣ ਲਈ ਚੰਗੇ-ਚੰਗੇ ਜੁਮਲੇ (ਲਫ਼ਜ਼) ਉਹ ਏਥੇ ਬਹਿ ਕੇ ਛਾਂਟਿਆ ਕਰਦਾ ਸੀ। "ਵੇਲਿਆ ! ਤੂੰ ਕੇਹਾ ਰੰਗ ਵਟਾਇਆ ਭੈੜਿਆ !"

ਪਰ ਹਰੇ ਕਚੂਰ ਘਾਹ ਦਾ ਰੰਗ ਉੱਕਾ ਨਹੀਂ ਸੀ ਬਦਲਿਆ। "ਕੀ ਇਹ ਉਹੋ ਆ ਨਹੀਂ? ਜੜ੍ਹਾਂ ਤਾਂ ਜ਼ਰੂਰ ਉਹੋ ਹੋਣਗੀਆਂ। ਮੇਰੀਆਂ ਜੜ੍ਹਾਂ? " ਇਕਮੁੱਠ ਘਾਹ ਤੋੜ ਕੇ ਉਹਨੇ ਆਪਣੇ ਬਰੀਫ਼ਕੇਸ ਵਿਚ ਰੱਖ ਲਈ। ਫੇਰ ਆਪਣੇ ਉੱਤੇ ਝੁਕੀ ਹੋਈ ਦਰੱਖ਼ਤ ਦੀ ਟਾਹਣੀ ਨਾਲੋਂ ਇਕ ਪੱਤਾ ਤੋੜ ਕੇ ਆਪਣੇ ਕੋਟ ਦੀ ਜੇਬ ਵਿਚ ਦਿਲ ਵਾਲੇ ਪਾਸੇ ਰੱਖ ਲਿਆ। "ਦੇਸ ਉਏ ਦੇਸ !" ਸਾਨਿਆਲ ਨੂੰ ਯਾਦ ਆਇਆ ਉਹਦੇ ਬਾਪ ਨੇ ਮਰਨ ਤੋਂ ਪਹਿਲੋਂ ਕਿਹਾ ਸੀ, "ਜਦ ਵੀ ਮੌਕਾ ਮਿਲੇ ਜ਼ਰੂਰ ਲਾਹੌਰ ਜਾਈਂ। ਆਪਣੀਆਂ ਅੱਖਾਂ ਨਾਲ ਮੇਰੇ ਲਈ ਲਾਹੌਰ ਨੂੰ ਵੇਖੀਂ। ਜੇ ਮੇਰੇ ਜਿਉਂਦੇ ਜੀ ਜਾ ਸਕੇਂ, ਤਾਂ ਲਾਹੌਰ ਦੇ ਦਰਖ਼ਤਾਂ ਦੇ ਪੱਤੇ ਜ਼ਰੂਰ ਲਿਆਈਂ। ਮੈਂ ਆਪਣੀਆਂ ਅੱਖਾਂ ਠੰਡੀਆਂ ਕਰਾਂਗਾ।" ਕਿੰਨੀ ਦੇਰ ਬੈਠਾ ਉਹ ਬੀਤੇ ਯੁੱਗ ਦੀਆਂ ਗੱਲਾਂ ਯਾਦ ਕਰਦਾ ਰਿਹਾ। ਅੱਜ ਦੇ ਅੱਧਖੜ ਬਖ਼ਸ਼ੀ ਨੂੰ ਜਵਾਨ ਬਖ਼ਸ਼ੀ ਨਾਲ ਮਿਲਾਉਂਦਾ ਰਿਹਾ। ਹੁਣ ਉਹ ਦੋਵੇਂ ਵੱਖਰੀ-ਵੱਖਰੀ ਦੁਨੀਆ ਦੇ ਬਸ਼ਿੰਦੇ ਸੀ। ਇਕ ਵੰਡੀ ਗਈ ਨਸਲ ਦਾ ਫ਼ਰਦ, ਅੱਧੇ-ਅੱਧ, ਸੁੱਕੇ ਪੱਤਰਾਂ ਵਾਂਗ। ਸਿਆਸਤ ਦੀ ਨ੍ਹੇਰੀ ਉਹਨਾਂ ਨੂੰ ਉਡਾ ਕੇ ਲੈ ਗਈ ਸੀ। ਲਾਹੌਰ ਛੱਡਣ ਦੀ ਕੁੜੱਤਣ ਏਨੀ ਕੁ ਸੀ ਉਹਨੇ ਕਦੇ ਪ੍ਰੇਮਾ ਨਾਲ ਵੀ ਕਾਲਜ ਦੀ ਯਾਦ ਨੂੰ ਸਾਂਝਾ ਨਾ ਕੀਤਾ। ਮਾਜ਼ੀ ਭੁੱਲ ਜਾਵੇ ਤਾਂ ਚੰਗਾ ਪਰ ਅੱਜ ਦੇ ਇਹ ਦੋ ਚਾਰ ਘੰਟੇ ਇਕ ਪੂਰਾ ਯੁੱਗ ਉਹਦੇ ਉੱਪਰ ਉਤਾਰ ਲਿਆਏ ਸੀ।

ਇਹ ਇਕ ਬੜਾ ਜਜ਼ਬਾਤੀ ਸਫ਼ਰ ਸੀ ਜੋ ਪੰਜਾਹ ਇਕਵੰਜਾ ਵਰ੍ਹੇ ਦੇ ਬਰੈਸਟਰ ਨੇ ਇੱਕੀ-ਬਾਈ ਸਾਲ ਦੇ ਉਸ ਨੌਜਵਾਨ ਵੱਲ ਕੀਤਾ। ਜੋ ਬੜੇ ਸ਼ੌਰ ਨਾਲ ਕਾਲਜ ਦੀ ਸਟੇਜ ਉੱਤੇ ਰੋਮੀਓ ਜੂਲੀਅਟ ਵਰਗੇ ਡਰਾਮੇ ਖੇਡਦਾ ਤੇ ਆਪੋ ਆਪਣੀ ਜ਼ਾਤ ਅੰਦਰ ਖ਼ਾਬਾਂ ਖ਼ਿਆਲਾਂ ਦਾ ਸ਼ਹਿਜ਼ਾਦਾ ਸੀ। ਸਗੋਂ ਕਿੰਨੇ ਹੋਰ ਲੋਕਾਂ ਦੇ ਜਵਾਬ ਉਸੇ ਤਾਣੇ-ਬਾਣੇ ਵਿਚ ਬੁਣੇ ਹੋਏ ਸੀ। ਲਾਹੌਰ ਦੇ ਬਾਗ਼ਾਂ ਦੀ ਹਵਾ, ਬੁਲਬੁਲਾਂ ਦੇ ਗੀਤ, ਪ੍ਰੇਮਾ ਗਿੱਲ ਦਾ ਹੁਸਨ ਜਵਾਨੀ ਸੱਭੇ ਸੋਹਣੀਆਂ ਸ਼ੈਵਾਂ। ਪ੍ਰੇਮਾ ਤਾਂ ਉਹਦੀ ਕਲਾਸ ਫੈਲੋ ਸੀ ਤੇ ਮਹਿਬੂਬਾ। ਲੰਮੀ ਗੁੱਤ, ਭੂਰੇ ਵਾਲ, ਬਿੱਲੀਆਂ ਅੱਖਾਂ ਵਾਲੀ ਭੋਲ਼ੀ ਕੁੜੀ। ਉਹਦੀਆਂ ਅੱਖਾਂ ਵਿਚ ਸਾਨਿਆਲ ਨੂੰ ਉਹੋ ਭੇਤਾਂ ਭਰੀ ਦੁਨੀਆ ਦਿਸਦੀ, ਜੋ ਕਾਲਜ ਦੇ ਮੀਨਾਰਾਂ ਵਿਚ ਦਿਸਦੀ ਸੀ। ਪਹਿਲੀ ਦੇਸੀ ਕੁੜੀ, ਜੋ ਕਾਲਜ ਦੇ ਡਰਾਮਿਆਂ ਵਿਚ ਸਟੇਜ ਉੱਤੇ ਆਈ। ਨੂਰਜਹਾਂ ਬਣੀ ਤਾਂ ਸੱਚੀਮੁੱਚੀਂ ਮਲਕਾ ਲੱਗਣ ਲੱਗ ਪਈ। ਕਿੱਡੀ ਖੱਪ ਮਚੀ ਸੀ ਉਸ ਦਿਨ ਜਦੋਂ ਮਲਕਾ ਆਲੀਆ ਨੇ ਸ਼ਰਤ

ਰੱਖ ਦਿੱਤੀ ਪਈ ਜਹਾਂਗੀਰ ਦਾ ਕਿਰਦਾਰ ਸਾਨਿਆਲ ਤੋਂ ਸਿਵਾ ਕੋਈ ਨਾ ਕਰੇ। ਸਾਨਿਆਲ ਨੂੰ ਡਰਾਮਈ ਲਹਿਜੇ ਵਾਲੀ ਉਰਦੂ ਕਿੱਥੇ ਆਉਂਦੀ ਸੀ। ਉਹਨੂੰ ਤਾਂ ਆਪਣੀ ਬੋਲੀ ਚੰਗੀ ਲੱਗਦੀ ਸੀ ਜਾਂ ਫੇਰ ਅੰਗਰੇਜ਼ੀ ਉਹ ਫਰਾਟੇ ਨਾਲ ਬੋਲ ਕਦੇ ਚਾਮਰ ਵਾਲੇ ਲਹਿਜੇ ਵਿਚ, ਕਦੇ ਸ਼ੈਕਸਪੀਅਰ ਵਾਲੀ। ਇੰਜ ਕਾਲਜ ਵਿਚ ਉਹਨੂੰ ਰੁੱਝਿਆ ਵੇਖ ਕੇ ਉਹਦੇ ਬਰੈਸਟਰ ਪਿਓ ਨੂੰ ਫ਼ਿਕਰ ਜਿਹੀ ਲੱਗੀ ਜਾਂਦੀ। ਕਿੱਧਰੇ ਉਹਦਾ 'ਕੱਲਾ-'ਕੱਲਾ ਪੁੱਤਰ ਆਪਣੇ ਜੱਦੀ ਕੰਮ ਤੋਂ ਪਰਾਂਹ ਨਾ ਚਲਾ ਜਾਵੇ। ਕਈ ਪੁਸ਼ਤਾਂ ਦੀ ਵਕਾਲਤ, ਇਕ ਸ਼ਾਨਦਾਰ ਲਾਇਬਰੇਰੀ, ਭਾਰੀ ਕਾਟੇਜ। ਨਾਲ ਹਲਕੀ-ਫੁਲਕੀ ਉੱਤੇ ਲਾਲਾ ਲਾਜਪਤ ਰਾਏ ਵਾਲੀ ਲਾਈਨ ਦਾ ਅਸਰ ਵੀ ਰਿਹਾ ਸੀ। ਐਂਟੀ ਬ੍ਰਿਟਿਸ਼ ਹੋਣਾ, ਦੇਸ਼ ਦੀ ਆਜ਼ਾਦੀ, ਦੇਸ਼ ਦਾ ਪਿਆਰ ਵਰਗੇ ਵਿਚਾਰ।

ਕਾਲਜ ਦੇ ਖੂੰਜੇ-ਖੂੰਜੇ ਨੂੰ ਅੱਖਾਂ ਵਿਚ ਵਸਾ ਕੇ ਸਾਨਿਆਲ ਨੂੰ ਏਸ ਗੱਲ ਦਾ ਪੂਰਾ ਪੱਕ ਸੀ ਪਈ ਏਸ ਪਿੱਛੋਂ ਉਹਨੇ ਮੁੜ ਕਦੇ ਲਾਹੌਰ ਨਹੀਂ ਆਉਣਾ। ਵੀਜ਼ਾ ਮਿਲਣ ਦੇ ਨਾਲ-ਨਾਲ ਜ਼ਿੰਦਗੀ ਦੀ ਗੱਲ ਵੀ ਸੀ। ਉਹ ਦੀ ਬੀਵੀ ਪ੍ਰੇਮਾ ਨੇ ਤਾਂ ਹੁਣ ਵੀ ਮਨ੍ਹਾ ਕੀਤਾ ਸੀ, "ਨਾ ਜਾਓ ਛੱਡੀ ਹੋਈ ਥਾਂ ਜਾ ਕੇ ਬੜਾ ਈ ਡਰ ਲੱਗਦਾ ਹੁੰਦਾ ਏ....ਫ਼ੇਰ ਜੇ ਆਪਣੀ ਥਾਂ ਡਰਾਉਣ ਲੱਗ ਪਵੇ...." ਪ੍ਰੇਮਾ ਬਹੁਤੀ ਸਮਝ ਵਾਲੀ ਸੀ। ਖ਼ਬਰੇ ਜ਼ਨਾਨੀ ਬਹੁਤੀ ਹੱਸਾਸ ਹੁੰਦੀ ਏ। ਏਸੇ ਕਰਕੇ ਉਹ ਆਪ ਨਹੀਂ ਆਈ। ਰੈਵੀਅਨ ਤਾਂ ਉਹ ਵੀ ਸੀ। ਸਾਨਿਆਲ ਨੂੰ ਵਿਦਿਆ ਕਰਦੇ ਹੋਏ ਉਹਨੇ ਕਿਹਾ ਸੀ, "ਲਾਹੌਰ ਚੱਲੇ ਓ ਤਾਂ ਕਾਲਜ ਤੋੜੀ ਰਹਿਣਾ। ਹੋਰ ਕਿੱਧਰੇ ਨਾ ਜਾਣਾ।" ਪਤਾ ਨਹੀਂ ਉਹਦਾ ਮਤਲਬ ਕੀਹ ਸੀ? ਖ਼ਬਰੇ ਅੱਗ ਤੇ ਲਹੂ, ਪੁਰਾਣਾ ਖੇਡ ਹਾਲੇ ਤਾਈਂ ਉਹਨੂੰ ਬਹੁਤ ਯਾਦ ਸੀ। ਭੁੱਲਿਆ ਤਾਂ ਕਿਸੇ ਨੂੰ ਵੀ ਨਹੀਂ, ਪਰ ਇਹ ਕਿੰਜ ਹੋ ਸਕਦਾ ਕੋਈ ਪੁਰਾਣਾ ਲਾਹੌਰੀਆ ਆਵੇ ਤੇ ਲਾਹੌਰ ਨੂੰ ਵੇਖੇ ਬਿਨਾਂ ਈ ਮੁੜ ਜਾਵੇ?

ਅਗਲੇ ਦਿਨ ਸਵੇਰੇ-ਸਵੇਰੇ ਜਦੋਂ ਉਹ ਸ਼ਹਿਰ ਦੀਆਂ ਕੰਧਾਂ ਨਾਲ ਗੱਲਾਂ ਕਰਨ ਨਿੱਕਲਿਆ ਤਾਂ ਡਰ ਗਿਆ। ਸ਼ਹਿਰ ਬਹੁਤ ਅਜਨਬੀ ਲੱਗਾ। ਰਾਹ ਚੱਲਦੇ ਲੋਕ ਬਿਲਕੁੱਲ ਲਾਹੌਰੀ ਨਾ ਲੱਗੇ। ਕੋਟ ਪਤਲੂਨਾਂ, ਜੈਕਟਾਂ, ਸਲਵਾਰਾਂ ਕੁਝ ਜ਼ਿਆਦਾ ਈ ਹੋ ਗਏ ਸੀ। ਧੋਤੀ, ਕੁੜਤਾ, ਪਗੜੀ ਕਿੱਧਰੇ ਨਹੀਂ ਸੀ। ਤਾਂਗੇ ਵਾਲੇ ਵੀ ਉਰਦੂ ਬੋਲਣ ਲੱਗ ਪਏ ਸੀ। ਸੜਕਾਂ ਉੱਤੇ ਕਾਰਾਂ ਬਹੁਤ ਹੋ ਗਈਆਂ ਸੀ। ਮਾਲ ਰੋਡ 'ਤੇ ਉਹਨੇ ਚੱਕਰ ਲਾਇਆ। ਚੀਅਰਿੰਗ ਕਰਾਸ ਤੋਂ ਅੱਗੇ ਬੜਾ ਕੁਝ ਬਦਲ ਗਿਆ ਸੀ, ਪਰ ਰੀਗਲ ਤੋੜੀ ਬਹੁਤ ਕੁਝ ਉਸੇ ਤਰ੍ਹਾਂ...ਓਲਡ ਰੀਗਲ! ਕਿਹੀਆਂ-ਕਿਹੀਆਂ ਫ਼ਿਲਮਾਂ ਏਸ ਸਿਨੇਮਾ ਹਾਲ ਵਿਚ ਬਹਿ ਕੇ ਵੇਖੀਆਂ! ਉਸ ਤੋਂ ਪਿੱਛੇ ਕਦੇ ਫ਼ਿਲਮ ਵੇਖਣ ਦਾ ਮਜ਼ਾ ਈ ਨਾ ਆਇਆ....ਸੋਚਦਾ ਹੋਇਆ ਉਹ ਰਤਾ ਕੁ ਅੱਗੇ ਵਧਿਆ। ਹਾਈਕੋਰਟ ਦੀ ਬਾਂਕੀ ਬਿਲਡਿੰਗ ਜਿਹਦੇ ਪਿੱਛੇ ਕਰਕੇ ਉਹਦੀ ਆਪਣੀ ਕੋਠੀ ਸੀ। ਉਧਰ ਜਾਣ ਦੀ ਉਹਦੀ ਹਿੰਮਤ ਨਾ ਹੋਈ। ਅੱਗੇ ਜੀ. ਪੀ. ਓ. ਦੀ ਸੁਰਖ਼ ਰੰਗ ਦੀ ਇਕ ਹੋਰ ਸੋਹਣੀ ਬਿਲਡਿੰਗ ਅੱਗੇ ਵਾਈ. ਐਮ. ਸੀ. ਏ., ਰਿਜ਼ਰਵ ਬੈਂਕ ਆਫ ਇੰਡੀਆ, ਜੋ ਹੁਣ ਸਟੇਟ ਬੈਂਕ ਆਫ ਪਾਕਿਸਤਾਨ ਬਣ ਚੁੱਕਾ ਸੀ। ਪਿੱਪਲ ਦੇ ਭਾਰੇ ਦਰੱਖ਼ਤ ਉਹੋ। ਉਹਨਾਂ ਦੀਆਂ ਟਾਹਣੀਆਂ ਉੱਤੇ ਬੈਠੇ ਚਿੜੀਆਂ ਕਾਂ ਵੀ ਉਸੇ ਤਰ੍ਹਾਂ ਦੇ। ਆਹੋ ਪਰਿੰਦੇ ਸਿਆਸਤ ਜੋ ਨਹੀਂ ਕਰਦੇ। ਵੱਖ-ਵੱਖ ਮਜ਼ਹਬ ਵੀ ਨਹੀਂ ਰੱਖਦੇ। ਟਾਊਨ ਹਾਲ 'ਤੇ ਨਜ਼ਰ ਪਈ ਉਸੇ ਤਰ੍ਹਾਂ ਲੱਗਾ। ਯੂਨੀਵਰਸਿਟੀ ਹੁਣ ਓਲਡ ਕੈਂਪਸ ਏ ਪਰ ਬਦਲਿਆ ਨਹੀਂ। ਸ਼ੁਕਰ ਏ ਅਲਫ਼ਰਡ ਵੋਲਰ ਦੇ ਬੁੱਤ ਨੂੰ ਦੇਸ਼ ਨਿਕਾਲਾ ਨਹੀਂ ਮਿਲਿਆ।

ਏਸੇ ਤਰ੍ਹਾਂ ਟੁਰਦਾ-ਟੁਰਦਾ ਸਾਨਿਆਲ ਲੋਅਰ ਮਾਲ 'ਤੇ ਆ ਗਿਆ। ਲੇਡੀ ਮੈਕਲੈਗਨ ਸਕੂਲ ਉਹਦੀਆਂ ਭੈਣਾਂ ਦਾ ਤੇ ਪ੍ਰੇਮਾ ਦਾ ਵੀ ਸਕੂਲ ਸੀ, ਪਰ ਉਹ ਆਪਣਾ ਸਕੂਲ ਵੇਖਣਾ ਚਾਹੁੰਦਾ ਸੀ। ਰਿਵਾਜ਼ ਗਾਰਡਨ ਦੇ ਸ਼ਾਨਦਾਰ ਦਰੱਖ਼ਤ ਵੇਖਦਾ-ਵੇਖਦਾ ਉਹ ਅੱਗੇ ਵਧਿਆ। ਇਕੋ ਵਾਰੀ ਉਹਦਾ ਦਿਲ ਡਰ ਗਿਆ। ਉਹ ਥਾਂ ਜਿੱਥੇ ਉਹਦੀ ਫ਼ੱਫੀ ਦਾ ਟੱਬਰ ਮਾਰਿਆ ਗਿਆ ਸੀ। ਉਹਨੂੰ ਲੱਗਾ ਉਹ ਬੜਾ



ਈ 'ਕੱਲਾ ਏ। ਕਿਸੇ ਨਾ ਕਿਸੇ ਨੂੰ ਨਾਲ ਲੈ ਕੇ ਚੱਲਣਾ ਚਾਹੀਦਾ ਸੀ। ਸ਼ੇਖ਼ ਨਸੀਰ ਉਹਦਾ ਕਲਾਸ ਫੈਲੋ ਕਾਲਜ ਵਿਚ ਮਿਲਿਆ ਸੀ। ਉਹਨੇ ਸੀਜ਼ਾਨ ਵਿਚ ਦਾਅਵਤ ਵੀ ਦਿੱਤੀ ਸੀ। ਉਸੇ ਵੇਲੇ ਮੁੜ ਕੇ ਉਹ ਸ਼ੇਖ਼ ਦੇ ਘਰ ਚਲਾ ਗਿਆ। "ਲੰਚ ਦੀ ਗੱਲ ਛੱਡ ਯਾਰਾ, ਚੱਲ ਮੇਰੇ ਨਾਲ ਸੜਕਾਂ 'ਤੇ ਫਿਰੀਏ। ਜੇ ਕੁਝ ਖਾਣਾ ਹੋਇਆ ਤਾਂ ਪੁਰਾਣੀ ਅਨਾਰਕਲੀ ਤੋਂ ਪੂਰੀ-ਕਚੌਰੀ ਖਾ ਲਵਾਂਗੇ। ਉਸੇ ਦੁਕਾਨ ਤੋਂ, ਕੀਹ ਨਾਂਅ ਸੀ....ਲਾਲਾ ਸੋਜੀ ਮੱਲ।"

"ਉਹ ਦੁਕਾਨ ਹੁਣ ਜਲੰਧਰ ਵਾਲਿਆਂ ਦੀ ਹੋ ਚੁੱਕੀ। ਖ਼ੈਰ ਲੱਸੀ ਅਜੇ ਵੀ ਚੰਗੀ ਮਿਲ ਜਾਂਦੀ ਏ ਪਰ ਕਚੌਰੀਆਂ ਉਹ ਨਹੀਂ।" ਸ਼ੇਖ਼ ਨਸੀਰ ਦੱਸਦਾ ਰਿਹਾ।

"ਚੰਗਾ! ਸੋਹਣ ਲਾਲ ਸਕੂਲ ਕਿਹਨੂੰ ਮਿਲਿਆ? ਮੇਰਾ ਮਤਲਬ ਏ ਕੌਣ ਚਲਾ ਰਿਹਾ ਏ?" ਉਹ ਵੀ ਜਲੰਧਰ ਵਾਲਿਆਂ ਨੂੰ ਅਲਾਟ ਹੋਇਆ। ਉਥੇ ਹੁਣ ਅਰਬੀ-ਸ਼ਰਬੀ, ਉਰਦੂ-ਸ਼ੁਰਦੂ ਪੜ੍ਹਾਈ ਜਾਂਦੀ ਏ...." ਗੱਲਾਂ ਕਰਦੇ ਉਹ ਲੋਕ ਰੋਡ 'ਤੇ ਆ ਗਏ। ਸਾਹਮਣੇ ਉਹਦਾ ਸਕੂਲ ਸੀ। ਛਨ-ਛਨ-ਛਨ ਕਰਕੇ ਬਹੁਤ ਸਾਰੀਆਂ ਯਾਦਾਂ ਦੇ ਠੀਕਰੇ ਟੁੱਟ ਗਏ। ਉਹ ਘੰਟੀ ਜੋ ਪਹਿਲੀ ਵਾਰ ਵੱਜਦੀ ਤਾਂ ਸਾਰੇ ਅੰਦਰ ਨੂੰ ਦੌੜ ਲਾਉਂਦੇ। ਅਖ਼ੀਰੀ ਵਾਰੀ ਵੱਜਦੀ ਤਾਂ ਬਾਹਰ ਨੂੰ। ਮੇਰਾ ਸਕੂਲ! ਸੋਹਣ ਲਾਲ ਸਕੂਲ ਅਜੇ ਵੀ ਬਿਲਡਿੰਗ ਦੇ ਮੱਥੇ ਉੱਤੇ ਲਿਖਿਆ ਹੋਇਆ ਸੀ। ਯਾਦਾਂ ਵਾਲੀ ਲਹਿਰ ਉਹਨੂੰ ਘੇਰਨ ਲੱਗ ਪਈ। ਉਹ ਦਿਨ ਜਦੋਂ ਉਹਦਾ ਦਾਖ਼ਲਾ ਹੋਇਆ...ਸਕੂਲ ਦਾ ਪਹਿਲਾ ਦਿਨ। ਨਵਾਂ ਯੂਨੀਫ਼ਾਰਮ, ਨਵਾਂ ਬਸਤਾ, ਨਵਾਂ ਕਦਮ, ਘਾਬਰਿਆ ਹੋਇਆ ਦਿਲ। ਦੂਜੇ ਪਾਸੇ ਸਾੜ੍ਹੀ ਵਾਲੀ ਸੋਹਣੀ ਜਿਹੀ ਮਿੱਸ ਵੱਲੋਂ ਦਿਲਾਸਾ, ਪਰ ਐਨਕ ਵਾਲੀ ਵੱਡੀ ਮਿੱਸ ਦਾ ਰੁਹਬ ਵੀ। ਚਿੱਟੀ ਸਫ਼ੈਦ ਧੋਤੀ ਉੱਤੇ ਕਾਲਾ ਸਿਆਹ ਕੋਟ ਪਾ ਕੇ ਰਾਊਂਡ ਲੈਂਦੇ ਹੋਏ ਪ੍ਰਿੰਸੀਪਲ ਸਾਹਿਬ ਦਾ ਡਸਿਪਲਿਨ। ਨਵੇਂ ਬੱਚਿਆਂ ਦਾ ਦਾਖ਼ਲਾ ਅਪ੍ਰੈਲ ਵਿਚ ਹੁੰਦਾ ਸੀ। ਸਕੂਲ ਕੰਪਾਊਂਡ ਅਨਾਰਾਂ ਦੇ ਫੁੱਲਾਂ ਨਾਲ ਸਜਿਆ ਪਿਆ ਸੀ ਤੇ ਬੁਲਬੁਲਾਂ.....ਪਰ ਅੱਜ ਸਭ ਕੁਝ ਮੈਲ਼ਾ ਤੇ ਤੰਗ ਜਿਹਾ ਕਿਉਂ ਲੱਗ ਰਿਹਾ ਏ? ਬਾਗ਼ ਤਾਂ ਕਿੱਧਰੇ ਦਿੱਸਦਾ ਈ ਨਹੀਂ। ਉਹਨੇ ਸ਼ੇਖ਼ ਕੋਲੋਂ ਪੁੱਛਿਆ, "ਵੇਖਦਾ ਨਹੀਂ ਲੋਕਾਂ ਨੇ ਕੋਠੀਆਂ ਪਾ ਲਈਆਂ ਨੇ।"

"ਸਕੂਲ ਦੀ ਥਾਂ ਵਿਚ?"

"ਆਹੋ ਅੱਜ-ਕੱਲ੍ਹ ਹਰ ਥਾਂ ਕੋਠੀਆਂ ਬਣ ਰਹੀਆਂ ਨੇ।"

ਸਾਨਿਆਲ ਦੀ ਨਿਗਾਹ ਸਕੂਲ ਦੀ ਕੰਧ ਉੱਤੇ ਜੰਮ ਗਈ। ਸੜਕ ਦੇ ਨਾਲ-ਨਾਲ ਕਿੱਡੀ ਲੰਮੀ ਕੰਧ ਉਹਦੇ ਸਾਹਮਣੇ ਬਣੀ ਸੀ। ਲਾਲ-ਲਾਲ ਇੱਟਾਂ ਬੜੀ ਬਰੀਕੀ ਨਾਲ ਟੀਪ ਕਰਕੇ ਇਕ ਬਜ਼ੁਰਗ ਜਿਹੇ ਰਾਜ ਨੇ ਚਿਣਾਈ ਕੀਤੀ ਸੀ। ਉਸ ਜ਼ਮਾਨੇ ਸਕੂਲ ਦੀ ਇਮਾਰਤ ਮਸੀਤ ਮੰਦਰ ਵਾਂਗ ਸਮਝੀ ਜਾਂਦੀ ਸੀ। ਸਕੂਲ ਵਾਲਿਆਂ ਨੇ ਤਾਂ ਹਿਫ਼ਾਜ਼ਤ ਲਈ ਕੰਧ ਉਸਾਰੀ, ਪਰ ਚੌਥੇ ਦਿਨ ਉਥੇ ਕਿਸੇ ਨੇ ਫ਼ਿਲਮ ਦਾ ਵੱਡਾ ਸਾਰਾ ਪੋਸਟਰ ਲਾ ਦਿੱਤਾ। ਕਿੱਡਾ ਗੁੱਸਾ ਚੜ੍ਹਿਆ ਸੀ ਮਿਸ ਰਾਓ ਨੂੰ। ਕਿਸੇ ਫ਼ਿਲਮ ਦਾ ਸੀਨ ਏਡਾ ਐਬਮੇਨ ਵੀ ਨਹੀਂ, ਬਸ ਹੀਰੋ ਹੀਰੋਇਨ ਆਹਮਣੇ-ਸਾਹਮਣੇ ਖੜ੍ਹੇ ਸੀ ਪਰ ਖ਼ਰਾਬੀ ਦੀ ਗੱਲ ਵੀ ਹੈ ਸੀ। ਪੋਸਟਰ ਉੱਤੇ ਹੀਰੋਇਨ ਦੀਆਂ ਛਾਤੀਆਂ ਕੋਇਟਾ ਦੇ ਸਰਕਿਆਂ ਵਰਗੀਆਂ ਨਿੱਗਰ ਤੇ ਵੱਡੀਆਂ-ਵੱਡੀਆਂ। ਸੈਕਿੰਡ ਮਿਸਟ੍ਰਿਸ ਨੇ ਆਪਣੀ ਨਿਗਰਾਨੀ ਵਿਚ ਪੋਸਟਰ ਸਾਫ ਕਰਾਇਆ, ਪਰ ਦੂਜੇ ਦਿਨ ਕਈ ਹੋਰ ਲੱਗ ਗਏ। ਆਖ਼ਰ ਉਹ ਤਖ਼ਤੀ ਲਵਾਈ, ਜਿਸ ਉੱਤੇ ਲਿਖਿਆ ਸੀ, "ਪੋਸਟਰ ਲਗਾਨੇ ਵਾਲਾ ਹਵਾਲਾ-ਏ-ਪੋਲੀਸ ਕੀਆ ਜਾਏਗਾ" ਹੁਣ ਪੋਸਟਰ ਲੱਗਣੇ ਬੰਦ ਹੋ ਗਏ, ਪਰ ਸਿਆਸੀ ਨਾਅਰੇ ਲਿਖੇ ਜਾਣ ਲੱਗ ਪਏ। ਦੂਰ ਹਟੋ, ਦੂਰ ਹਟੋ ਐ ਦੁਨੀਆ ਵਾਲੋ, ਸਰਫ਼ਰੋਸ਼ੀ ਕੀ ਤਮੰਨਾ, ਭਾਰਤ ਮਾਤਾ ਕੀ ਜੈ!, ਲੈ ਕੇ ਰਹੇਂਗੇ ਪਾਕਿਸਤਾਨ, ਕੋਠੀਆਂ ਇੱਟਾਂ ਨੇ ਸਿਆਹੀ ਚੂਸ ਲਈ। ਧੌਣ ਖੁਰਚਣ ਨਾਲ ਕੁਝ ਨਾ ਬਣਿਆ। ਹੁਣ ਤਾਂ ਮੈਡਮ ਰਾਓ ਨੂੰ ਫ਼ਿਕਰ ਲੱਗ ਪਈ!! ਸਿਆਸੀ ਨਾਅਰੇ! ਨੋ ਨੋ!! ਸਕੂਲ ਮੇਂ

ਸਭੀ ਤਰਹ ਕੇ ਬੱਚੇ ਪੜ੍ਹਤੇ ਹੈਂ, ਹਿੰਦੂ, ਮੁਸਲਿਮ, ਸਿੱਖ, ਈਸਾਈ।" ਉਨ੍ਹਾਂ ਸਾਰੀ ਕੰਧ 'ਤੇ ਚੂਨਾ ਫਿਰਵਾ ਦਿੱਤਾ। ਹੁਣ ਤਾਂ ਲਿਖਣ ਵਾਲਿਆਂ ਦੇ ਮਜ਼ੇ ਹੋ ਗਏ। ਸਾਰੀ ਕੰਧ ਅਖ਼ਬਾਰ ਬਣ ਗਈ। ਨਾਅਰੇ, ਐਲਾਨ.....ਗਾਂਧੀ ਜੀ ਦਾ ਜਲਸਾ, ਸਰ ਛੋਟੂ ਰਾਮ ਦੀ ਤਕਰੀਰ, ਮੁਸਲਿਮ ਲੀਗ ਦੀ ਮੀਟਿੰਗ.....ਮੰਟੋ ਪਾਰਕ, ਮੋਚੀ ਦਰਵਾਜ਼ਾ। ਕੰਧ ਭਰ ਗਈ ਤਾਂ ਮਿੱਸ ਰਾਓ ਨੇ ਇਕੋ ਵਾਰੀ ਪੀਲਾ ਰੰਗ ਫਿਰਵਾ ਦਿੱਤਾ। ਵੇਲਾ ਆਪਣੀ ਟੋਰੇ ਟੁਰਦਾ ਰਿਹਾ। ਰੰਗ ਬਦਲਦੇ ਰਹੇ। ਨਾਅਰੇ ਤੇਜ਼ ਤੋਂ ਤੇਜ਼ ਹੁੰਦੇ ਗਏ। ਫੇਰ ਇਕ ਦਿਨ ਅਜਿਹਾ ਵੀ ਚੜ੍ਹਿਆ ਸ਼ਹਿਰ ਦੇ ਸਾਰੇ ਰੰਗ ਉੱਡ ਗਏ। ਖ਼ਬਰਾਂ ਆਈਆਂ, ਫ਼ਸਾਦ ਲੈ ਕੇ। ਪਿੰਡੀ, ਦਿੱਲੀ, ਕਲਕੱਤਾ....ਲੋਕਾਂ ਨੇ ਇਕ-ਦੂਜੇ ਦੇ ਘਰ ਸਾੜ ਸੁੱਟੇ। ਢਿੱਡ ਪਾੜੇ, ਗਰਦਣਾਂ ਕੱਟ ਛੱਡੀਆਂ, ਕਾਹਦੇ ਲਈ? ਇਹੋ ਨਾਅਰੇ ਸੁਣ ਕੇ। ਹੁਣ ਲਾਹੌਰ ਖ਼ਤਰੇ ਵਿਚ ਸੀ। ਖ਼ਬਰ ਨਹੀਂ ਸ਼ਹਿਰ ਦੀਆਂ ਕੰਧਾਂ ਉੱਤੇ ਖ਼ਤਰਨਾਕ ਨਾਅਰੇ ਕੌਣ ਲਿਖ ਰਿਹਾ ਸੀ। ਉਨ੍ਹਾਂ ਦਿਨਾਂ ਵਿਚ ਸਕੂਲ ਬੰਦ ਹੋ ਗਏ। ਮਿਸ ਰਾਓ ਜੋ ਅਮਨ ਕਮੇਟੀ ਦੀ ਮੈਂਬਰ ਚੁਣੀ ਗਈ ਸੀ, ਚਿੱਟੀ ਸਫ਼ੈਦ ਸਾੜ੍ਹੀ ਪਾਈ ਚੱਪਲ ਘਸੀਟਦੀ ਦਿਨ ਰਾਤ ਇਕ ਕਰਕੇ ਕੰਮ ਕਰਦੀ ਫਿਰਦੀ। ਉਹ ਇਕ ਟੀਚਰ ਸੀ। ਉਹਨੂੰ ਬੜਾ ਹੌਸਲਾ ਸੀ। ਹਰ ਇਕ ਬੱਚੇ ਨੂੰ ਆਪਣਾ ਬੱਚਾ ਸਮਝ ਕੇ ਤਾਲੀਮ ਦਿੱਤੀ ਸੀ। ਉਹ ਸਾਰਿਆਂ ਨੂੰ ਸਮਝਾ ਲਵੇਗੀ....ਨਫ਼ਰਤ ਦੀ ਅੱਗ ਬ੍ਰਿਟਿਸ਼ ਏਜੰਟਾਂ ਦੀ ਭੜਕਾਈ ਹੋਈ ਏ। ਸ਼ਹਿਰ ਦੀਆਂ ਕੰਧਾਂ ਸਾਫ਼ ਰੱਖੋ। ਆਪਣੇ ਦਿਲ ਵੀ ਸਾਫ਼ ਰੱਖੋ.....ਇਕਦਮ ਉਹਦੀ ਤਕਰੀਰ ਵਿਚਾਲੇ ਕੋਈ ਬੋਲ ਪਿਆ, "ਮਿਸ ਰਾਓ ਪਹਿਲਾਂ ਆਪਣੇ ਸਕੂਲ ਦੀ ਕੰਧ ਵੇਖ ਲਓ ਜਾ ਕੇ...." ਇੰਤਕਾਮ, ਇੰਤਕਾਮ! ਖ਼ੂਨ ਦਾ ਬਦਲਾ ਖ਼ੂਨ!....ਮਾਰ ਸੁੱਟੋ, ਸਾੜ ਦੇਵੋ!! ਲਿਖ-ਲਿਖ ਕੇ ਕੰਧ ਕਾਲੀ ਕਰ ਲਈ ਸੀ। ਪਰੇਸ਼ਾਨ ਹੋ ਕੇ ਮਿਸ ਰਾਓ ਕਾਲੇ ਲਫ਼ਜ਼ਾਂ ਉੱਤੇ ਤਾਰਕੋਲ ਫਿਰਵਾ ਦਿੱਤਾ ਤੇ ਆਪ ਚਿੱਟਾ ਝੰਡਾ ਲੈ ਕੇ ਕੰਧ ਨਾਲ ਖੜ੍ਹੀ ਹੋ ਗਈ। ਉਸ ਕਾਲ਼ੀ ਰਾਤ ਨੂੰ ਕਾਲ਼ੀ ਕੰਧ ਉੱਤੇ ਪਹਿਰਾ ਦੇਂਦੀ ਮਿਸ ਰਾਓ ਆਪਣੀ ਚਿੱਟੀ ਸਾੜ੍ਹੀ ਤੇ ਚਿੱਟੇ ਝੰਡੇ ਨਾਲ ਕਿੰਜ ਦੀ ਲੱਗਦੀ ਹੋਵੇਗੀ? ਉਹੋ ਮਿਸ ਰਾਓ ਜਿਹਨੂੰ ਬਲੱਵਈਆਂ ਨੇ ਕਤਲ ਕਰ ਦਿੱਤਾ। ਕੋਈ ਕਹਿੰਦਾ ਉਸ ਨੇਕ ਟੀਚਰ ਦਾ ਕਤਲ ਚਿੱਟੇ ਝੰਡੇ ਦੀ ਖ਼ਾਤਰ ਹੋਇਆ। ਕੋਈ ਕਹਿੰਦਾ ਉਹਦੇ ਗਲ ਵਿਚ ਪਈ ਸੋਨੇ ਦੀ ਚੇਨੀ ਖ਼ਾਤਰ।

ਆਪਣੇ ਚਿੱਟੇ ਸਫ਼ੈਦ ਰੁਮਾਲ ਨਾਲ ਅੱਥਰੂ ਪੂੰਝ ਕੇ ਸਾਨਿਆਲ ਨੇ ਇਕ ਵਾਰੀ ਫੇਰ ਸਕੂਲ ਦੀ ਕੰਧ ਉੱਤੇ ਨਿਗਾਹ ਮਾਰੀ....ਉਹ ਕਾਲ਼ੀ ਨਹੀਂ ਸੀ, ਪਰ ਕਾਲੇ ਲਫ਼ਜ਼ਾਂ ਨਾਲ ਭਰੀ ਪਈ ਸੀ। ਇੰਤਕਾਮ, ਖ਼ੂਨ ਦਾ ਬਦਲਾ ਖ਼ੂਨ, ਨਵੀਆਂ ਫ਼ਿਲਮਾਂ ਦੇ ਨਾਂਅ ਸੀ। ਕਾਫ਼ਰ, ਕਾਫ਼ਰ! ਸ਼ੀਆ ਕਾਫ਼ਰ, ਸੁੰਨੀ ਕਾਫ਼ਰ, ਨਵੇਂ ਸਿਆਸਤਦਾਨ। ਨਵਾਂ ਕਲਚਰ ਵੀ ਬਥੇਰਾ ਦਿੱਸਿਆ। ਇਸ਼ਤਿਹਾਰ ਲੱਗੇ ਹੋਏ ਸੀ। ਵੱਡੀਆਂ-ਵੱਡੀਆਂ ਛਾਤੀਆਂ, ਮੋਟੀਆਂ-ਮੋਟੀਆਂ ਗੱਲ੍ਹਾਂ ਵਾਲੀਆਂ ਜ਼ਨਾਨੀਆਂ ਲਾਚੇ ਪਾ ਕੇ ਭੰਗੜੇ ਪਾ ਨੱਚ ਰਹੀਆਂ। ਮਰਦ ਸ਼ਹਿਵਤ ਭਰੀਆਂ ਅੱਖਾਂ ਨਾਲ ਉਹਨਾਂ ਵੱਲ ਤੱਕ ਰਹੇ।

"ਤੂੰ ਲੰਦਨ ਰਹਿੰਦਾ ਏਂ, ਪੰਜਾਬ ਦੀਆਂ ਮੁਟਿਆਰਾਂ ਵੀ ਤੱਕ ਲੈ।" ਸ਼ੇਖ਼ ਨੇ ਛੇੜਿਆ। ਪਰ ਸਾਨਿਆਲ ਤਾਂ ਕੁਝ ਹੋਰ ਈ ਸੋਚ ਰਿਹਾ ਸੀ। ਅੱਜ ਚੌਥਾਈ ਸਦੀ ਲੰਘ ਜਾਣ ਪਿੱਛੋਂ ਜਦ ਉਹਦੀਆਂ ਅੱਖਾਂ ਉੱਤੇ ਮਿਸ ਰਾਓ ਕੋਲੋਂ ਵੀ ਵੱਧ ਮੋਟੇ ਸ਼ੀਸ਼ਿਆਂ ਦੀ ਐਨਕ ਚੜ੍ਹੀ ਹੋਈ ਸੀ, ਉਹਦੇ ਸਕੂਲ ਦੀ ਕੰਧ ਲਿਖਤ ਕੀਹ ਸੀ! ਖ਼ਬਰੇ ਹੁਣ ਕੋਈ ਮਿਸ ਰਾਓ ਵਰਗੀ ਉਥੇ ਨਹੀਂ ਸੀ ਰਹਿੰਦੀ। ਟੀਚਰਾਂ ਵੀ ਸਾਰੀਆਂ ਇਕੋ ਜਿਹੀਆਂ ਨਹੀਂ ਹੁੰਦੀਆਂ....ਪਰ ਇਹ ਸਿਆਸੀ ਨਾਅਰੇ? ਹੁਣ ਵੀ ਮੁਰਦਾਬਾਦ, ਜ਼ਿੰਦਾਬਾਦ, ਜ਼ੁਲਮ ਬੰਦ ਕਰੋ, ਕਤਲ ਬੰਦ ਕਰੋ, ਸਾਮਰਾਜ ਦੇ ਪਿੱਠੂ....ਲਾਠੀ ਗੋਲੀ ਦੀ ਸਰਕਾਰ ਨਾ ਮਨਜ਼ੂਰ।

"ਹੁਣ ਜ਼ੁਲਮ ਕਿਹਦਾ?" ਕਿਹੜਾ ਸਾਮਰਾਜ?" ਸਾਨਿਆਲ ਨੇ ਸ਼ੇਖ਼ ਨੂੰ ਪੁੱਛਿਆ।

"ਇਹ ਅਮਰੀਕੀ ਸਾਮਰਾਜ ਨੇ ਜ਼ੁਲਮ ਮਸ਼ਰਕੀ ਬੰਗਾਲ (ਪੂਰਬੀ ਬੰਗਾਲ, ਹੁਣ ਬੰਗਲਾ ਦੇਸ਼) ਵਿਚ ਹੋ ਰਿਹਾ ਏ। ਇੰਤਕਾਮ ਵਾਲੀ ਗੱਲ ਅਵਾਮੀ ਲੀਗ ਦੇ ਵਰਕਰਾਂ ਲਿਖ ਛੱਡੀ ਹੋਣੀ ਏ।" ਸ਼ੇਖ਼



ਉਹਨੂੰ ਦੱਸਦਾ ਰਿਹਾ।

"ਅਵਾਮੀ ਲੀਗ? ਕੀਹ ਮੁਸਲਿਮ ਲੀਗ ਦੀ ਥਾਂ?"

"ਇਹ ਬੰਗਾਲ ਦੇ ਮੁਜ਼ੀਬ ਉਲ ਰਹਿਮਾਨ ਦੀ ਪਾਰਟੀ ਏ। ਇਧਰ ਵੀ ਉਹਦਾ ਕੁਝ ਅਸਰ ਹੈ। ਬੜੇ ਗੱਦਾਰ ਨੇ ਬੰਗਾਲੀ।"

"ਬੰਗਾਲੀ? ਕਿਹਦੇ ਨਾਲ ਗੱਦਾਰੀ ਕਰਦੇ ਨੇ?"

ਸ਼ੇਖ਼ ਨੇ ਸਿੱਧਾ ਜਵਾਬ ਦੇਣ ਦੀ ਥਾਂ ਗੱਲ ਬਦਲ ਛੱਡੀ, "ਯਾਰ ਅਸੀਂ ਪੰਜਾਬੀ ਆਪਸ ਵਿਚ ਈ ਚੰਗੇ ਰਹਿੰਦੇ। ਇਹ ਸਾਰੇ ਬੰਗਾਲੀ, ਬਿਹਾਰੀ, ਪੰਜਾਬੀਆਂ ਨੂੰ ਮੰਦਾ ਬੋਲਦੇ ਨੇ। ਉਂਜ ਤੇ ਉਧਰ ਤੁਹਾਡੇ ਵੱਲ ਵੀ ਏਸੇ ਤਰ੍ਹਾਂ ਦੀ ਹੋ ਰਹੀ ਹੈ। ਨਹੀਂ?" ਸ਼ੇਖ਼ ਨੂੰ ਦਿਫ਼ਾਅ (ਬਚਾਅ) ਦੀ ਫ਼ਿਕਰ ਹੋਈ, ਪਰ ਏਸੇ ਗੱਲ 'ਤੇ ਸਾਨਿਆਲ ਦੇ ਮੂੰਹ ਵਿਚ ਕੁੜੱਤਣ ਭਰ ਗਈ।

"ਫਾਰ ਯੂਅਰ ਕਾਈਂਡ ਇਨਫਰਮੇਸ਼ਨ ਮੈਂ ਕਿਸੇ ਵੱਲ ਦਾ ਨਹੀਂ। ਮੈਂ ਭਾਰਤ ਤੋਂ ਨਹੀਂ ਆਇਆ। ਉਹ ਮੇਰਾ ਦੇਸ਼ ਵੀ ਨਹੀਂ। ਮੈਂ ਕੋਈ ਮੁਕਾਬਲਾ ਵੀ ਨਹੀਂ ਕਰ ਰਿਹਾ!! ਏਥੇ ਆਪਣੇ ਸਕੂਲ ਅੱਗੇ ਖਲੋ ਕੇ ਮੈਂ ਤਾਂ ਬਸ ਏਨਾ ਕੁ ਵੇਖ ਰਿਹਾਂ ਪਈ ਮਿਸ ਰਾਓ ਦੇ ਮਾਰੇ ਜਾਣ ਪਿੱਛੋਂ ਏਸ ਕੰਧ ਉੱਤੇ ਕੀਹ ਕੁਝ ਲਿਖਿਆ ਗਿਆ ਤੇ ਕਿਸ ਰੰਗ ਨਾਲ?"

ਸ਼ੇਖ਼ ਹੱਸ ਪਿਆ, "ਅੜਿਆ ਤੂੰ ਹੁਣ ਤਾਈਂ ਕੰਧ ਬਾਰੇ ਸੋਚੀ ਜਾ ਰਿਹਾ ਏਂ।"

"ਮੈਂ ਆਪਣੇ ਸਕੂਲ ਅੱਗੇ ਖਲੋ ਕੇ ਹੋਰ ਕੀ ਸੋਚ ਸਕਦਾ ਵਾਂ?" ਫੇਰ ਉਹ ਜਿਵੇਂ ਫਟ ਪਿਆ ਹੋਵੇ। ਆਖਣ ਲੱਗਾ, "ਮੇਰੇ ਕੋਲ ਵੇਲਾ ਕੋਈ ਨਹੀਂ। ਮੇਰਾ ਵੀਜ਼ਾ ਮੈਨੂੰ ਇਕ ਸੜਕ ਅੱਗੇ ਜਾਣ ਦੀ ਇਜ਼ਾਜ਼ਤ ਨਹੀਂ ਦੇਂਦਾ। ਮੈਂ ਏਥੋਂ ਦਾ ਸ਼ਹਿਰੀ ਸੀ। ਸ਼ਹਿਰ ਵਿਚ ਮੇਰਾ ਜੱਦੀ ਪੁਸ਼ਤੀ ਘਰ ਸੀ। ਮੇਰੀਆਂ ਜੜ੍ਹਾਂ ਪੰਜਾਬ ਦੀ ਧਰਤੀ ਵਿਚ ਕਿੱਡੀਆਂ ਥੱਲੇ ਸੀ, ਪਰ ਉਹਨਾਂ ਜਿਵੇਂ ਮੈਨੂੰ ਰੰਬੇ ਨਾਲ ਚੁੱਕ ਕੇ ਪਰਾਂਹ ਸੁੱਟ ਦਿੱਤਾ ਹੋਵੇ। ਫੇਰ ਵੀ ਜਾਣ ਲੱਗਾ ਮੈਂ ਬਹੁਤ ਸਾਰਾ ਲਾਹੌਰ ਆਪਣੇ ਦਿਲ ਵਿਚ ਵਸਾ ਕੇ ਲੈ ਗਿਆ ਸਾਂ। ਹੁਣ ਤਾਈਂ ਉਸੇ ਨਾਲ ਵਸਦਾ ਰਿਹਾ ਵਾਂ। ਉਥੇ ਲੰਦਨ ਵਿਚ ਮੇਰੀ ਪਛਾਣ ਦਾ ਹਵਾਲਾ ਏਹੋ ਈ ਏ, "ਸਾਨਿਆਲ ਬਖ਼ਸ਼ੀ ਫਰਾਮ ਲਾਹੌਰ" ਏਸ ਜੜ੍ਹ ਨੂੰ ਮੇਰੇ ਦਿਲ ਤੋਂ ਪੁੱਟ ਸੁੱਟਣਾ ਕਿਸੇ ਦੇ ਵੱਸ ਦੀ ਗੱਲ ਨਹੀਂ, ਪਰ ਅੱਜ ਇਹ ਸ਼ਹਿਰ ਕਿੱਡਾ ਬੇਗਾਨਾ ਜਿਹਾ ਲੱਗਾ। ਉੱਕਾ ਈ ਪਰਾਇਆ। ਵੇਲੇ ਨੇ ਮੇਰਾ ਸ਼ਿਕਾਰ ਖੇਡਿਆ। ਏਸ ਕੰਧ ਨੇ ਮੇਰੇ ਨਾਲ ਕੀਹ ਕੀਤਾ? ਤੇਰੀ ਤਾਰੀਖ਼ ਦੀ ਜੜ੍ਹ ਵੱਢ ਛੱਡੀ। ਕੋਈ ਥਾਂ ਮੇਰੀ ਨਹੀਂ, ਜਿੱਥੇ ਪਰਤ ਕੇ ਜਾਵਾਂ। ਮੈਂ ਇਕ ਜਲਾਵਤਨ। ਫੇਰ ਵੀ ਕਿਸੇ ਫ਼ਲਸਤੀਨੀ ਵਾਂਗ ਆਪਣੇ ਬੱਚਿਆਂ ਦੇ ਦਿਲ ਵਿਚ ਪੰਜਾਬ ਦੇਸ਼ ਦੇ ਬੀਜ ਬੀਜਦਾ ਰਹਿੰਦਾ ਵਾਂ। ਮੇਰਾ ਪੁੱਤਰ ਲੰਦਨ ਵਿਚ ਜੰਮਿਆ, ਪਰ ਲੰਦਨ ਨੂੰ ਆਪਣਾ ਦੇਸ਼ ਨਹੀਂ ਮੰਨਦਾ। ਉਹ ਆਪਣੀਆਂ ਜੜ੍ਹਾਂ ਦੀ ਖੋਜ ਚਾਹੁੰਦਾ ਏ। ਕੀ ਸੁਣਾਵਾਂਗਾ ਉਹਨੂੰ। ਏਥੋਂ ਕੀ ਲੈ ਕੇ ਜਾਵਾਂਗਾ? ਕਿੰਨੇ ਸਵਾਲ ਪੁੱਛੇਗਾ। ਇਹ ਵੀ ਪਈ ਮੈਂ ਲਾਹੌਰ ਜਾ ਕੇ ਕੀ ਕੁਝ ਵੇਖਿਆ।"

"ਉਹਨੂੰ ਦੱਸ ਦਈਂ ਤੂੰ ਲਾਹੌਰ ਸ਼ਹਿਰ ਦੀ ਇਕ ਨਕਾਰੀ ਜਿਹੀ ਕੰਧ ਅੱਗੇ ਘੰਟਾ ਭਰ ਖੜ੍ਹਾ ਰਿਹਾ।" ਸ਼ੇਖ਼ ਨਸੀਰ ਨੇ ਉਹਨੂੰ ਛੇੜਿਆ।

"ਨਹੀਂ, ਬੇਕਾਰ ਨਹੀਂ ਖੜ੍ਹਾ। ਮੈਂ ਇਕ ਅਜ਼ਲੀ ਸਵਾਲ ਵਾਸਤੇ ਵੀ ਸੋਚ ਰਿਹਾ ਵਾਂ। ਆਦਮ ਹਵਾ ਨੂੰ ਜੰਨਤ ਵਿਚੋਂ ਕਿਉਂ ਕੱਢ ਛੱਡਿਆ ਸੀ ਤੇ ਕਿਹਨੇ?" ਕੀ ਸੱਚੀਂਮੁੱਚੀਂ ਉਹਨੇ ਕਣਕ ਦਾ ਦਾਣਾ ਖਾਧਾ ਸੀ ਜਾਂ ਕਿਸੇ ਕੰਧ ਉੱਤੇ ਲਿਖੇ ਲਫ਼ਜ਼ ਪੜ੍ਹ ਲਏ ਸੀ। ਵੇਖ ਸਕਦੇ ਓ ਅੱਜ ਇਹ ਕੰਧ ਕਿੰਨੇ ਸਾਰੇ ਗੁਨਾਹਾਂ ਦੇ ਧੱਬੇ ਆਪਣੇ-ਆਪਣੇ ਜਿਸਮ ਉੱਤੇ ਲਪੇਟੀ ਖੜ੍ਹੀ ਏ। ਮਿੱਸ ਰਾਉ ਵਰਗੀ ਪਾਕੀਜ਼ਾ ਟੀਚਰ ਦਾ ਲਹੂ ਵੀ। ਖ਼ਬਰੇ ਮਿੱਸ ਰਾਉ ਨੇ ਗਲਤੀ ਕੀਤੀ ਜੋ ਗਾਰਡ ਦੀ ਵਾੜ ਕਟਾ ਕੇ ਪੱਕੀ ਕੰਧ ਬਣਾ

ਛੱਡੀ।"

"ਮਿੱਸ ਰਾਉ ਨੇ ਗ਼ਲਤੀ ਕੀਤੀ ਕਿ ਨਹੀਂ, ਪਰ ਤੂੰ ਏਸ ਵੇਲੇ ਗ਼ਲਤੀ ਜ਼ਰੂਰ ਕਰ ਰਿਹਾ ਏਂ। ਐਡਾ ਮਹਿੰਗਾ ਵੇਲਾ ਕੰਧ ਪੜ੍ਹਣ ਤੇ ਖ਼ਰਚ ਕਰਕੇ ਕੀ ਲੱਭਣਾ। ਲਾਹੌਰ ਆਇਆ ਏਂ ਤਾਂ ਕਿਸੇ ਨੂੰ ਮਿਲ ਲੈ ਚੱਲ ਕੇ।" ਸ਼ੇਖ਼ ਉਹਨੂੰ ਹੱਥ ਫੜ ਕੇ ਅਗਾਂਹ ਟੁਰ ਗਿਆ।"

"ਹਾਂ ਸੱਚੀਮੁੱਚੀ ਮੈਂ ਬੰਸੋ ਦੇ ਟੱਬਰ ਨੂੰ ਮਿਲਣਾ ਚਾਹੁੰਦਾ ਵਾਂ। ਉਹ ਸਾਡੇ ਘਰ ਕੰਮ ਕਰਦੇ ਸੀ ਤੇ ਬਰਕਤ ਅਲੀ, ਰਹਿਮਾ ਸਾਈਸ ਸਾਡੀ ਬੱਘੀ ਚਲਾਉਂਦਾ ਹੁੰਦਾ ਸੀ। ਹੁਣ ਪਤਾ ਨਹੀਂ ਉਹ ਸਾਰੇ ਕਿੱਥੇ ਹੋਣਗੇ? ਗ਼ੁਲਾਮ ਰਸੂਲ ਨੂੰ ਪਤਾ ਹੋਣਾ।"

"ਗ਼ੁਲਾਮ ਰਸੂਲ? "

"ਆਹੋ ਉਹ ਸਾਡਾ ਰਸੋਈਆ ਹੁੰਦਾ ਸੀ। ਮੈਂ ਉਹਨੂੰ ਖ਼ਤ ਲਿਖਦਾ ਰਹਿੰਦਾ।"

"ਤੁਹਾਡਾ ਰਸੋਈਆ ਮੁਸਲਮਾਨ?" ਸ਼ੇਖ਼ ਨਸੀਰ ਨੇ ਉਹਦੀ ਜਜ਼ਬਾਤੀ ਖਿੱਚ ਘੱਟ ਕਰਨ ਲਈ ਗੱਲ ਪੁੱਛੀ, ਨਹੀਂ ਤਾਂ ਉਹ ਜਾਣਦਾ ਸੀ ਮੁਗ਼ਲਾਂ ਦੇ ਵੇਲਿਆਂ ਤੋਂ ਵੱਡੇ-ਵੱਡੇ ਹਿੰਦੂ ਸਿੱਖ ਘਰਾਂ ਵਿਚ ਬਾਵਰਚੀ ਮੁਸਲਮਾਨ ਈ ਰੱਖਦੇ ਸੀ। ਸਾਨਿਆਲ ਬਖ਼ਸ਼ੀ ਉਹਨੂੰ ਦੱਸਦਾ ਰਿਹਾ, ਪਈ ਉਹਨਾਂ ਦੇ ਖ਼ਾਨਦਾਨ ਦੀ ਬੈਗ-ਗਰਾਊਂਡ ਜ਼ਿਮੀਦਾਰੀ ਵਾਲੀ ਰਹੀ ਏ। ਸਦੀਆਂ ਤੋਂ ਸਾਡਾ ਖ਼ਾਨਦਾਨ ਜ਼ਮੀਨ ਨਾਲ ਜੁੜਿਆ ਰਿਹਾ। ਵੱਡੇ-ਵੱਡੇ ਮੁਸਲਿਮ ਜ਼ਿੰਮੀਦਾਰਾਂ ਨਾਲ ਦੋਸਤੀ ਤੁਅੱਲਕ ਸੀ। ਦਾਅਵਤਾਂ ਰੋਜ਼ ਈ ਹੁੰਦੀਆਂ। ਗੋਸ਼ਤ ਵਾਲੇ ਖਾਣੇ ਪੱਕਦੇ। ਹੁਣ ਮੁਰਗ਼ਾ ਰੋਸਟ ਜਾਂ ਭੁੱਜੇ ਬਟੇਰਿਆਂ ਵਾਲਾ ਕੰਮ ਕੋਈ ਹਿੰਦੂ ਰਸੋਈਆ ਤਾਂ ਕਰ ਨਹੀਂ ਸੀ ਸਕਦਾ।

"ਹੁਣ ਉਹਨਾਂ ਦੋਸਤਾਂ ਨੂੰ ਮਿਲਣ ਬਾਰੇ ਕੀ ਖ਼ਿਆਲ ਏ?" ਘੱਟੋ-ਘੱਟ ਉਹ ਜਿਹੜੇ ਲਾਹੌਰ ਵਿਚ ਰਹਿੰਦੇ ਨੇ।" ਸ਼ੇਖ਼ ਨੇ ਉਹਨੂੰ ਆਖਿਆ।

"ਨਹੀਂ, ਮੈਂ ਉਹਨਾਂ ਵਿਚੋਂ ਕਿਸੇ ਨੂੰ ਵੀ ਮਿਲਣਾ ਨਹੀਂ ਚਾਹੁੰਦਾ।" ਸਾਨਿਆਲ ਨੇ ਜਵਾਬ ਦਿੱਤਾ।

"ਪਰ ਕਿਉਂ? "

"ਵੇਲੇ ਸਿਰ ਸਾਰਿਆਂ ਨੇ ਦਗਾ ਦਿੱਤਾ। ਉਹ ਚਾਹੁੰਦੇ ਸੀ ਸਾਨੂੰ ਏਥੋਂ ਕੱਢ ਦਿੱਤਾ ਜਾਵੇ।"

"ਆਹੋ ਮਜ਼ਹਬ ਨੂੰ ਸਿਆਸਤ ਨਾਲ ਜੋੜਨਾ ਠੀਕ ਨਹੀਂ ਰਿਹਾ।" ਸ਼ੇਖ਼ ਨੇ ਇਕ ਵਾਰੀ ਫੇਰ ਮੁਆਜ਼ਰਤ (ਮੁਆਫ਼ੀ) ਵਾਲੀ ਗੱਲ ਕੀਤੀ।

"ਨਾ ਵੀਰਾ ਨਾ। ਮਜ਼ਹਬ ਸਿਆਸਤ ਇਹਨਾਂ ਵਿਚੋਂ ਕੋਈ ਵੀ ਕਦੇ ਵੀ ਪੰਜਾਬ ਦੇ ਜ਼ਿਮੀਂਦਾਰਾਂ ਦਾ ਮਸਲਾ ਨਹੀਂ ਰਿਹਾ।"

"ਚੰਗਾ ਤੂੰ ਦੱਸ ਦੇ ਮੁਆਮਲਾ ਕੀ ਸੀ? "

"ਇਹਨਾਂ ਵਿਚੋਂ ਬਹੁਤੇ ਹਿੰਦੂ ਦੇ ਮਕਰੂਜ਼ (ਕਰਜ਼ਦਾਰ) ਸਨ।"

"ਪਰ ਕਿਉਂ? ਤੁਹਾਡੀ ਟੱਕਰ ਦੇ ਜ਼ਮੀਨਾਂ ਮੁਰੱਬਿਆਂ ਵਾਲੇ ਮਕਰੂਜ਼ ਕਿੰਜ ਹੋ ਗਏ?"

ਸਾਨਿਆਲ ਨੂੰ ਲੱਗਾ ਸ਼ੇਖ਼ ਪੁੱਤਰ ਉੱਕਾ ਈ ਪੈਦਲ ਸੀ। ਉਹਨੂੰ ਦੱਸਦਾ ਰਿਹਾ, "ਮੇਰੇ ਬਾਪ ਦਾਦੇ ਦੀ ਲੱਖਾਂ ਦੀ ਪ੍ਰੈਕਟਿਸ ਸੀ। ਆਪਣੀ ਜ਼ਿੰਮੀਂਦਾਰੀ ਨੂੰ ਉਹਨਾਂ ਤਰੱਕੀ ਵੀ ਦਿੱਤੀ। ਮੁਜ਼ਾਰੇ ਦੀ ਹਾਲਤ ਵਿਗੜਣ ਨਾ ਦਿੱਤੀ। ਖੇਤੀ ਦੇ ਨਵੇਂ ਤਜਬਰੇ ਕਰਾਏ। ਬਾਗ਼ ਲਵਾਏ। ਨਾਲ-ਨਾਲ ਕਾਰਖ਼ਾਨੇ ਵੀ। ਦੂਜੇ ਪਾਸੇ ਕੀ ਸੀ। ਅਨਪੜ੍ਹਤਾ, ਅੱਯਾਸ਼ੀ ਤੇ ਪਛੜਿਆਪਣ। ਵੱਡੇ-ਵੱਡੇ ਜ਼ਿੰਮੀਦਾਰਾਂ ਦੀਆਂ ਜ਼ਮੀਨਾਂ ਗਿਰਵੀ ਪਈਆਂ ਹੋਈਆਂ ਸੀ।"

"ਇਹਦਾ ਮਤਲਬ ਏ ਉਹਨਾਂ ਨਾਲ ਤੁਅੱਲਕ ਕੋਈ ਨਾ।"



"ਬਿਲਕੁਲ ਖ਼ਤਮ।"

"ਤੇ ਉਹ ਖ਼ਾਨਸਾਮਾ, ਸਾਈਸ ਵਗੈਰਾ ਨੂੰ ਮਿਲਣ ਦੀ ਗੱਲ? "

"ਉਹ ਗੱਲ ਪੱਕੀ ਏ। ਮੈਂ ਉਹਨਾਂ ਕੋਲ ਜ਼ਰੂਰ ਜਾਵਾਂਗਾ। ਉਹੋ ਸਾਨੂੰ ਬਚਾਉਣ ਵਾਲੇ ਸੀ। ਉਹਨਾਂ ਦੀ ਵਜ੍ਹਾ ਨਾਲ ਘਰ ਦੇ ਜੀਅ ਬਚ ਗਏ। ਕੋਠੀ ਲੁੱਟੀ ਨਾ ਗਈ। ਕੁੜੀਆਂ ਅਗਵਾ ਨਾ ਹੋਈਆਂ। ਸਾਡੇ ਬਹੁਤੇ ਨੌਕਰ ਮੁਸਲਮਾਨ ਹੁੰਦੇ ਸੀ।"

"ਉਹ ਮੁਸਲਮਾਨ ਤੁਹਾਨੂੰ ਬਚਾਉਂਦੇ ਰਹੇ?"

"ਬੇਸ਼ੱਕ ਮੈਂ ਪਹਿਲਾਂ ਵੀ ਆਖਿਆ ਝਗੜਾ ਹਿੰਦੂ, ਮੁਸਲਮਾਨ ਦਾ ਨਹੀਂ ਸੀ। ਝਗੜਾ ਤੇ ਉਹਨਾਂ ਪਾਇਆ ਜਿਹਨਾਂ ਘਰ ਕੋਠੀਆਂ ਲਏ। ਜਾਇਦਾਦ ਉੱਤੇ ਕਬਜ਼ੇ ਕੀਤੇ।"

"ਛੱਡ ਯਾਰ ਤੂੰ ਕਿਵੇਂ ਸਹਿ ਸਕਦਾ ਏਂ, ਤੁਹਾਡੇ ਜਾਣ ਪਿੱਛੋਂ ਕੋਠੀ ਨੌਕਰਾਂ ਨੇ ਨਹੀਂ ਲੁੱਟੀ?"

"ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਸਗੋਂ ਉਹਨਾਂ ਪੂਰੀ ਨਿਗਰਾਨੀ ਕੀਤੀ। ਸਾਡੇ ਕੁੱਤੇ, ਘੋੜੇ ਵੀ ਸਾਂਭ ਕੇ ਰੱਖੇ। ਉਸ ਵੇਲੇ ਤਾਈਂ ਜਦੋਂ ਕਸਟੋਡੀਅਨ ਵਾਲਿਆਂ ਨੇ ਤੇ ਲੀਗੀ ਲੀਡਰਾਂ ਨੇ ਰਲ ਮਿਲ ਕੇ ਸਭ ਕੁਝ ਲੁੱਟਿਆ। ਸਿਵਾਏ ਸੋਨਾ, ਚਾਂਦੀ ਤੇ ਕਰੰਸੀ ਦੇ।"

"ਕੀ ਆਖਿਆ! ਸੋਨਾ ਚਾਂਦੀ ਤੇ ਕਰੰਸੀ ਬਚ ਗਈ? ਉਹ ਕਿਵੇਂ?"

"ਹਾਂ ਸਭ ਕੁਝ ਬਚ ਗਿਆ। ਇਹਨਾਂ ਨੌਕਰਾਂ ਦੀ ਵਜ੍ਹਾ ਕਰਕੇ। ਉਸ ਵੇਲੇ ਕੋਠੀ ਦੇ ਕਵਾਟਰ ਵਿਚ ਤਿੰਨ ਟੱਬਰ ਮੁਸਲਮਾਨਾਂ ਦੇ ਰਹਿੰਦੇ ਸੀ। ਇਕ ਚੂੜ੍ਹਿਆਂ ਦਾ। ਉਸ ਰਾਤ ਨਿਕਲਣ ਤੋਂ ਪਹਿਲੋਂ ਮੇਰੇ ਮਾਤਾ-ਪਿਤਾ ਨੇ ਤਜੋਰੀਆਂ ਦਾ ਮਾਲ, ਔਰਤਾਂ ਦੇ ਜ਼ੇਵਰ ਗਹਿਣੇ 'ਕੱਠੇ ਕਰਕੇ ਚਾਰ ਕਨੱਸਤਰਾਂ ਵਿਚ ਭਰਿਆ। ਫੇਰ ਇਕ-ਇਕ ਕਨੱਸਤਰ ਉਹਨਾਂ ਚੌਹਾਂ ਕੋਲ ਰਖਵਾ ਦਿੱਤਾ। ਏਸ ਖ਼ਿਆਲ ਨਾਲ ਜੇ ਉਹ ਮਾਰ ਵੀ ਲੈਣ ਤਾਂ ਵੀ ਲੁੱਟ ਜਾਣ ਨਾਲੋਂ ਤਾਂ ਚੰਗਾ ਈ ਏ। ਉਹਨਾਂ ਦੀਆਂ ਪੁਸ਼ਤਾਂ ਨੇ ਸਾਡੀਆਂ ਪੀੜ੍ਹੀਆਂ ਦੀ ਖ਼ਿਦਮਤ ਕੀਤੀ ਸੀ। ਪਿੱਛੋਂ ਚੰਗੀ ਜ਼ਿੰਦਗੀ ਗੁਜ਼ਾਰਨਗੇ ਤਾਂ ਯਾਦ ਕਰਨਗੇ। ਇਕ ਕਨੱਸਤਰ ਵਿਚ ਘੱਟੋ-ਘੱਟ ਪੰਜ ਲੱਖ ਦਾ ਮਾਲ ਸੀ ਅੰਦਾਜ਼ਨ ਉਸ ਜ਼ਮਾਨੇ ਵਿਚ।"

"ਉਹ ਤਾਂ ਲੱਖਪਤੀ ਹੋ ਗਏ ਹੋਣਗੇ?" ਸ਼ੇਖ਼ ਨੇ ਪੁੱਛਿਆ।

"ਨਹੀਂ ਉਹਨਾਂ ਉਹ ਕਨੱਸਤਰ ਜ਼ਮੀਨ ਵਿਚ ਦੱਬ ਦਿੱਤੇ। ਕਿਸੇ ਨੇ ਖੋਹਲ ਕੇ ਤੱਕਿਆ ਵੀ ਨਹੀਂ, ਅੰਦਰ ਕੀ ਏ। ਫ਼ਸਾਦ ਖ਼ਤਮ ਹੋਣ ਪਿੱਛੋਂ ਪਿਤਾ ਜੀ ਇਕ ਦਿਨ ਲਈ ਲਾਹੌਰ ਆਏ, ਇਜਾਜ਼ਤ ਲੈ ਕੇ ਆਪਣੀਆਂ ਕਿਤਾਬਾਂ ਕਾਗਜ਼ ਲੈਣ ਵਾਸਤੇ। ਉਸ ਵੇਲੇ ਉਹਨਾਂ ਦੌਲਤ ਦੇ ਭਰੇ ਹੋਏ ਚਾਰੇ ਪੀਪੇ ਕੱਢ ਕੇ ਸਾਹਮਣੇ ਰੱਖ ਦਿੱਤੇ। ਸਗੋਂ ਸਿਰਾਂ 'ਤੇ ਚਾ ਕੇ ਸਰਹੱਦ ਤੋੜੀ ਛੱਡ ਵੀ ਆਏ। ਉਹੋ ਦੌਲਤ ਸੀ ਜਿਸ ਨਾਲ ਅਸੀਂ ਸਾਰੇ ਇੰਗਲੈਂਡ ਜਾ ਕੇ ਚੰਗੀ ਤਰ੍ਹਾਂ ਸੈਟਲ ਵੀ ਹੋ ਸਕੇ।"

ਸ਼ਾਮਾਂ ਵੇਲੇ ਆਪਣੀ ਫਲਾਈਟ ਤੋਂ ਦੋ ਘੰਟੇ ਪਹਿਲਾਂ ਬਖ਼ਸ਼ੀ ਸਾਨਿਆਲ ਧੋਬੀ ਮੰਡੀ ਦੀ ਇਕ ਗੰਦੀ ਜਿਹੀ ਗਲ਼ੀ ਵਿਚ ਗ਼ੁਲਾਮ ਰਸੂਲ ਦੇ ਘਰ ਰੋਟੀ ਖਾਵਣ ਲਈ ਗਿਆ। ਕਿੰਨਾ ਬੁੱਢਾ ਤੇ ਮਾੜਾ ਹੋ ਗਿਆ ਸੀ ਉਹਨਾਂ ਦਾ ਉਹ ਡਸ਼ੁਕਰਾ ਖ਼ਾਨਸਾਮਾ। ਕਿੱਡੀ ਚੀਕਣੀ ਤੇ ਲਿਸ਼ਕਦੀ ਖੱਲ ਹੁੰਦੀ ਸੀ ਤੇ ਕਾਲੀਆਂ ਘਟ ਮੁੱਛਾਂ, ਜਿਹਨਾਂ ਨੂੰ ਹਰ ਵੇਲੇ ਦੇਸੀ ਘਿਓ ਨਾਲ ਥਿੰਦਿਆ ਰੱਖਦਾ ਸੀ। ਬੜੇ ਪਿਆਰ ਨਾਲ ਉਹਨੇ ਭੁੱਜੇ ਬਟੇਰੇ ਆਪਣੇ ਛੋਟੇ ਸਾਹਿਬ ਅੱਗੇ ਰੱਖੇ। ਫੇਰ ਪੱਖਾ ਝੱਲਦੇ ਹੋਏ ਨਿੱਕੀਆਂ-ਨਿੱਕੀਆਂ ਗੱਲਾਂ ਕਰਦਾ ਰਿਹਾ। "ਸਾਹਿਬ ਤੁਹਾਡੀ ਕੋਠੀ ਦਾ ਬੁਰਾ ਹਾਲ ਕਰ ਛੱਡਿਆ ਉਹਨਾਂ। ਕੋਈ ਕਮੀਨੇ ਪਨਾਹਗੀਰ ਨੇ। ਅਜੇ ਤਾਈਂ ਉਹੋ ਰੰਗ ਸਫ਼ੈਦੀ ਚੱਲ ਰਿਹਾ ਏ। ਕੋਈ ਜ਼ਰਾ ਜਿਹੀ ਮੁਰੰਮਤ ਵੀ ਨਹੀਂ ਕਰਾਉਂਦਾ। ਬਾਗ਼ ਤਾਂ ਉੱਕਾ ਉਜਾੜ ਕੇ ਰੱਖ ਦਿੱਤਾ ਹੋਇਆ ਏ। ਫੁੱਲਾਂ ਦੇ ਦਰੱਖ਼ਤ ਵੱਢ ਕੇ ਲੱਕੜ ਸਾੜ ਸੁੱਟੀ। ਮੇਰੇ ਕੋਲੋਂ ਤਾਂ ਵੇਖਿਆ ਨਹੀਂ ਗਿਆ। ਕਵਾਟਰ ਛੱਡ ਕੇ ਏਥੇ ਆ ਗਿਆ। ਉਂਜ ਵੀ ਉਹ

ਕਮੀਨੇ ਕਵਾਟਰ ਦਾ ਕਿਰਾਇਆ ਮੰਗਣ ਲੱਗ ਪਏ ਸੀ। ਲੁੱਚੇ ਕਿਸੇ ਥਾਂ ਦੇ।" ਆਪ ਗ਼ੁਲਾਮ ਰਸੂਲ ਦੇ ਹਾਲਾਤ ਕੀ ਸਨ? ਇਕ ਮੁੰਡਾ ਅਵਾਰਾ ਨਿੱਕਲ ਗਿਆ। ਦੂਜਾ ਟੇਸ਼ਣ 'ਤੇ ਜਾ ਕੇ ਕੁਲੀ ਬਣ ਗਿਆ। ਤੀਜਾ ਜੋ ਥੋੜ੍ਹਾ ਬਹੁਤ ਪੜ੍ਹ ਗਿਆ ਸੀ, ਕਿਸੇ ਸਿਆਸੀ ਪਾਰਟੀ ਦਾ ਰੁਕਨ ਬਣ ਗਿਆ। ਜ਼ਿੰਦਾਬਾਦ, ਮੁਰਦਾਬਾਦ ਕਰਦਾ ਏ। ਖ਼ਬਰੇ ਏਸ ਆਸਰੇ ਪਈ ਪਾਰਟੀ ਇਕਤਦਾਰ (ਤਾਕਤ) ਵਿਚ ਆ ਚੰਗੀ ਨੌਕਰੀ ਦਿਵਾ ਦੇਵੇ।

"ਰਹਿਮਾ ਸਾਈਸ ਤੇ ਬੰਸੋ ਦਾ ਟੱਬਰ ਕਿਸ ਹਾਲ ਵਿਚ ਏ?" ਸਾਨਿਆਲ ਦੇ ਪੁੱਛਣ 'ਤੇ ਗ਼ੁਲਾਮ ਰਸੂਲ ਦੱਸਦਾ ਰਿਹਾ, "ਰਹਿਮਾ ਤਾਂ ਪਿੰਡ ਚਲਾ ਗਿਆ। ਉਥੇ ਬਾਪ ਦੀ ਥਾਂ ਬਾਹੀ ਬੀਜੀ ਕਰਨ ਲੱਗ ਪਿਆ।" ਸਾਨਿਆਲ ਨੂੰ ਉਹ ਪਿੰਡ ਵੀ ਯਾਦ ਆਇਆ ਜਿੱਥੇ ਉਹਨਾਂ ਦੀ ਜ਼ਮੀਨ ਸੀ। ਰਹਿਮਾ ਅਸਲ ਵਿਚ ਉਹਨਾਂ ਦੇ ਗੁਜ਼ਾਰੇ ਦਾ ਪੁੱਤਰ ਈ ਸੀ। ਬੱਘੀ ਚਲਾਵਣ ਵਾਸਤੇ ਸ਼ਹਿਰ ਲਿਆਂਦਾ ਗਿਆ ਸੀ। ਰਹੀ ਬੰਸੋ ਚੂਹੜੀ, ਉਹ ਕਦੋਂ ਦੀ ਮਰ ਚੁੱਕੀ। ਉਹਦਾ ਟੱਬਰ ਹਾਲੇ ਵੀ ਉਸੇ ਕੋਠੀ ਵਿਚ ਰਹਿੰਦਾ, ਟਾਕੀ ਝਾੜੂ ਕਰਦਾ ਏ।

ਸ਼ਾਮ ਪਈ ਏਅਰ ਪੋਰਟ ਜਾਣ ਵਾਸਤੇ ਆਪਣੇ ਬੈਗ ਵਿਚ ਚੀਜ਼ਾਂ ਵਸਤਾਂ ਰੱਖਦੇ ਹੋਏ ਉਹ ਸੋਚਦਾ ਰਿਹਾ। ਇਹ ਦੋ ਦਿਹਾੜੇ ਉਹਦੀ ਜ਼ਿੰਦਗੀ ਵਿਚ ਕਿੱਡੇ ਖ਼ਾਸ ਹੋ ਗਏ। ਇਕ ਵਾਰੀ ਫੇਰ ਉਹਨੇ ਭਾਰੇ-ਭਾਰੇ ਪਿੱਪਲ ਬਰੋਟੇ ਵੇਖ ਲਏ। ਉਹੋ ਕੇਸਰ ਦੇ ਫੁੱਲ, ਟਾਹਲੀਆਂ ਪੰਜਾਬ ਦੀਆਂ ਪਾਲੀਆਂ। ਖਿੜਕੀ ਕੋਲ ਜਾ ਕੇ ਉਹਨੇ ਖਿੱਚ ਕੇ ਸਾਹ ਲਿਆ। ਰਾਵੀ ਦੇਸ ਦੀ ਹਵਾ! ਅੱਜ ਉਹ ਉਹਨਾਂ ਸੜਕਾਂ ਉੱਤੇ ਫਿਰਦਾ ਰਿਹਾ, ਜਿਹਨਾਂ 'ਤੇ ਉਹਦੇ ਵਡਾਰੂ ਫਿਰਦੇ ਸੀ। ਦੇਸ-ਨਿਕਾਲੇ ਦਾ ਦਰਦ ਕਦੇ ਦਿਲੋਂ ਗਿਆ ਨਹੀਂ, ਪਰ ਇਹ ਤਾਜ਼ਾ ਤਜਰਬਾ? ਆਪਣੇ ਸ਼ਹਿਰ ਵਿਚ ਬੇ-ਪਛਾਣ ਫਿਰਨਾ! ਹੁਣ ਉਹ ਮੁੜ ਕੇ ਜਾ ਰਿਹਾ ਏ। ਕਿਸੇ ਨੂੰ ਦਿਲ ਦਾ ਹਾਲ ਦੱਸੇ ਬਗੈਰ। ਦਿਲ ਕੇਹਾ ਖ਼ਾਲੀ-ਖ਼ਾਲੀ ਲੱਗ ਰਿਹਾ ਏ। ਕਿੱਡੀ ਆਰਜ਼ੂ ਸੀ ਏਥੇ ਮੁੜ ਕੇ ਆਵਣ ਦੀ, ਪਰ ਹੁਣ ਮੁੜ ਜਾਣ ਦੀ ਜਲਦੀ। ਚਲੇ ਜਾਣਾ ਮੁੜ ਕਦੇ ਨਹੀਂ ਆਉਣਾ! ਲਾਹੌਰ ਲੰਦਨ ਕੋਲੋਂ ਵੱਧ ਅਜ਼ਨਬੀ ਲੱਗਾ।

ਸਾਨਿਆਲ ਬਖ਼ਸ਼ੀ ਦੇ ਅੰਦਰ ਏਸ ਜਜ਼ਬਾਤੀ ਸੋਜ਼-ਸਾਜ਼ ਤੋਂ ਅੱਗੇ ਵੀ ਕੁਝ ਚੁੱਭ ਰਿਹਾ ਸੀ। ਉਹ ਨਵੀਂ ਸੋਚ ਦਾ ਇਨਸਾਨ ਸੀ। ਪੁਰਾਣੀ ਦੁਨੀਆਂ ਦਾ ਪੁਰਾਣਾ ਵਸਨੀਕ। ਸਾਰੇ ਭੰਬਲਭੂਸੇ ਸਮਝ ਸਕਦਾ ਸੀ। ਏਸੇ ਕਰਕੇ ਉਹ ਜਜ਼ਬਾਤ ਦੀ ਪਕੜ ਤੋਂ ਛੁੱਟ ਕੇ ਠੰਡੀ ਸੋਚ ਵੀ ਸੋਚ ਸਕਦਾ ਸੀ। ਤਵਾਰੀਖ਼ ਨੇ ਕੇਹਾ ਪਲਟਾ ਮਾਰਿਆ। ਸਭ ਕੁਝ ਉਲਟ ਗਿਆ। ਉਹ 'ਕੱਲਾ ਨਹੀਂ ਲੱਖਾਂ ਕਰੋੜਾਂ ਲੋਕੀ ਪਛਾੜੇ ਗਏ। ਕਿੱਡੀ ਬੇਦਰਦੀ ਨਾਲ ਉਹਨਾਂ ਦੀਆਂ ਜੜ੍ਹਾਂ ਵੱਢੀਆਂ ਗਈਆਂ। ਵਤਨੋਂ ਬੇਵਤਨੇ ਹੋਏ ਲੋਕ ਅਹਿਤਜਾਜ (ਰੋਸ) ਵੀ ਨਾ ਕਰ ਸਕੇ। ਉਹਨਾਂ ਦੀ ਸੰਘੀ ਘੁੱਟੀ ਗਈ ਪਰ ਕਾਹਦੇ ਲਈ? ਕਾਹਦੇ, ਕਾਹਦੇ? ਸੁਣੀਆਂ, ਪੜ੍ਹੀਆਂ ਗੱਲਾਂ ਹੋਰ ਸੀ। ਬੀਤੀਆਂ ਵਰਤੀਆਂ ਹੋਰ। ਏਸ ਖਿੱਤੇ ਵਿਚ ਲੋਕਾਂ ਲੁੱਟ ਮਾਰ ਕਰਕੇ ਯੁੱਗ ਬੀਤ ਗਏ ਸੀ। ਕਈ ਨਸਲਾਂ ਦੀ ਵਿੱਥ ਪਰ ਸਿਆਸਤ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਸਮਝ ਨਾ ਆਈ। ਉਂਜ ਵੀ ਉਹ ਭੈੜੀਆਂ ਨੀਤਾਂ ਵਾਲੇ ਸਨ। ਬੜੇ ਕਮਜ਼ੋਰ ਨਿੱਕਲੇ। ਚੰਗੇ ਫ਼ੈਸਲੇ ਨਾ ਕਰਾ ਸਕੇ। ਉਹਨਾਂ ਆਪਣੇ ਮਤਲਬ ਦੇ ਫ਼ੈਸਲੇ ਕਰਾਏ। ਲੋਕਾਂ ਨੂੰ ਧੋਖਾ ਦਿੱਤਾ। ਅੱਜ ਵੇਖ ਲਵੋ ਕੰਡਿਆਂ ਦੀ ਫ਼ਸਲ।

ਵਡੇਰਿਆਂ ਨੂੰ ਕੱਢ ਕੇ ਕਿਸੇ ਗ਼ਰੀਬ ਮੁਸਲਮਾਨ ਨੂੰ ਫ਼ਾਇਦਾ ਨਹੀਂ ਹੋਇਆ। ਅੱਜ ਵੀ ਉਹੋ ਈ ਏ ਜੋ ਕੱਲ੍ਹ ਸੀ।

ਉਹਨੂੰ ਧੋਬੀ ਮੰਡੀ ਦੀ ਗ਼ਰੀਬ ਆਬਾਦੀ ਯਾਦ ਆਂਦੀ ਰਹੀ ਜਿੱਥੇ ਉਹਦਾ ਗ਼ੁਲਾਮ ਰਸੂਲ ਰਹਿੰਦਾ ਏ ਤੇ ਰਹਿਮਾ ਵੀ ਉਸੇ ਤਰ੍ਹਾਂ। ਸਗੋਂ ਹੋਰ ਭੈੜੇ ਹਾਲਾਤ ਵਿਚ। ਇਹਨਾਂ ਨੂੰ ਨਵੀਂ ਪੁਰਾਣੀ ਦੌਲਤ ਕੋਲੋਂ ਕੁਝ ਨਾ ਜੁੜਿਆ। ਉਹਦੇ ਨੌਕਰਾਂ ਦੇ ਚਾਰੇ ਟੱਬਰ ਕੋਠੀ ਦੇ ਕਵਾਟਰਾਂ ਦੇ ਹੱਕਦਾਰ ਵੀ ਨਾ ਹੋ ਸਕੇ।



ਉਸ ਦੌਲਤ ਨੂੰ ਵੀ ਨਾ ਲੁੱਟ ਸਕੇ ਜੋ ਉਹਨਾਂ ਦੇ ਹੱਥ ਵਿਚ ਸੀ। ਕਿੱਧਰ ਦੀ ਵਫ਼ਾਦਾਰੀ, ਨਿਮਨਖ਼ੋਰੀ। ਮੁਜ਼ਾਰੇ ਹੁਣ ਦੂਜਿਆਂ ਦੇ ਮੁਜ਼ਾਰੇ ਹੋ ਗਏ। ਹਿੰਦੂ ਦੀ ਛੱਡੀ ਜ਼ਮੀਨ ਮੁਸਲਮਾਨ ਮੁਜ਼ਾਰੇ ਨੂੰ ਨਾ ਮਿਲ ਸਕੀ। ਮਜ਼ੇ ਸਾਰੇ ਮਹਾਜਨਾਂ (ਪਨਾਹਗੀਰਾਂ) ਨੂੰ.....ਸੋਚਾਂ....ਸੋਚਾਂ....ਵੇਲੇ ਦੀ ਟੈਕਸੀ ਏਅਰ ਪੋਰਟ ਵੱਲ ਨੱਸੀ ਜਾ ਰਹੀ ਸੀ। ਤੇਜ਼ ਹੋਰ ਤੇਜ਼। ਜਹਾਜ਼ ਨੇ ਇੰਤਜ਼ਾਰ ਕਿੱਥੇ ਕਰਨਾ......।

ਆਪਣੀ ਸੀਟ 'ਤੇ ਬਹਿ ਕੇ ਉਹਨੇ ਜਹਾਜ਼ ਦੀ ਖਿੜਕੀ ਤੋਂ ਬਾਹਰ ਵੇਖਿਆ। ਆਲੇ-ਦੁਆਲੇ, ਖ਼ੂਬਸੂਰਤ ਰਸਤਾ ਲਾਹੌਰ ਲੈ ਕੇ ਜਾਣ ਵਾਲਾ, ਪਰ ਹੁਣ ਦਿਲ ਦੀ ਉਹ ਹਾਲਤ ਨਹੀਂ ਸੀ ਜੋ ਆਵਣ ਵੇਲੇ ਹੋਈ ਸੀ। ਫੇਰ ਵੀ ਅੰਦਰੋਂ ਇਕ ਆਵਾਜ਼ ਉੱਠ ਰਹੀ ਸੀ। ਮੇਰਾ ਸ਼ਹਿਰ, ਮੇਰੀਆਂ ਗਲ਼ੀਆਂ। ਮੇਰਾ ਸਕੂਲ, ਮੇਰੀ ਅਨਾਰਕਲੀ ਮੇਰਾ ਜੀ. ਸੀ.! ਜੀ. ਸੀ. ਤਾਂ ਹਾਲੇ ਵੀ ਮੇਰਾ ਏ। ਰੋਲ ਆਫ਼ ਆਨਰ 'ਤੇ ਮੇਰਾ ਨਾਂ ਹਾਲੇ ਵੀ ਲਿਖਿਆ ਹੋਇਆ ਏ। ਇਹ ਨਾ ਰਵ੍ਹੇਗਾ।

ਜਹਾਜ਼ ਉੱਚਾ ਉੱਠ ਗਿਆ ਤਾਂ ਸਾਰਾ ਸ਼ਹਿਰ ਉਹਦੇ ਸਾਹਮਣੇ ਆ ਗਿਆ। ਕੇਹਾ ਸ਼ਾਨਦਾਰ ਮੰਜ਼ਰ, ਬੇਸ਼ੁਮਾਰ ਮਕਾਨ, ਸੜਕਾਂ, ਮਹਿਲ-ਮੀਨਾਰੇ, ਮਕਬਰੇ....ਜੀ. ਸੀ. ਦੇ ਉੱਚੇ ਮੀਨਾਰ ਉੱਪਰ ਨੂੰ ਉੱਠੇ ਹੱਥਾਂ ਵਾਂਗ, ਜਿਵੇਂ ਆਖ਼ਰੀ ਵਿਉ ਕਰ ਰਹੇ ਹੋਣ। ਸਾਨਿਆਲ ਦੀਆਂ ਅੱਖਾਂ ਭਰ ਗਈਆਂ। ਜੀ. ਤੇਰਾ ਸ਼ੁਕਰੀਆ! ਤੂੰ ਮੈਨੂੰ ਬੜਾ ਕੁਝ ਦਿੱਤਾ। ਅੱਜ ਏਡੀ ਦੂਰੋਂ ਹਾਕ ਮਾਰ ਕੇ ਸੱਦਿਆ ਤੇਰਾ ਕਰਮ! ਤੇਰੇ ਸਦਕੇ ਮੈਨੂੰ ਇਕ ਵਾਰੀ ਫੇਰ ਅਕਲ ਮਿਲੀ। ਮੈਂ ਸਮਝ ਸਕਿਆ, ਤਕਸੀਮ ਹੋਣ ਵਾਲਾ 'ਕੱਲਾ ਮੇਰਾ ਦਿਲ ਈ ਨਹੀਂ। ਆਪ ਲਾਹੌਰ ਦੇ ਦਿਲ ਵਿਚ ਵੀ ਦਰਾੜ ਪੈ ਗਈ ਹੋਈ ਏ।

ਸਭੋ ਕੁਝ ਦੋ ਖੁਣ....ਇਕ ਜਹਾਨ ਕੱਲ੍ਹ ਸੀ, ਅੱਜ ਨਹੀਂ ਏ। ਇਕ ਜਹਾਨ ਅੱਜ ਹੈ ਕੱਲ੍ਹ ਨਹੀਂ ਸੀ। ਇਸਤੋਂ ਪਹਿਲਾਂ?.....ਉਹਨੇ ਦੂਰੇ ਰਾਜ਼ੀ 'ਤੇ ਨਜ਼ਰ ਮਾਰੀ। ਸ਼ਾਇਦ ਕਿਸੇ ਹੋਰ ਸ਼ਹਿਰ ਦੀ ਤਾਰੀਖ਼ ਏਸ ਤਰ੍ਹਾਂ ਵੱਢੀ ਟੁੱਕੀ ਗਈ ਹੋਵੇ।

ਸਾਨਿਆਲ (ਸਖ਼ਸ਼ੀ) ਦਾ ਜਹਾਜ਼ ਲਾਹੌਰ ਦੀਆਂ ਹੱਦਾਂ ਤੋਂ ਬਾਹਰ ਨਿੱਕਲ ਗਿਆ ਤਾਂ ਉਹਨੇ ਬਾਹਰ ਵੇਖਣਾ ਬੰਦ ਕਰ ਦਿੱਤਾ। ਆਪਣੇ ਬੈਗ ਵਿਚ ਰੱਖੇ ਹੋਏ ਮਿੱਟੀ ਦੇ ਪਿਆਲਿਆਂ ਦੀ ਸਾਂਭ ਕਰਨ ਲੱਗਾ। ਪ੍ਰੇਮਾ ਦੀ ਫ਼ਰਮਾਇਸ਼ ਸੀ, ਉਹਨੇ ਚੌਬੁਰਜੀ ਚੌਂਕ ਵਾਲੇ ਘੁਮਿਆਰ ਦੀ ਦੁਕਾਨ ਤੋਂ ਖ਼ਰੀਦ ਲਏ। ਕੋਰੇ ਪਿਆਲਿਆਂ ਵਿਚ ਜਮਾਈ ਹੋਈ ਖ਼ੀਰ ਫਿਰਨੀ ਲੰਡਨ ਵਿਚ ਇਹ ਕਿੱਥੇ ਮਿਲਦੀ ਏ। ਉਹਦੇ ਹਿੰਦੋਸਤਾਨੀ ਦੋਸਤ ਬੜੀ ਸ਼ਾਨ ਨਾਲ ਦੱਸਦੇ ਨੇ। "ਯਹ ਪਿਆਲੇ ਹਮਾਰੇ ਆਗਰੇ ਕੀ ਮਿੱਟੀ ਕੇ ਹੈਂ।" ਹੁਣ ਆਪਣੇ ਘਰ ਦੀ ਦਾਅਵਤ ਵਿਚ ਉਹ ਵੀ ਕਹਿ ਸਕੇਗਾ, "ਇਹ ਪਿਆਲੇ ਮੇਰੇ ਲਾਹੌਰ ਦੀ ਮਿੱਟੀ ਦੇ ਨੇ।" ੦

**ਪਤਾ : ਮਕਾਨ ਨੰ. 318, ਬਦਰ ਬਲਾਕ,**
**ਅਲਾਮਾ ਇਕਬਾਲ ਟਾਊਨ, ਲਹੌਰ।**

**ਪੰਜਾਬੀ ਕਹਾਣੀ ਵਿਚ ਬਰੀਕ ਤੇ ਡੂੰਘੀ ਗੱਲ ਕਰਨ ਵਾਲੇ ਕਹਾਣੀਕਾਰ**
**ਦੀ ਪਹਿਲੀ ਕਿਤਾਬ**
**ਸੌ ਗੱਲਾਂ** (ਕਹਾਣੀਆਂ)
**ਬਲੀਜੀਤ**
**ਪ੍ਰਕਾਸ਼ਕ**
**ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ**
**ਮੁੱਲ 125 ਰੁਪਏ**

## ਸਿਆਸਤਦਾਨ / ਸਲੀਮ ਖਾਂ ਗਿੰਮੀ

ਰਿਟਾਇਰਮੈਂਟ ਦੇ ਬਾਦ ਮੈਨੂੰ ਬਾਰ੍ਹਾਂ ਲੱਖ ਰੁਪਿਆ ਇਕੱਠਾ ਮਿਲਿਆ। ਮੇਰਾ ਆਪਣਾ ਘਰ ਕੋਈ ਨਹੀਂ ਸੀ। ਸ਼ੁਰੂ-ਸ਼ੁਰੂ ਵਿਚ ਕਿਰਾਏ ਦੇ ਮਕਾਨ ਵਿਚ ਰਹਿਣਾ ਪਿਆ। ਫੇਰ ਤਰੱਕੀ ਹੋਈ ਤੇ ਸਰਕਾਰੀ ਫਲੈਟ ਮਿਲ ਗਿਆ। ਮਹਿਕਮਾ ਅਜਿਹਾ ਸੀ ਪਈ ਉੱਤੋਂ ਆਮਦਨੀ ਕੋਈ ਨਹੀਂ ਸੀ, ਜੇ ਹੁੰਦੀ ਵੀ ਤਾਂ ਲੈ ਨਹੀਂ ਸੀ ਸਕਦਾ, ਕਿਉਂ ਜੇ ਮੁੱਢੋਂ ਡਰਾਕਲ ਆਂ। ਬਹੁਤਾ ਅੱਲ੍ਹਾ ਮੀਆਂ ਕੋਲੋਂ ਡਰਨਾ ਵਾਂ। ਮੇਰੀ ਟੱਬਰੀ ਦਾ ਇਕ ਦਸ ਮਰਲੇ ਦਾ ਪਲਾਟ ਸੀ ਜਿਹੜਾ ਉਸਨੂੰ ਦਾਜ ਵਿਚ ਮਿਲਿਆ ਸੀ ਪਰ ਸ਼ਹਿਰੋਂ ਦੂਰ ਸੀ ਤੇ ਇਕ ਅਜਿਹੀ ਆਬਾਦੀ ਵਿਚ ਸੀ ਜਿੱਥੇ ਸ਼ਹਿਰ ਲਾਹੌਰ ਤੇ ਪਿੰਡ ਆਕਰ ਰਲਦੇ ਨੇ। ਆਬਾਦੀ ਦਾ ਨਾਂ ਸੀ ਨਵਾਬ ਕੋਟ। ਮੈਂ ਉਥੇ ਦਸ ਲੱਖ ਰੁਪਏ ਲਾ ਕੇ ਮਕਾਨ ਬਣਾਇਆ। ਦੋ ਲੱਖ ਰੁਪਏ ਔਖੇ ਵੇਲੇ ਵਾਸਤੇ ਰੱਖ ਲਏ। ਮੇਰੇ ਦੋ ਪੁੱਤਰਾਂ ਨੇ ਇਕ-ਇਕ ਲੱਖ ਰੁਪਏ ਲਾ ਕੇ ਮਕਾਨ ਉੱਤੇ ਆਪਣੇ ਵਾਸਤੇ ਦੋ ਕਮਰੇ ਬਣਵਾ ਲਏ।

ਜਿਸ ਗਲੀ ਵਿਚ ਅਸੀਂ ਰਹਿੰਦੇ ਸਾਂ ਉਥੇ ਇਕ ਸਿਆਸਤਦਾਨ ਵੀ ਰਹਿੰਦਾ ਸੀ। ਦੋ ਵਾਰੀ ਜਿੱਤਿਆ ਸੀ ਤੇ ਦੋ ਵਾਰੀ ਹਾਰਿਆ ਸੀ। ਹੁਣ ਉਹ ਐਮ. ਐਲ. ਏ. ਸੀ। ਉਹਦਾ ਘਰ ਬੜਾ ਵੱਡਾ ਸੀ। ਰਹਾਇਸ਼ੀ ਹਿੱਸਾ ਅੱਡ ਤੇ ਵਰਕਰਾਂ ਦੇ ਬਹਿਣ ਖਲੋਣ ਵਾਸਤੇ ਹਿੱਸਾ ਅੱਡ। ਉਹਦਾ ਆਪਣਾ ਬਾਵਰਚੀ ਸੀ, ਚਾਹ-ਪਾਣੀ ਲਿਆਉਣ ਵਾਸਤੇ ਖ਼ਾਦਮ ਅਲੱਗ। ਦੋ ਕਾਰਾਂ ਸੀ, ਇਕ ਚਿੱਟੀ ਦੂਜੀ ਕਾਲੀ। ਪੇਜਾਰੋ ਤੀਜੀ ਟਰਾਂਸਪੋਰਟ ਸੀ ਜਿਸਦਾ ਰੰਗ ਘਸਮੈਲਾ ਸੀ। ਇਕ ਪੱਕਾ ਗੰਨਮੈਨ ਸੀ ਜਿਸਦਾ ਨਾਂ ਸ਼ਰੀਫ਼ ਸੀ ਪਰ ਸ਼ਕਲ ਬਦਮਾਸ਼ਾਂ ਵਾਲੀ ਸੀ। ਕੱਦ ਪੰਜ ਫੁੱਟ ਛੇ ਇੰਚ, ਗੱਠਿਆ ਹੋਇਆ ਸਰੀਰ, ਅੱਠੇ ਵਰਗੀਆਂ ਮੁੱਛਾਂ, ਗਲ ਵਿਚ ਕਲਾਸਨਕੋਫ਼, ਤੇੜ ਸਲਵਾਰ, ਗਲਮੇ ਵਿਚ ਲੰਮੀਆਂ ਤਰੀਜ਼ਾਂ ਵਾਲਾ ਕੁੜਤਾ, ਸਿਰ ਉੱਤੇ ਪਰਨਾ। ਇਕ ਦਿਨ ਸ਼ਰੀਫ਼ ਮੇਰੇ ਘਰ ਆਇਆ। ਘੰਟੀ ਵਜਾਈ। ਮੈਂ ਬਾਹਰ ਨਿੱਕਲਿਆ।

ਉਹ ਬੋਲਿਆ, "ਚੌਧਰੀ ਸਾਹਿਬ ਸਾਹਮਣੇ ਰਹਿੰਦੇ ਨੇ।"

"ਹਾਂ ਜੀ! ਮੈਂ ਜਾਣਨਾ ਵਾਂ। ਇਕ ਦਿਨ ਉਹਨਾਂ ਨੂੰ ਬਾਜ਼ਾਰੋ ਵਿਚੋਂ ਨਿੱਕਲਦਿਆਂ ਵੇਖਿਆ ਸੀ।

"ਉਹ ਤੁਹਾਨੂੰ ਯਾਦ ਕਰਦੇ ਨੇ।"

"ਕਿਉਂ ਯਾਦ ਕਰਦੇ ਨੇ? ਕੋਈ ਕੰਮ ਏ।"

"ਉਹਨਾਂ ਨੂੰ ਤੁਹਾਡੇ ਨਾਲ ਕੀਹ ਕੰਮ ਹੋਣਾ ਏ, ਵੈਸੇ ਮੁਹੱਬਤ ਪਾਰੋਂ ਯਾਦ ਕਰਦੇ ਨੇ।"

"ਤੁਸੀਂ ਚਲੋ, ਮੈਂ ਆਉਣਾ ਵਾਂ।"

"ਨਹੀਂ ਹੁਣੇ ਚਲੋ, ਉਹ ਕਹਿੰਦੇ ਸਨ ਨਾਲ ਲੈ ਕੇ ਆਵਾਂ।"

ਮੈਂ ਸ਼ਰੀਫ਼ ਨਾਲ ਤੁਰ ਪਿਆ। ਚੌਧਰੀ ਸਾਹਿਬ ਵੱਡੇ ਸਾਰੇ ਬਰਾਮਦੇ ਵਿਚ ਵੱਡੀਆਂ-ਵੱਡੀਆਂ ਕੁਰਸੀਆਂ, ਵੱਡੇ ਸਾਰੇ ਮੇਜ਼ ਦੇ ਆਲੇ-ਦੁਆਲੇ ਡਾਹ ਕੇ ਬੈਠੇ ਹੋਏ ਸਨ। ਇਕ ਹੋਰ ਮੋਟਾ-ਤਾਜ਼ਾ ਬੰਦਾ ਬੈਠਾ ਸੀ। ਉਮਰ ਚਾਲੀ ਦੇ ਕਰੀਬ। ਚੌਧਰੀ ਸਾਹਿਬ ਦੀ ਆਪਣੀ ਉਮਰ ਪੰਜਾਹ ਸਾਲ ਦੇ ਲਾਗੇ-ਸ਼ਾਗੇ ਸੀ। ਮੈਂ ਸਲਾਮ ਅਲੈਕਮ ਕਹਿ ਕੇ ਇਕ ਕੁਰਸੀ 'ਤੇ ਬਹਿ ਗਿਆ।

"ਮੈਨੂੰ ਤੁਸੀਂ ਜਾਣਦੇ ਹੋਵੋਗੇ। ਏਹਨਾਂ ਨੂੰ ਮਿਲੋ ਸ਼ਾਇਦ ਬੱਟ, ਵੱਡੇ ਬੰਦੇ ਨੇ।"



"ਜ਼ਾਹਰ ਏ ਵੱਡਿਆਂ ਬੰਦਿਆਂ ਕੋਲ ਵੱਡੇ ਬੰਦੇ ਆਉਂਦੇ ਨੇ। ਤੁਸੀਂ ਵੱਡੇ, ਤੁਹਾਡੇ ਕੋਲ ਆਵਣ ਵਾਲੇ ਵੱਡੇ।" ਮੈਂ ਐਮ. ਐਲ. ਏ ਨੂੰ ਵਡਿਆਇਆ।

"ਮੈਂ ਤੇ ਮਸਕੀਨ ਆਦਮੀ ਆਂ, ਖ਼ਾਦਮ ਆਂ, ਨੌਕਰ ਆਂ, ਕੀ ਪੀਵੋਗੇ? ਚਾਹ, ਕਾਫ਼ੀ, ਵਿਸਕੀ?"

"ਮਿਹਰਬਾਨੀ, ਮੈਂ ਚਾਹ ਪੀ ਕੇ ਆਇਆ ਵਾਂ। ਤੁਸੀਂ ਦੱਸੋ ਕਿਉਂ ਯਾਦ ਕੀਤਾ ਏ?"

"ਤੁਹਾਡੇ ਨਾਲ ਮੁਲਾਕਾਤ ਨਹੀਂ ਸੀ ਹੋਈ। ਕੋਲ ਰਹਿੰਦੇ ਓ, ਸੋਚਿਆ ਮੁਲਾਕਾਤ ਹੋ ਜਾਵੇ।"

"ਮਿਹਰਬਾਨੀ, ਨਰਾਇਣ ਨੇ ਕੀੜੀ ਨੂੰ ਯਾਦ ਕੀਤਾ ਏ।"

"ਨਹੀਂ ਜੀ! ਕੀੜੀ ਦੇ ਘਰ ਨਰਾਇਣ ਆਇਆ ਏ।"

ਇਹਦੇ ਨਾਲ ਹੀ ਚੌਧਰੀ ਨੇ ਸ਼ਾਹਦ ਬੱਟ ਨੂੰ ਇਸ਼ਾਰਾ ਕੀਤਾ। ਉਹਨੇ ਆਪਣੇ ਸਲੂਕੇ ਵਿਚੋਂ ਸ਼ੈਵਾਜ਼ ਰੀਗਲ ਦੀ ਬੋਤਲ ਕੱਢ ਕੇ ਮੇਜ਼ ਉੱਤੇ ਰੱਖ ਦਿੱਤੀ। ਸ਼ਰੀਫ਼ ਗਲਾਸ ਲੈ ਆਇਆ। ਠੰਢੇ ਪਾਣੀ ਦਾ ਜੱਗ ਵੀ ਆ ਗਿਆ।

"ਤਰੈ ਗਲਾਸ ਬਣਾ ਕੇ ਰੱਖ।" ਚੌਧਰੀ ਨੇ ਆਰਡਰ ਦਿੱਤਾ।

"ਸ਼ੁਕਰੀਆ! ਮੈਂ ਸ਼ਰਾਬ ਨਹੀਂ ਪੀਂਦਾ।"

"ਕਿਉਂ ਨਹੀਂ ਪੀਂਦੇ ਜਨਾਬ?"

"ਅਲਰਜ਼ੀ ਏ ਮੈਨੂੰ, ਏਸ ਵਾਸਤੇ।"

ਚੌਧਰੀ ਸਾਹਿਬ ਹੱਸੇ ਤੇ ਬੋਲੇ, " ਮੈਂ ਤੇ ਸੁਣਿਆ ਸੀ ਤੁਸੀਂ ਰੋਜ਼ ਸ਼ੌਕ ਕਰਦੇ ਓ।" ਤੁਹਾਨੂੰ ਕਿਸੇ ਨੇ ਗ਼ਲਤ ਦੱਸਿਆ ਏ। ਮੈਂ ਸ਼ਰਾਬ ਨਹੀਂ ਪੀਂਦਾ।

"ਦੱਸ ਉਏ ਸ਼ਰੀਫ਼ਿਆ! ਦਰਦ ਸਾਹਿਬ ਤੇ ਸ਼ਰਾਬ ਨੂੰ ਹੱਥ ਨਹੀਂ ਲਾਂਵਦੇ।"

"ਮੈਨੂੰ ਜਿਸ ਦੱਸਿਆ, ਉਸ ਗ਼ਲਤ ਦੱਸਿਆ, ਚੌਧਰੀ ਸਾਹਿਬ ਨਹੀਂ ਪੀਂਦੇ ਹੋਣਗੇ।" ਸ਼ਰੀਫ਼ ਢੀਠ ਹੋ ਕੇ ਬੋਲਿਆ।

ਮੈਂ ਉੱਠਿਆ ਤੇ ਘਰ ਆ ਗਿਆ।

ਦੂਜੇ ਦਿਨ ਦੋ ਮਜ਼ਦੂਰਾਂ ਗ਼ਫ਼ੂਰੇ ਤੇ ਮਨਜ਼ੂਰੇ ਦਾ ਪਿਉ ਖ਼ਾਲਕ ਦਾਦ ਮੇਰੇ ਕੋਲ ਆਇਆ। ਉਹ ਪਿੱਛੋਂ ਮੇਰੇ ਪਿੰਡ ਦਾ ਸੀ। ਬੋਲਿਆ, "ਥਾਣੇਦਾਰ ਨੇ ਮੇਰੇ ਦੋ ਪੁੱਤਰਾਂ ਮਨਜ਼ੂਰੇ ਤੇ ਗ਼ਫ਼ੂਰੇ ਨੂੰ ਚੋਰੀ ਵਿਚ ਫੜ ਲਿਆ ਏ।"

"ਚੋਰੀ ਕਾਹਦੀ? "

"ਗਾਂ ਦੀ।"

"ਮੁਦਈ ਕੌਣ ਏ? "

""ਐਮ. ਐਲ. ਏ. ਦਾ ਗੰਨਮੈਨ ਸ਼ਰੀਫ਼ਾ।"

ਮੈਂ ਚੌਧਰੀ ਸਾਹਿਬ ਕੋਲ ਗਿਆ। ਮੇਰੇ ਨਾਲ ਖ਼ਾਲਕ ਦਾਦ ਵੀ ਸੀ। ਉਹਨਾਂ ਨੂੰ ਗੱਲ ਦੱਸੀ। ਚੌਧਰੀ ਨੇ ਦਸ-ਪੰਦਰਾਂ ਗਾਲ੍ਹਾਂ ਸ਼ਰੀਫ਼ ਨੂੰ ਉਹਦੀ ਅਦਮ ਮੌਜੂਦਗੀ ਵਿਚ ਕੱਢੀਆਂ ਤੇ ਫੇਰ ਥਾਣੇਦਾਰ ਦੇ ਨਾਂ ਰੁੱਕਾ ਲਿਖ ਦਿੱਤਾ ਪਈ ਗ਼ਫ਼ੂਰਾ, ਮਨਜ਼ੂਰਾ ਬੇਕਸੂਰ ਨੇ, ਚੋਰ ਨਹੀਂ, ਛੱਡ ਦਿਓ।

ਰੁੱਕਾ ਲੈ ਕੇ ਮੈਂ ਤੇ ਖ਼ਾਲਕ ਦਾਦ ਦੂਜੇ ਦਿਨ ਥਾਣੇਦਾਰ ਕੋਲ ਗਏ ਤੇ ਰੁੱਕਾ ਦਿੱਤਾ। ਉਹ ਬੋਲਿਆ, "ਚੌਧਰੀ ਸਾਹਿਬ ਦਾ ਰੁੱਕਾ ਸਿਰ ਅੱਖਾਂ 'ਤੇ, ਪਰ ਅਸੀਂ ਗ਼ਫ਼ੂਰੇ, ਮਨਜ਼ੂਰੇ ਨੂੰ ਛੱਡ ਨਹੀਂ ਸਕਦੇ।"

"ਕਿਉਂ ਨਹੀਂ ਛੱਡ ਸਕਦੇ ਜਨਾਬ?"

"ਏਸ ਵਾਸਤੇ ਕਿ ਡੀ. ਐਸ. ਪੀ. ਬਾਜਵਾ ਦਾ ਫ਼ੋਨ ਆਇਆ ਸੀ ਪਈ ਦੋਵੇਂ ਚੋਰ ਨੇ, ਨਾ ਛੱਡਣਾ।"

"ਪਰ ਚੌਧਰੀ ਸਾਹਿਬ ਦਾ ਰੁੱਕਾ?"

"ਤੁਸੀਂ ਬਾਜਵਾ ਸਾਹਿਬ ਨੂੰ ਮਿਲ ਲਵੋ। ਮੈਂ ਬੇਵੱਸ ਆਂ।"

ਅਸੀਂ ਬਾਜਵਾ ਕੋਲ ਗਏ। ਉਸ ਨੇ ਚੌਧਰੀ ਸਾਹਿਬ ਦਾ ਇਕ ਹੋਰ ਰੁੱਕਾ ਮੇਰੇ ਸਾਹਮਣੇ ਰੱਖ ਦਿੱਤਾ। ਲਿਖਿਆ ਹੋਇਆ ਸੀ ਗ਼ਫ਼ੂਰਾ, ਮਨਜ਼ੂਰਾ ਦੋਵੇਂ ਚੋਰ ਨੇ। ਏਹਨਾਂ ਨੂੰ ਛੱਡਣਾ ਨਹੀਂ। ਥਾਣੇਦਾਰ ਨੂੰ ਵੀ ਹਦਾਇਤ ਕਰ ਦਿਉ।

ਅਸੀਂ ਉੱਠ ਕੇ ਆ ਗਏ। ਦੂਜੇ ਦਿਨ ਅਦਾਲਤ ਵੱਲ ਰਜ਼ੂਮਾ ਕੀਤਾ। ਅਦਾਲਤ ਨੇ ਦੋਹਾਂ ਨੂੰ ਛੱਡ ਦਿੱਤਾ।

ਇਕ ਦਿਨ ਇਕ ਟਰੱਕ ਆਇਆ ਤੇ ਚੌਧਰੀ ਦੇ ਘਰ ਅੱਗੇ ਆ ਖਲੋਤਾ। ਅੰਦਰੋਂ ਪੰਜ ਬੰਦੇ ਨਿੱਕਲੇ ਜਿਹੜੇ ਕਈ ਵਾਰ ਚੌਧਰੀ ਕੋਲ ਆਉਂਦੇ-ਜਾਂਦੇ ਸਨ। ਉਹ ਟਰੱਕਾਂ ਵਿਚੋਂ ਚੌਲਾਂ ਤੇ ਖੰਡ ਦੇ ਥੈਲੇ ਤੇ ਘਿਓ ਦੇ ਟੀਨ ਚੁੱਕ-ਚੁੱਕ ਕੇ ਅੰਦਰ ਰੱਖਣ ਲੱਗ ਪਏ। ਸ਼ਰੀਫ਼ ਉਹਨਾਂ ਦੀ ਨਿਗਰਾਨੀ ਕਰ ਰਿਹਾ ਸੀ।

"ਏਹ ਕੀ ਏ?" ਮੈਂ ਸ਼ਰੀਫ਼ ਨੂੰ ਪੁੱਛਿਆ।

"ਘਿਓ, ਚੌਲ ਤੇ ਖੰਡ। ਸਰਕਾਰ ਨੇ ਗ਼ਰੀਬਾਂ ਨੂੰ ਦੇਣ ਵਾਸਤੇ ਏਹ ਚੀਜ਼ਾਂ ਭੇਜੀਆਂ ਨੇ। ਵੰਡ ਦਿੱਤੀਆਂ ਜਾਣਗੀਆਂ।"

ਤੀਜੇ ਦਿਨ ਇਕ ਖਾਲੀ ਟਰੱਕ ਚੌਧਰੀ ਦੇ ਬੂਹੇ ਅੱਗੇ ਆਇਆ।

"ਮੁਹੰਮਦ ਸ਼ਰੀਫ਼ ਟਰੱਕ ਖਾਲੀ ਕਿਉਂ ਏ। ਨਾ ਖੰਡ ਨਾ ਘਿਓ, ਚੌਲ।"

"ਸਾਰਾ ਮਸਲਾ ਵੇਚ ਦਿੱਤਾ ਏ।"

ਫੇਰ ਇਕ ਹੋਰ ਮੋਟਾ ਤੇ ਮਧਰਾ ਬੰਦਾ ਟਰੱਕ ਵਿਚੋਂ ਨਿੱਕਲ ਕੇ ਬਾਹਰ ਆਇਆ ਤੇ ਸ਼ਰੀਫ਼ ਨੂੰ ਹਜ਼ਾਰ ਰੁਪਏ ਦੇ ਨੋਟ ਗਿਣ ਕੇ ਦੇਣ ਲੱਗ ਪਿਆ। ਮੈਂ ਸਮਝ ਗਿਆ ਤੇ ਆਪਣੇ ਘਰ ਦਾ ਰੁਖ਼ ਕੀਤਾ।

ਖੰਡ, ਚੌਲ ਤੇ ਘਿਓ ਦੇ ਸੌਦੇ ਦੇ ਚਾਰ ਦਿਨ ਬਾਅਦ ਇਕ ਰਾਤ ਨੂੰ ਪੁਲਸ ਨੇ ਛਾਪਾ ਮਾਰਿਆ। ਛਾਪਾ ਸ਼ਰੀਫ਼ੇ ਦੇ ਘਰ ਵੱਜਾ। ਜਿਸਦੀ ਪੇਟੀ ਵਿਚੋਂ ਦੋ ਮਣ ਵੀਹ ਸੇਰ ਚਰਸ ਤੇ ਇਕ ਕਿਲੋ ਹੈਰੋਇਨ ਨਿੱਕਲੀ। ਪੁਲਸ ਸ਼ਰੀਫ਼ ਨੂੰ ਫੜ ਕੇ ਲੈ ਗਈ।

ਜਦ ਚੌਧਰੀ ਸਾਹਿਬ ਥਾਣੇ ਅੱਪੜੇ, ਥਾਣੇਦਾਰ ਚਲਾਨ ਕਰ ਚੁੱਕਾ ਸੀ ਤੇ ਸ਼ਰੀਫ਼ ਹਵਾਲਾਤ ਵਿਚ ਸੀ। ਸ਼ਰੀਫ਼ ਨੇ ਦੱਸਿਆ ਸੀ ਪਈ ਮਾਲ ਚੌਧਰੀ ਦਾ ਸੀ ਪਰ ਥਾਣੇਦਾਰ ਸਿਆਣਾ ਸੀ। ਉਹ ਸ਼ਰੀਫ਼ੇ ਦੇ ਧਿਆਨ ਦਾ ਏਹ ਹਿੱਸਾ ਗੋਲ ਕਰ ਗਿਆ ਸੀ।

ਦੂਜੇ ਦਿਨ ਸ਼ਰੀਫ਼ੇ ਦੀ ਥਾਂ ਮਨੀਰਾ ਕਲਾਸ਼ਨੀਕੋਫ਼ ਲੈ ਕੇ ਗੰਨਮੈਨ ਬਣ ਗਿਆ ਸੀ।

ਇਕ ਦਿਨ ਮਨੀਰਾ ਮੈਨੂੰ ਬੁਲਾਉਣ ਆਇਆ।

"ਕੀ ਗੱਲ ਏ?" ਮੈਂ ਪੁੱਛਿਆ।

"ਚੌਧਰੀ ਸਾਹਿਬ ਯਾਦ ਕਰਦੇ ਨੇ।" ਮੁੱਛਾਂ ਉੱਤੇ ਤਾਅ ਦੇ ਕੇ ਬੋਲਿਆ।

"ਖ਼ੈਰ ਏ ਨਾ।"

"ਹਾਂ ਜੀ! ਇਕੱਠ ਏ ਮਸੀਤ ਬਣਾਉਣ ਵਾਸਤੇ।"

ਮੈਂ ਗਿਆ ਤੇ ਚੌਧਰੀ ਸਾਹਿਬ ਦੀ ਬੈਠਕ ਵਿਚ ਬੰਦਿਆਂ ਦਾ ਹੜ੍ਹ ਆਇਆ ਹੋਇਆ ਸੀ ਤੇ ਚੌਧਰੀ ਚੰਦਾ ਲਿਖਵਾ ਰਿਹਾ ਸੀ। ਬਸ਼ੀਰ ਇਕ ਹਜ਼ਾਰ, ਨਜ਼ੀਰ ਯਾਰ੍ਹਾਂ ਸੌ, ਅਕਮਲ ਦੋ ਹਜ਼ਾਰ, ਰਹੀਮ



ਪੰਜ ਸੌ ਵਗੈਰਾ, ਵਗੈਰਾ। ਇਕ ਮੌਲਵੀ ਰਜਿਸਟਰ ਵਿਚ ਲਿਖ ਰਿਹਾ ਸੀ।

"ਇਹ ਚੰਦਾ ਸੱਤ ਦਿਨ ਦੇ ਅੰਦਰ-ਅੰਦਰ ਮੇਰੇ ਕੋਲ ਜਮ੍ਹਾਂ ਹੋਵੇਗਾ ਤੇ ਏਸ ਦੀ ਰਸੀਦ ਮਸਜਿਦ ਦੀ ਇੰਤਜ਼ਾਮੀ ਕਮੇਟੀ ਵੱਲੋਂ ਜਾਰੀ ਹੋਵੇਗੀ।"

ਫੇਰ ਚੌਧਰੀ ਦੀ ਨਜ਼ਰ ਮੇਰੇ ਉੱਤੇ ਪਈ ਤੇ ਉਹਨਾਂ ਮੇਰਾ ਨਾਂ ਲੈ ਕੇ ਆਖਿਆ, "ਦਸ ਹਜ਼ਾਰ ਰੁਪਏ।"

"ਦਸ ਹਜ਼ਾਰ ਰੁਪਏ ਵਿਤੋਂ ਬਾਹਰ ਨੇ, ਮੈਂ ਨਹੀਂ ਦੇ ਸਕਦਾ।" ਮੈਂ ਬੜੇ ਅਦਾਬ ਨਾਲ ਅਰਜ਼ ਕੀਤਾ।

"ਤੁਸੀਂ ਆਪਣੇ ਘਰ ਉੱਤੇ ਦਸ ਲੱਖ ਲਾ ਸਕਦੇ ਓ, ਅੱਲ੍ਹਾ ਦੇ ਘਰ ਵਾਸਤੇ ਦਸ ਹਜ਼ਾਰ ਨਹੀਂ ਦੇ ਸਕਦੇ।" ਚੌਧਰੀ ਦੇ ਲਹਿਜੇ ਵਿਚ ਡਾਂਟ ਸੀ।

"ਮੇਰੇ ਵਿਚ ਹਿੰਮਤ ਹੋਂਦੀ ਤੇ ਦਸ ਹਜ਼ਾਰ ਤਾਂ ਕੀਹ ਜ਼ਿਆਦਾ ਦੇ ਦੇਂਦਾ। ਕੰਮ ਕਾਜ ਕੋਈ ਨਹੀਂ, ਪੈਨਸ਼ਨ ਉੱਤੇ ਗੁਜ਼ਾਰਾ ਏ।"

"ਪੁੱਤਰ ਕਮਾਉਂਦੇ ਨੇ, ਝੂਠ ਕਿਉਂ ਬੋਲਦੇ ਓ।" ਚੌਧਰੀ ਨੇ ਡਾਂਅ ਵਿਚ ਗੁੱਸਾ ਭਰ ਕੇ ਆਖਿਆ।

"ਉਹਨਾਂ ਦਾ ਆਪਣਾ ਗੁਜ਼ਾਰਾ ਮੁਸ਼ਕਲ ਹੋਂਦਾ ਏ।"

"ਮੈਨੂੰ ਨਹੀਂ ਪਤਾ ਦਸ ਹਜ਼ਾਰ ਦਿਉਗੇ, ਦੋ-ਦੋ ਹਜ਼ਾਰ ਤੁਹਾਡੇ ਪੁੱਤਰ ਵੀ ਦੇਣਗੇ।"

"ਪੁੱਤਰਾਂ ਨੂੰ ਪੁੱਛ ਕੇ ਉਹਨਾਂ ਦੇ ਨਾਂ ਲਿਖੋ।"

"ਮੈਂ ਤੁਹਾਨੂੰ ਅਰਜ਼ ਕੀਤਾ ਮੈਂ ਇਕ ਹਜ਼ਾਰ ਦੇ ਸਕਨਾ ਵਾਂ, ਜ਼ਿਆਦਾ ਨਹੀਂ।"

"ਮੌਲਵੀ ਸਾਹਿਬ! ਏਹਨਾਂ ਦੇ ਨਾਂ ਅੱਗੇ ਲਿਖੋ ਦਸ ਹਜ਼ਾਰ। ਮੈਨੂੰ ਪਤਾ ਏ ਏਹਨਾਂ ਕੋਲੋਂ ਵਸੂਲੀ ਕਿਵੇਂ ਕਰਨੀ ਏ।"

ਮੈਂ ਕੋਈ ਗੱਲ ਨਾ ਕੀਤੀ। ਘਰ ਪਰਤ ਆਇਆ।

ਦੂਜੇ ਦਿਨ ਚੌਧਰੀ ਨੇ ਮਨੀਰਾ ਭੇਜ ਕੇ ਮੈਨੂੰ ਬੁਲਾਇਆ, ਮੈਂ ਨਾ ਗਿਆ।

ਦੋ ਦਿਨ ਬਾਦ, ਰਾਤ ਨੂੰ ਮੇਰੇ ਘਰ ਦੇ ਖੱਬੇ ਸੱਜੇ, ਉੱਤੇ-ਥੱਲੇ, ਪੁਲਸ ਈ ਪੁਲਸ ਸੀ। ਮੈਂ ਗਲੀ ਵਿਚ ਆਇਆ ਤੇ ਥਾਣੇਦਾਰ ਨੂੰ ਆਖਿਆ, "ਸਾਨੂੰ ਏਸ ਗਲੀ ਵਿਚੋਂ ਫ਼ੋਨ ਗਿਆ ਸੀ ਕਿ ਤੁਹਾਡੇ ਘਰ ਡਾਕੂ ਲੁਕੇ ਹੋਏ ਨੇ।"

"ਤੁਹਾਨੂੰ ਕਿਸੇ ਨੇ ਗਲਤ ਇਤਲਾਹ ਦਿੱਤੀ ਏ।"

"ਏਸ ਦਾ ਹੁਣੇ ਪਤਾ ਚੱਲ ਜਾਏਗਾ, ਮੈਂ ਤਲਾਸ਼ੀ ਲਵਾਂਗਾ।"

"ਘਰ ਦੀ ਤਲਾਸ਼ੀ ਵਾਸਤੇ ਕੋਈ ਇਜਾਜ਼ਤਨਾਮਾ?"

"ਉਸਦੀ ਲੋੜ ਨਹੀਂ।"

"ਘਰ ਵਿਚ ਸਵਾਣੀਆਂ ਨੇ, ਤੁਹਾਡੇ ਨਾਲ ਲੇਡੀ ਕਾਂਸਟੇਬਲ ਹੋਵੇਗੀ।"

"ਨਹੀਂ, ਉਹਦੀ ਵੀ ਲੋੜ ਨਹੀਂ।"

"ਫੇਰ ਤੁਸੀਂ ਤਲਾਸ਼ੀ ਨਹੀਂ ਲੈ ਸਕਦੇ।"

ਥਾਣੇਦਾਰ ਨੇ ਜਵਾਬ ਨਾ ਦਿੱਤਾ ਤੇ ਮੈਨੂੰ ਧੱਕਾ ਮਾਰ ਕੇ ਅੰਦਰ ਵੜ ਗਿਆ। ਉਹਦੇ ਪਿੱਛੇ ਉਹਦੇ ਹਥਿਆਰਬੰਦ ਸ਼ੇਰ ਜਵਾਨ ਚਲੇ ਗਏ।

ਅੰਦਰ ਕੋਈ ਨਹੀਂ ਸੀ। ਥਾਣੇਦਾਰ ਆਪਣੇ ਮੁਲਾਜ਼ਮਾਂ ਨੂੰ ਲੈ ਕੇ ਜਦੋਂ ਘਰੋਂ ਬਾਹਰ ਗਲੀ ਵਿਚ ਆਇਆ ਤੇ ਮੈਂ ਆਖਿਆ, "ਮੈਂ ਐਸ. ਪੀ. ਅੱਗੇ ਤੁਹਾਡੀ ਸ਼ਿਕਾਇਤ ਕਰਾਂਗਾ।"

"ਪਹਿਲੇ ਚੌਧਰੀ ਸਾਹਿਬ ਨਾਲ ਮਸ਼ਵਰਾ ਕਰ ਲੈਂਦਾ। ਅਸੀਂ ਉਹਦੇ ਫ਼ੋਨ ਉੱਤੇ ਆਏ ਸਾਂ।"

ਅਚਨਚੇਤ ਹਕੂਮਤ ਟੁੱਟ ਗਈ। ਨਿਗਰਾਨ ਆ ਗਏ, ਪਰਚੀਆਂ ਪੈ ਗਈਆਂ। ਜਿਸ ਰਾਤ ਗਿਣਤੀ ਹੋਈ, ਮੈਂ ਰਾਤ ਬਾਰ੍ਹਾਂ ਵਜੇ ਇਕ ਅਖ਼ਬਾਰ ਦੇ ਦਫ਼ਤਰ ਫ਼ੋਨ ਕੀਤਾ ਤੇ ਚੌਧਰੀ ਦੀ ਪੁਜ਼ੀਸ਼ਨ ਪੁੱਛੀ।

"ਜੀ ਉਹ ਹਾਰ ਗਿਆ ਏ। ਉਹਦੇ ਪੰਦਰਾਂ ਹਜ਼ਾਰ ਵੋਟ ਨੇ, ਉਹਦੇ ਮੁਕਾਬਲੇ ਵਿਚ ਜਿਹੜਾ ਉਮੀਦਵਾਰ ਏ ਉਹਦੇ 66 ਹਜ਼ਾਰ ਵੋਟ ਨੇ।"

ਚੌਧਰੀ ਗ੍ਰਿਫ਼ਤਾਰ ਹੋ ਗਿਆ। ਉਹ ਮਨਸ਼ਿਆਤ ਫ਼ਰੋਸ਼ ਸੀ। ਮੈਂ ਖ਼ੁਦਾ ਦਾ ਸ਼ੁਕਰ ਅਦਾ ਕੀਤਾ।

ਚੌਥੇ ਦਿਨ ਮੈਂ ਤੇ ਮੇਰੇ ਵਰਗੇ ਹੋਰ ਕਈ ਬੰਦਿਆਂ ਨੇ ਅੱਲ੍ਹਾ ਦਾ ਸ਼ੁਕਰ ਅਦਾ ਕੀਤਾ ਪਰ ਚੌਧਰੀ ਦੀ ਗ੍ਰਿਫ਼ਤਾਰੀ ਦਾ ਅਸਲ ਪਤਾ ਉਦੋਂ ਚੱਲਿਆ ਜਦੋਂ ਅਦਾਲਤ ਵਿਚ ਕਾਰਵਾਈ ਸ਼ੁਰੂ ਹੋਈ।

ਇਕ ਮਾਸਟਰ ਉਹਦੇ ਘਰ ਆਇਆ ਸੀ। ਉਹਦੇ ਨਾਲ ਉਹਦੀ ਜਵਾਨ ਤੇ ਕਵਾਰੀ ਧੀ ਸੀ, ਜਿਹੜੀ ਸੀ. ਟੀ. ਪਾਸ ਸੀ। ਉਸਨੇ ਉਹਦੀ ਮੁਲਾਜ਼ਮਤ ਦਾ ਤਰਲਾ ਮਾਰਿਆ ਤੇ ਚੌਧਰੀ ਨੇ ਆਖਿਆ ਤੂੰ ਜ਼ਿਲ੍ਹੇ ਵਿਚ ਜਾ ਕੇ ਡਿਪਟੀ ਐਜੂਕੇਸ਼ਨ ਆਫ਼ੀਸਰ ਨੂੰ ਮਿਲ। ਮੈਂ ਤੇ ਜ਼ੁਹਰਾ ਪਜਾਰੋ ਵਿਚ ਆਉਨੇ ਆਂ। ਇਹ ਵਿਚਾਰੀ ਕਿੱਥੇ ਬੱਸਾਂ ਵਿਚ ਧੱਕੇ ਖਾਏਗੀ। ਜੇ ਡੀ. ਟੀ. ਓ. ਦਫ਼ਤਰ ਨਾ ਆਵੇ ਤੇ ਉਥੋਂ ਮੈਨੂੰ ਫ਼ੋਨ ਕਰੀਂ। ਸਾਨੂੰ ਗੇੜਾ ਨਾ ਪਵੇ ਤੇ ਆ ਕੇ ਜ਼ੁਹਰਾ ਨੂੰ ਲੈ ਜਾਵੀਂ। ਓਨਾ ਚਿਰ ਇਹ ਮੇਰੇ ਟੱਬਰ ਕੋਲ ਰਹੇਗੀ।

ਡੀ. ਈ. ਓ. ਦਫ਼ਤਰੋਂ ਛੁੱਟੀ ਉੱਤੇ ਸੀ। ਮਾਸਟਰ ਵਾਪਸ ਆਇਆ ਤੇ ਜ਼ੁਹਰਾ ਨੂੰ ਘਰ ਲੈ ਗਿਆ। ਰਾਤ ਉਸਨੇ ਰੁੱਕਾ ਲਿਖਿਆ ਤੇ ਖ਼ੁਦਕੁਸ਼ੀ ਕਰ ਲਈ। ਚੌਧਰੀ ਨੇ ਉਹਦੇ ਨਾਲ ਮੂੰਹ ਕਾਲਾ ਕੀਤਾ ਸੀ।

ਚੌਧਰੀ ਬਰੀ ਹੋ ਗਿਆ। ਵਾਰਦਾਤ ਦਾ ਸਬੂਤ ਨਹੀਂ ਸੀ।੦

**ਪਤਾ- 9, ਗਲ਼ੀ ਨੰ. 7, ਸਾਹਮਣੇ ਨਿਸਾਰ ਪੰਨੂ,**
**ਕਾਜੀ ਪਾਰਕ, ਸ਼ਾਹਦਰਾ, ਲਹੌਰ।**

ਕਹਾਣੀ ਧਾਰਾ

*ਦੇ ਪ੍ਰਾਪਤੀ ਸਥਾਨ*

| | |
|---|---|
| ਲੁਧਿਆਣਾ | 1. ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ |
| ਪਟਿਆਲਾ | 2. ਮਦਾਨ ਬੁੱਕ ਹਾਊਨ, ਯਨੀਵਰਸਿਟੀ ਕੈਂਪਸ |
| | 3. ਜੇ ਕੇ ਬੁੱਕ ਸੈਂਟਰ, ਬਸ ਸਟੈਂਡ ਤੋਂ ਬਾਹਰ |
| ਚੰਡੀਗੜ੍ਹ | 4. ਪੰਜਾਬ ਬੁੱਕ ਸੈਂਟਰ, ਐਸ. ਸੀ. ਓ. 1126-27, ਸੈਕਟਰ 22-ਬੀ |
| ਬਠਿੰਡਾ | 5. ਵੋਹਰਾ ਨਿਊਜ ਏਜੰਸੀ, ਬਸ ਸਟੈਂਡ |
| ਅੰਮ੍ਰਿਤਸਰ | 6. ਰਵੀ ਸਹਿਤ ਪ੍ਰਕਾਸ਼ਨ, ਗੁਰੂ ਨਾਨਕ ਦੇਵ ਯੂਨੀਵਰਸਿਟੀ |
| ਜਲੰਧਰ | 7. ਕੁਕਨਸ ਪ੍ਰਕਾਸ਼ਨ, ਨਵਾਂ ਜ਼ਮਾਨਾ ਬੁੱਕ ਸ਼ਾਪ, ਨਹਿਰੂ ਗਾਰਡਨ ਰੋਡ |
| | 8. ਸੁੰਦਰ ਬੁੱਕ ਡੀਪੂ, ਮਾਈ ਹੀਰਾਂ ਗੇਟ |
| | 9. ਅਰੁਨ ਬੁੱਕ ਸਟਾਲ, ਬੱਸ ਸਟੈਂਡ |
| | 10. ਪ੍ਰਕਾਸ਼ ਨਾਵਲ ਸਟੋਰ, ਬੱਸ ਸਟੈਂਡ ਦੇ ਬਾਹਰਵਾਰ |



## ਡੋਲ਼ੀ / ਤੌਕੀਰ ਚੁਗ਼ਤਾਈ

ਇੰਜੋਂ ਲਗਣਾ ਵੇ ਜਿਵੇਂ ਬੱਸ ਆ ਗਈ ਵੇ.....।

ਨਹੀਂ ਉਏ ਜਣਿਆ ਐਵੇਂ ਧੂੜ ਜਿਹੀ ਏ। ਮਾਂਹ ਲਗਣਾ ਵੇ ਜਿਜੋਂ ਵਲੋਹੜਾਂ (ਵਾ-ਵਰੋਲਾ) ਆਇਆ ਵੇ।

ਨਹੀਂ, ਨਹੀਂ ਬੱਸ ਈ ਲਗਣੀ ਵੇ।

ਵੰਜ ਕੇ ਜਾਕਤਾਂ (ਬਾਲਾਂ) ਵਾਂ ਮੰਜੀ ਤੋਂ ਲਾਹ,

ਹਟੋ ਉਏ! ਬਾਹਰ ਵੰਜ ਕੇ ਖੇਡੋ। ਕੀਹ ਜਦ ਪਾਈ ਵਈ ਨੇ।

ਚਿੱਟੀਆਂ ਚਾਦਰਾਂ ਗੰਦੀਆਂ ਕਰ ਛੋੜੀਆਂ ਨੇ। ਜੋ ਜੁੰਮੇ-ਜੁੰਮਰਾਤੀ ਹਰਾਮੀ ਵੇ ਏਥੇ ਆਣ ਵੜਾ ਵੇ। ਏਹਨਾਂ ਸਰਹਾਂਦਵਾਂ ਨੇ ਉਛਾੜ ਤੁਸਾਂ ਨੀ ਮਾਂ ਧੋਗੀ।

ਯਰਾ ਮਾਮਾ ਛੋੜ ਨਾ ਸਭ ਠੀਕ ਹੋ ਵੰਜਸੀ। ਤੂੰ ਕਿਉਂ ਘਬਰਾਨਾ ਵੇਂ। ਅੰਦਰ ਵੰਜ ਕੇ ਕੁੜੀਆਂ ਆਖ ਜੰਜ ਆ ਗਈ ਏ। ਤਿਆਰੀ ਕਰ ਕੇ ਰੱਖਣ ਨਾਲੇ ਹਾਂ ਸੱਚ ਰੋਟੀ ਵਰਤਾਨੇ ਮਾਰੇ ਕਿਸੇ ਵਡੇਰੀ ਆਂ ਹਲਜਾਵੇਂ (ਬਿਠਾਵੇਂ) ਈ ਜਾਕਤੀਆਂ (ਕੁੜੀਆਂ) ਹਰਾਬੜਾਂ ਬੇਰੇ ਆਪ ਖਾ ਵੰਜਸਨ ਤੇ ਪਾਣੀ ਮਿਜ਼ਮਾਨਾਂ ਪਾ ਦੇਸਨ।

ਯਰਾ! ਮਾਂਹ ਤਾਂ ਸਮਝ ਨਹੀਂ ਆਨੀ ਪਈ। ਏਡੀ ਵੱਡੀ ਜੰਜ ਕਿਕਹੂੰ ਸਾਂਭਸਾਂ ਲਗਣਾ ਵੇ ਅੱਜ ਨੱਕ ਕਪਾ ਵੰਜਸੀ। ਮੈਂ ਉਹਨਾਂ ਪਹਿਲੋਂ ਬੀ ਆਖਿਆ ਆਇਆ ਬੰਦੇ ਥੋੜੇ ਆਣਿਉ, ਮੇਰੇ ਕੋਲ ਕੀਹ ਵੇ? ਬਸ ਕੁੜੀ ਵੇ ਜਾਂ ਜ਼ਿਮੀਂ ਵੇਚ ਕੇ ਥੋੜਾ ਬਹੁੰ ਜੋ ਕੁਝ ਬਣਾਇਆ।

✰✰✰

ਅਸਲਾਮ ਅਲੈਕਮ

ਵਾਹ ਅਲੈਕਮ ਸਲਾਮ!

ਚੌਧਰੀ ਸਾਹਿਬ! ਏਹ ਕੁੜੀ ਨਾ ਪਿਓ ਵੇ ਸ਼ੇਰ ਆਲਮ।

ਚਾਚਾ ਏਹ ਅਸਾਂ ਨੇ ਗਿਰਾਹੀ ਨਾ ਖ਼ਾਨ ਵੇ।

ਏਹਨਾਂ ਨੀਆਂ ਦੋ ਬੱਸਾਂ, ਚਾਰ ਟਰੱਕ ਤੇ ਦੋ ਵੈਗਨਾਂ। ਪਿੰਡੀ ਤੋਂ ਅਟਕ ਚਲਨੀਆਂ ਨੂੰ ਨਾਲੇ ਵੱਡਾ ਜਾਕਤ ਵਲਾਇਤ ਹੋਣਾ ਵੇ। ਅਸਾਂ ਜੰਜ ਏਹਨਾਂ ਨੀ ਗੱਡੀ ਉੱਤੇ ਈ ਆਂਦੀ ਵੇ।

ਬਿਸਮਿੱਲਾ ਜੀ! ਕਖੂ ਮੰਜੀਆਂ ਤੇ ਬਹੋ, ਜੋ ਜੌਂ ਜਵਾਰ ਏ ਮੈਂ ਹਾਜ਼ਰ ਕਰਨਾ ਵਾਂ।

✰✰✰

ਗੱਲ ਸੁਣੋ ਉਏ ਜਾਕਤੋ!

ਹਾਂ ਲਾਲਾ ਦੱਸ?

ਆਪਣੀ ਭੈਣੋ ਨੀ ਡੋਲੀ ਤੁਸੀਂ ਆਪ ਜਾ ਕੇ ਬੱਸਾਂ ਕੋਲ ਖੜਿਉ। ਚੰਗਾ ਨਹੀਂ ਲਗਣਾ ਜੇ ਮੇਰੀ ਧੀਉ ਨੀ ਡੋਲ਼ੀ ਕੋਈ ਹੋਰ ਜਾਵੇ।

ਹਲਾ ਅੱਬਾ, ਅਸੀਂ ਆਪੇ ਖੜਗਾਂ।

✲✲✲

ਸੁਣਾਉ ਭਾਈ ਕਿਸੇ ਸੈਣੀ ਨੀ ਕਮੀ ਤਾਂ ਨਹੀਂ ਨਾ?

ਨਹੀਂ ਚਾਚਾ ਹੁਣ ਅਸਾਂ ਵਾਂ ਰੁਖ਼ਸਤ ਕਰ। ਅਸਾਂ ਬਹੁੰ ਦੂਰ ਵੰਜਣਾ ਵੇ।

ਤੂੰ ਪਲੰਘ ਚਾ ਉਏ।

ਤੂੰ ਬਿਸਤਰੇ।

ਤੂੰ ਟੀ. ਵੀ. ਤੇ ਵੀ. ਸੀ. ਆਰ।

ਤੇ ਤੁਸੀਂ ਪੱਖੇ ਨਾਲ ਵਾਸ਼ਿੰਗ ਮਸ਼ੀਨ.....

✲✲✲

ਬਸ ਪੁੱਤਰ ਹੈਥੇ ਡੋਲ਼ੀ ਰੱਖ ਛੋੜੋ ਤੇ ਪਹਿਲੋਂ ਸਮਾਨ ਬੱਸਾਂ ’ਚ ਤੇ ਛੱਤੇ ਤੇ ਸਟਾਉ। ਆਪਣੇ ਜਾਕਤ ਹਰਾਮੀ ਆਖਾ ਈ ਨਹੀਂ ਮੰਨਣੇ ਨਾਲ ਹਨੇਰਾ ਬੀ ਵਧਣਾ ਪਿਆ ਵੇ।

✲✲✲

ਸਭ ਕੁਝ ਰੱਖ ਛੋੜਾ ਨੇਂ?

ਹਾਂ ਰੱਖ.......ਵੇ।

ਚੰਗਾ ਪੁੱਤ! ਅਸੀਂ ਵੰਜਣੇ ਆਂ।

ਚੰਗਾ ਵੰਜੋ ਰੱਬ ਸੋਹਣੇ ਨੇ ਵਾਹਲੇ।

✲✲✲

ਅੱਲ੍ਹਾ ਖ਼ੈਰ ਕਰੇ ਲਾਲਾ। ਬੱਸ ਬਹੁੰ ਤੇਜ਼ ਪਏ ਚਲਾਨੇ ਨੂੰ।

ਅੱਲ੍ਹਾ ਤੁਸਾਂ ਨੀ ਭੈਣੋ ਆਂ ਸੁੱਖ ਦੇਣੇ ਪੁੱਤਰ। ਚਲੋ ਏਹ ਖਾਲੀ ਡੋਲ਼ੀ ਚਾਉ ਜੇ ਘਰ ਵੰਜਾਂ।

ਡੋਲੀ ਭਾਰੀ ਕਿਉਂ ਏ?

ਅੰਦਰ ਮੈਂ ਬੈਠੀ ਆਂ!

ਪਰੇ ਕਿਉਂ ਫ਼ਜ਼ਲਤ ਮਾਮਾ?

ਤੁਸੀਂ ਬਹੁੰ ਖ਼ੁਸ਼ ਓ ਜੇ ਮਾਂਹ ਚੋਖ਼ਾ ਸਾਮਾਨ ਦਿੱਤਾ ਨੇ ਮੇਰੇ ਵੀਰੋ! ਤੇ ਉਹ ਬਹੁੰ ਖ਼ੁਸ਼ ਨੂੰ ਜੇ ਉਹਨਾਂ ਵਾਂ ਬਹੁੰ ਸਾਮਾਨ ਲੱਭ ਗਿਆ ਵੇ। ਪਰ ਵੰਜਣਿਆਂ ਵੰਜਣਿਆਂ ਉਹ ਮਾਂਹ ਖੜਨਾ ਭੁੱਲ ਗਏ ਨੂੰ। ਜੇ ਮੈਂ ਬੀ ਕੋਈ ਭਾਂਡਾ-ਸ਼ਾਂਡਾ ਹੋਣੀ ਤਾਂ ਮਾਂਹ ਵੀ ਘਿੰਨ ਵੰਜਣ ਆ।

○



## ਵਲੀ ਅੱਲ੍ਹਾ ਗਵਾਚ ਗਿਆ ਏ / ਜ਼ੁਬੈਰ ਅਹਿਮਦ

ਉਹ ਫ਼ਿੱਕੀ ਸਵੇਰ ਸੀ ਬਿਨਾਂ ਸੂਰਜੋਂ। ਠੰਢ ਨਾਲ ਠਰੂੰ-ਠਰੂੰ ਕਰਦੇ, ਬਸਤਿਆਂ ਨੂੰ ਲੱਕ ਦਵਾਲੇ ਸਾਂਭਦੇ, ਤਰਿੱਖੇ ਪੈਰੀਂ ਅਸੀਂ ਸਕੂਲ ਵਲੇ ਜਾਂਦੇ ਪਏ ਸਾਂ। ਬਾਬਾ ਪੱਡਿਆਂ ਵਾਲਾ, ਮਾਈ ਦਵਾਤਾਂ ਵਾਲੀ ਤੇ ਸ਼ਰੀਫ਼ ਸੌਂਫ਼ ਵਾਲੇ ਦੀਆਂ ਹੱਟੀਆਂ ਅੱਗੋਂ ਛੇੜਾਂ ਕਰਦੇ ਮਸਾਂ ਵੇਲੇ ਸਿਰ ਅਸੀਂ ਸਕੂਲ ਦੇ ਵੱਡੇ ਗੇਟ ਉੱਤੇ ਅੱਪੜੇ। ਫੀਕਾ, ਕਾਲਾ, ਮੈਂ ਤੇ ਵਲੀ ਅੱਲ੍ਹਾ। ਏਨੀ ਸੀ ਢਾਣੀ ਸਾਡੀ। ਸਕੂਲ ਦੀ ਪਹਿਲੀ ਸਾਂਝੀ ਦੁਆ ਮਗਰੋਂ ਵੱਡੇ ਵਿਹੜੇ ਵਿਚ ਮੁੰਡੇ ਪਾਲ਼ੋ-ਪਾਲ਼ ਆਪਣਿਆਂ ਕਮਰਿਆਂ ਵੱਲ ਜਾਂਦੇ ਪਏ ਸਨ। ਦੌੜਾਂ ਲਾਂਦੇ, ਅਸੀਂ ਆਪਣੀ ਜਮਾਤ ਨਾਲ ਰਲਣ ਦੀ ਕੀਤੀ। ਕਿਸੇ ਮਾਸਟਰ ਸਾਨੂੰ ਤੱਕਿਆ ਨਾ। ਕਿਉਂ ਪਈ ਜਿਸ ਵੇਲੇ ਦੁਆ ਮਗਰੋਂ ਮੁੰਡੇ ਜਮਾਤਾਂ ਵੱਲ ਜਾਂਦੇ ਹੋਵਣ ਤਾਂ ਰੌਲਾ ਜਿਹਾ ਪਿਆ ਹੁੰਦਾ ਏ ਤੇ ਮਾਸਟਰ ਵੀ ਇਕ ਦੂਜੇ ਨਾਲ ਰਲ ਗਪੌੜੀਆਂ ਮਾਰਦੇ ਪਏ ਹੁੰਦੇ ਨੇ। ਹਾਂ ਪਾਲ਼ ਵਿਚ ਜਾਂਦਿਆਂ ਮੁੰਡਿਆਂ ਵਿਚੋਂ ਜੇ ਪਿੱਛੋਂ ਕੋਈ ਕਿਸੇ ਨੂੰ ਧੱਕਾ ਦੇਵੇ ਜਾਂ ਵਿਚੋਂ ਐਵੇਂ ਈ ਕੋਈ ਹੌਲਾ ਤੇ ਮਾੜਾ ਮੁੰਡਾ ਪਾਲ਼ੋਂ ਬਾਹਰ ਡਿੱਗ ਪਵੇ ਤੇ ਉਸ ਉੱਤੇ ਸੋਟੀਆਂ ਵਰ੍ਹ ਪੈਂਦੀਆਂ ਤੇ ਇੰਜ ਆਮ ਹੁੰਦਾ ਰਹਿੰਦਾ।

ਜਮਾਤ ਵਿਚ ਵੜ ਅਸੀਂ ਰੋਜ਼-ਹਾਰ ਆਪਣੇ ਦੂਜੇ ਨੰਬਰ ਵਾਲੇ ਬੈਂਚ ਵੱਲ ਨੱਸੇ। ਸਾਰਿਆਂ ਆਪੋ-ਆਪਣੇ ਬੈਂਚ ਤੇ ਡੈਸਕ ਮੱਲੇ ਹੋਏ ਸਨ। ਪ੍ਰਾਇਮਰੀ ਵਿਚ ਤਾਂ ਟਾਟ ਸਨ ਪਰ ਵੱਡੀਆਂ ਜਮਾਤਾਂ ਲਈ ਬੈਂਚ ਤੇ ਡੈਸਕ। ਠੰਢੇ-ਠਾਰ ਬੈਂਚ ਬਸਤਿਆਂ ਨਾਲ ਸਾਫ਼ ਕਰਦੇ ਪਹਿਲੀ ਗੱਲ ਜਿਹੜੀ ਹਵਾ ਦੇ ਬੁੱਲੇ ਵਾਂਗੂੰ ਦਿਮਾਗ਼ੋਂ ਲੰਘੀ ਉਹ ਏਹ ਸੀ ਜੇ ਪਹਿਲੇ ਪੀਰੀਅਡ ਮਾਰ ਪੈ ਗਈ ਤਾਂ। ਕੁਝ ਤਾਂ ਪਹਿਲਾਂ ਈ ਹੱਥਾਂ ਨੂੰ ਮਲਦੇ ਤੇ ਫੂਕਾਂ ਮਾਰਦੇ ਔਣ। ਠੰਢ ਏਨੀ ਪਈ ਹੱਥ ਵਿਚ ਕਲਮ ਫੜ ਨਾ ਹੋਵੇ।

ਮਾਸਟਰ ਅਲਤਾਫ਼ ਦਾ ਉਰਦੂ ਦਾ ਪੀਰਡ ਸੀ। ਮਾਸਟਰ ਅਲਤਾਫ਼ ਦੀ ਮਾਂ ਬੋਲੀ ਵੀ ਉਰਦੂ ਸੀ। ਹਮੇਸ਼ਾਂ ਲੱਠੇ ਦਾ ਚਿੱਟਾ ਕੁਰਤਾ ਤੇ ਪਜਾਮਾ ਪਾਂਦੇ ਤੇ ਪੈਰਾਂ ਵਿਚ ਮਕੇਸ਼ਨ। ਮੂੰਹ ਵਿਚ ਪਾਨ, ਮਧਰਾ ਜਿਹਾ ਕੱਦ ਤੇ ਅਝਕ-ਅਝਕ ਗੱਲ ਨੂੰ ਬਣਾ ਸੰਵਾਰ ਕੇ ਬੋਲਣਾ। ਉਹ ਉਹਨਾਂ ਮਾਸਟਰਾਂ ਵਿਚੋਂ ਸਨ ਜਿਹਨਾਂ ਦੇ ਹੱਥ ਵਿਚ ਸੋਟੀ ਨਾ ਹੁੰਦੀ। ਏਸ ਪਾਰੋਂ ਮੁੰਡੇ ਉਹਨਾਂ ਤੋਂ ਬਹੁਤਾ ਨਹੀਂ ਸਨ ਤਰਿੰਹਦੇ। ਉਹਨਾਂ ਦਾ ਸਜ਼ਾ ਦੇਣ ਦਾ ਢੰਗ ਵੀ ਨਿਵੇਕਲਾ ਸੀ। ਸਜ਼ਾ ਦੇਣ ਵੇਲੇ ਮੁੰਡੇ ਨੂੰ ਕੋਲ ਸੱਦ, ਬਹੁੰ ਨੇੜੇ ਕਰ ਕੰਨ ਨੂੰ ਐਸੀ ਮਰੋੜੀ ਦੇਂਦੇ ਪਈ ਮੁੰਡਾ ਉਹਨਾਂ ਦਵਾਲੇ, ਉੱਤੇ ਥੱਲੇ ਹੁੰਦਾ ਪਰ ਉਹ ਨਾ ਆਪਣੀ ਥਾਂ ਤੋਂ ਹਿੱਲਦੇ ਤੇ ਨਾ ਮੁੰਡੇ ਨੂੰ ਕੰਨ ਏਧਰ-ਓਧਰ ਕਰਨ ਦੇਂਦੇ। ਆਪੂੰ ਉਹ ਜਮਾਤ ਵੱਲ ਮੂੰਹ ਕਰ ਹਾਸੀਹੀਣੇ ਫ਼ਿਕਰੇ ਕੱਸਦੇ ਰਹਿੰਦੇ। “ਮਜ਼ਾ ਆ ਰਿਹਾ ਹੈ ਨਾ। ਨਾਚ ਤਾਂ ਯਹ ਅੱਛਾ ਹੈ।” ਮੁੰਡਾ ਉਹਨਾਂ ਦੇ ਏਨਾ ਨੇੜੇ ਹੁੰਦਾ ਪਈ ਉਹਨਾਂ ਦੇ ਮੂੰਹ ਵਿਚੋਂ ਆਉਂਦਾ ਪਾਨ ਰਸਿਆ ਸਾਹ ਮੂੰਹ ਉੱਤੇ ਵੱਜਦਾ ਲੱਗਦਾ। ਕਈ ਵਾਰੀ ਉਹ ਢਿੱਡ ਵਿਚ ਚੂੰਢੀ ਵੱਢ ਆਪ ਨਚਿੰਤ ਹੋ, ਅੱਡਰੇ ਖਲੋਤੇ ਰਹਿੰਦੇ। ਮੁੰਡਾ ਪੁੱਠਾ ਸਿੱਧਾ ਹੁੰਦਾ ਤੇ ਜਮਾਤ ਹੱਸ-ਹੱਸ ਦੋਹਰੀ-ਤਿਹਰੀ ਹੋ, ਹੋ ਜਾਂਦੀ। ਜੇ ਕੋਈ ਮੁੰਡਾ ਬਹੁਤੀ ਉੱਚੀ ਹੱਸਦਾ ਉਸਨੂੰ ਵੀ ਬੁਲਾ ਲੈਂਦੇ। ਕਿਉਂ ਜੇ ਚੂੰਢੀ ਵੱਢਣ ਵੇਲੇ ਉਹ ਹੌਲੀ ਹੌਲੀ ਮੂੰਹ ਵਿਚ ਡਾਲੀਆਂ ਚਿੱਥਦੇ ਜਮਾਤ ਵੱਲ ਤੱਕਦੇ ਰਹਿੰਦੇ। ਜਿਵੇਂ ਏਸ ਗੁਣੀਂ ਕੰਮ ਦੀ ਦਾਦ ਮੰਗਦੇ ਹੋਵਣ। ਵੇਖੋ ਮੈਂ ਕਿੰਨੇ ਸੋਹਣੇ ਢੰਗ ਨਾਲ ਕਰਦਾ ਹਾਂ ਏਹ ਕੰਮ। ਉਹਨਾਂ ਮੂਜ਼ਬ ਇਕ ਅਟਕਲ, ਇਕ ਚੱਜ ਤੇ ਗੁਣ ਸੀ ਉਹਨਾਂ ਦੇ ਸਜ਼ਾ ਦੇਵਣ ਵਿਚ ਤੇ ਇਹ ਗੁਣ ਉਹਨਾਂ ਕਈ ਵਰ੍ਹੇ ਸਕੂਲ ਦੀ ਨੌਕਰੀ ਕਰਨ ਪਿੱਛੋਂ ਕਮਾਇਆ ਸੀ।

ਪਰ ਕਦੀ-ਕਦੀ ਉਹਨਾਂ ਨੂੰ ਬਹੁੰ ਕਾਵੜ ਵੀ ਚੜ੍ਹ ਜਾਂਦੀ। ਰੋਹ ਨਾਲ ਉਹ ਕੰਬਣ ਲੱਗ ਪੈਂਦੇ ਤੇ ਇਕ ਮੁੰਡੇ ਨੂੰ ਨਾਲ ਵਾਲੀ ਜਮਾਤ ਵਿਚੋਂ ਦੂਜੇ ਮਾਸਟਰ ਤੋਂ ਸੋਟੀ ਮੰਗ ਕੇ ਲਿਆਉਣ ਦਾ ਆਖਦੇ, ਪਰ ਇੰਜ ਵਰ੍ਹੇ-ਛਮਾਹੀ ਈ ਹੁੰਦਾ। ਏਹ ਅਸਲੋਂ ਉਹਨਾਂ ਦੀ ਹਾਰ ਹੁੰਦੀ। ਕਿਉਂ ਜੇ ਸੋਟੀ ਨਾਲ ਸਜ਼ਾ ਦੇਣਾ ਉਹਨਾਂ ਦਾ ਸੁਭਾਅ ਨਹੀਂ ਸੀ। ਫੇਰ ਉਹ ਅੰਨ੍ਹੇਵਾਹ ਗਾਹਲਾਂ ਕੱਢ ਕੱਢ ਮਾਰਦੇ ਤੇ ਅੰਤ ਕਰ ਦੇਂਦੇ। "ਭੋਸੜੀ ਕੇ, ਅਪਨੀ ਮਾਂ ਕੇ ਯਾਰ।" ਜਮਾਤ ਵਿਚ ਮੌਤ ਵਰਗੀ ਚੁੱਪ ਵਾਪਰ ਜਾਂਦੀ। ਜਿਸ ਵੇਲੇ ਮੁੰਡਾ ਦੂਜੇ ਕਮਰੇ ਵਿਚੋਂ ਸੋਟੀ ਲੈਣ ਜਾਂਦਾ ਉਹ ਬੈਂਚਾਂ ਵਿਚਕਾਰ ਫਿਰਨ ਲੱਗ ਪੈਂਦੇ ਤੇ ਜਿੱਥੇ ਉਹ ਖਲੋ ਜਾਂਦੇ ਉਥੇ ਈ ਮੌਤ ਹੁੰਦੀ।

ਇਹ ਉਚੇਚਾ ਉਦੋਂ ਹੁੰਦਾ ਜਦੋਂ ਕੋਈ ਅਜਿਹਾ ਮਖ਼ੌਲ ਕਰਦਾ ਜਿਹੜਾ ਉਹਨਾਂ ਦੀਆਂ ਸਬਰ ਦੀਆਂ ਸਾਰੀਆਂ ਹੱਦਾਂ ਉਲੰਘ ਜਾਂਦਾ। ਉਹ ਸਿਰੋਂ ਗੰਜੇ ਸਨ ਤੇ ਬਾਜ਼ਾਰ ਵਾਲ਼ ਉਗਾਵਣ ਦਾ ਕੋਈ ਨਵਾਂ-ਨਵਾਂ ਤੇਲ ਆਇਆ ਹੋਣਾ ਏ। ਬਹੁੰ ਮਸ਼ਹੂਰੀ ਹੁੰਦੀ ਪਈ ਸੀ ਜਿਸ ਦੀ। ਜ਼ੇਡਾਲ ਜਾਂ ਕੋਈ ਹੋਰ ਨਾਂ। ਠੰਢ ਪਾਰੋਂ ਕਿਸੇ ਦਾ ਜੀ ਨਹੀਂ ਸੀ ਬਸਤਾ ਜਾਂ ਕਿਤਾਬ ਖੋਲ੍ਹਣ ਨੂੰ। ਉਹਨਾਂ ਹਾਜ਼ਰੀ ਮਗਰੋਂ ਅਜੇ ਕਿਤਾਬਾਂ ਖੋਲ੍ਹਣ ਦਾ ਨਾਂ ਲਿਆ ਹੋਣਾ ਏ ਪਈ ਕਿਸੇ ਏਸ ਤੇਲ ਦਾ ਨਾਂ ਲਿਆ। ਭਾਵੇਂ ਕਿਸੇ ਹੌਲੀ ਜਿਹੀ ਲਿਆ ਪਰ ਉਹਨਾਂ ਸੁਣ ਲਿਆ ਤੇ ਚੜ੍ਹ ਤਪ ਗਿਆ। ਸਾਡੇ ਤੋਂ ਅਗਲੇ ਬੈਂਚ ਉੱਤੇ ਬੈਠੇ ਮੁੰਡੇ ਨੂੰ ਜਿਹੜਾ ਮਾਨੀਟਰ ਸੀ ਉਹਨਾਂ ਨਾਲ ਦੇ ਕਮਰਿਓਂ ਸੋਟੀ ਲਿਆਣ ਦਾ ਹੁਕਮ ਦਿੱਤਾ। ਇੰਜ ਲੱਗਾ ਜਿਵੇਂ ਕਿਸੇ ਸਾਡੇ ਸਾਰਿਆਂ ਦੇ ਹੱਥ ਜ਼ੋਰ ਧਿੰਗਾਣੇ ਬਰਫ਼ ਉੱਤੇ ਰੱਖ ਦਿੱਤੇ ਹੋਵਣ। ਸਿਆਲ਼ ਵਿਚ ਸਾਡੀ ਇਕੋ ਸੱਧਰ ਹੁੰਦੀ ਪਈ ਪਹਿਲੇ ਇਕ ਦੋ ਪੀਰੀਅਡ ਮਾਰ ਨਾ ਪਵੇ। ਸਾਡੀ ਜਮਾਤ ਵਿਚ ਤਾਂ ਚੁੱਪ ਵਰਤੀ ਪਰ ਜਾਪਿਆ ਸਾਰੇ ਸਕੂਲ ਈ ਵਰਤ ਗਈ ਏ। ਜਦ ਮੁੰਡਾ ਸੋਟੀ ਲੈ ਕੇ ਆਇਆ ਅਸੀਂ ਮੌਤ ਵਾਂਗਰ ਠੰਡੇ ਯੱਖ਼ ਹੋਏ ਬੈਠੇ ਸਾਂ। ਜਿਵੇਂ ਸਾਡਾ ਵਜੂਦ ਈ ਸਾਡੇ ਤੋਂ ਦੁਰਾਡਾ ਹੋਵੇ। ਸਾਨੂੰ ਪਤਾ ਸੀ ਏਹ ਮਖ਼ੌਲ ਫ਼ੱਜੇ ਕਸਾਈ ਦੇ ਮੁੰਡੇ ਕੀਤਾ ਸੀ ਜਿਹੜਾ ਮੁੜ ਅੱਠਵੀਂ ਵਿਚੋਂ ਈ ਸਕੂਲ ਛੱਡ ਬਾਜ਼ਾਰ ਵਿਚ ਪਿਓ ਦੀ ਹੱਟੀ ਜਾ ਬੈਠਾ ਸੀ।

ਮਾਸਟਰ ਅਲਤਾਫ਼ ਬੈਂਚਾਂ ਵਿਚਕਾਰ ਇਕ ਦੋ ਚੱਕਰ ਲਾ ਸਾਡੇ ਕੋਲ ਆ ਖਲੋਤੇ। ਸਾਡੇ ਹੱਥ ਬਿਨਾਂ ਮਾਰ ਤੋਂ ਈ ਸੁੰਨ ਹੋ ਗਏ ਸਨ। ਅੱਜ ਮੈਂ ਚੇਤਾ ਕਰਦਾ ਆਂ ਤੇ ਮੈਨੂੰ ਲੱਗਦਾ ਏ ਪਈ ਖ਼ੌਰੇ ਵਲੀ ਅੱਲ੍ਹਾ ਐਵੇਂ ਹਿੱਲਿਆ ਸੀ ਜਾਂ ਫੇਰ ਉਹਦੇ ਮੂੰਹ ਉੱਤੇ ਉਂਜ ਦਾ ਡਰ ਨਹੀਂ ਸੀ ਹੁੰਦਾ ਜਿਵੇਂ ਸਾਡੇ ਸਾਰਿਆਂ ਉੱਤੇ ਹੁੰਦਾ ਸੀ। ਕਿਉਂ ਜੇ ਉਹਨੂੰ ਘੱਟ ਵੱਧ ਈ ਮਾਰ ਪੈਂਦੀ ਪਰ ਉਸ ਦਿਨ ਮਾਸਟਰ ਅਲਤਾਫ਼ ਹੋਰਾਂ ਵਲੀ ਅੱਲ੍ਹਾ ਨੂੰ ਬੈਂਚ ਉੱਤੋਂ ਉੱਠ ਕੇ ਸੋਟੀ ਨਾਲ ਬਾਹਰ ਆਵਣ ਦੀ ਸੈਨਤ ਕੀਤੀ। ਕਾਵੜ ਨਾਲ ਉਹਨਾਂ ਦਾ ਮੂੰਹ ਲਾਲ ਬੋਟੀ ਹੋ ਗਿਆ ਤੇ ਪਾਨ ਬੁਲ੍ਹਾਂ ਤੋਂ ਕੁਝ ਬਹੁਤਾ ਈ ਬਾਹਰ ਆ ਗਿਆ। ਵਲੀ ਅੱਲ੍ਹਾ ਉਂਜ ਈ ਉਹਨਾਂ ਵੱਲ ਤੱਕਦਾ ਰਿਹਾ। ਉਹਦੇ ਮੂੰਹ ਉੱਤੋਂ ਕੋਈ ਗੱਲ ਪੜ੍ਹੀ ਨਹੀਂ ਸੀ ਜਾਂਦੀ। ਜਦ ਮਾਸਟਰ ਅਲਤਾਫ਼ ਹੋਰੀਂ ਮਾਰਦੇ ਤੇ ਫੇਰ ਨਿਆਂ ਨਾ ਕਰਦੇ। ਕਿਸੇ ਜੁਰਮ ਕੀਤਾ ਜਾਂ ਨਾ ਉਹ ਸਜ਼ਾ ਦੇ ਦੇਂਦੇ। ਅਸਲੋਂ ਉਹਨਾਂ ਨੂੰ ਕਦੀ ਪਤਾ ਈ ਨਾ ਚੱਲਦਾ ਪਈ ਕਿਹਨੇ 'ਵਾਜ ਕੱਸੀ ਜਾਂ ਕੋਈ ਹੋਰ ਪੰਗੇ-ਬਾਜ਼ੀ ਕੀਤੀ ਏ। ਉਹ ਕਿਸੇ ਇਕ ਮੁੰਡੇ ਨੂੰ ਬਾਹਰ ਸੱਦ ਅੰਨ੍ਹੇਵਾਹ ਮਾਰਨ ਲੱਗ ਪੈਂਦੇ ਤੇ ਉਹਨਾਂ ਦੇ ਬਾਹਰ ਸੱਦਣ ਦਾ ਮਤਲਬ ਹੁੰਦਾ ਬਸ ਹੱਥ ਅਗਾਂਹ ਕਰ ਦਿਉ। ਜੇ ਮੁੰਡਾ ਅੱਗੋਂ ਕੁਝ ਬੋਲਣ ਜਾਂ ਸਫ਼ਾਈ ਦੇਣ ਦੀ ਕਰਦਾ ਤਾਂ ਵੀ ਓਨੀ ਈ ਮਾਰ ਪੈਂਦੀ ਸਗੋਂ ਬਹੁਤੀ। ਮਾਸਟਰ ਅਲਤਾਫ਼ ਸੋਟੀ ਉਤਾਂਹ ਚਾਈ ਤੇ ਵਲੀ ਅੱਲ੍ਹਾ ਹੱਥ ਅਗਾਂਹ ਕਰ ਦਿੱਤੇ। ਸੋਟੀਆਂ ਵੱਜਦੀਆਂ ਗਈਆਂ ਤੇ ਅਸੀਂ ਸੁੰਨ ਹੋਏ ਬੈਠੇ ਰਹੇ।

ਕੁਝ ਦੂਜੀਆਂ ਜਮਾਤਾਂ ਦੇ ਮੁੰਡੇ ਜਿਹਨਾਂ ਦੇ ਮਾਸਟਰ ਜਮਾਤ ਵਿਚ ਨਹੀਂ ਸਨ ਬੂਹਿਓਂ ਚੋਰੀ-ਚੋਰੀ ਵਲੀ ਅੱਲ੍ਹਾ ਨੂੰ ਮਾਰ ਪੈਂਦੀ ਨੂੰ ਤੱਕਦੇ ਪਏ ਸਨ। ਖ਼ੌਰੇ ਕੀਹ ਹੋ ਗਿਆ ਸੀ ਮਾਸਟਰ ਅਲਤਾਫ਼



ਹੋਰਾਂ ਨੂੰ ਉਹ ਰੋਹ ਨਾਲ ਭਰੇ ਸੋਟੀਆਂ ਮਾਰਦੇ ਗਏ ਤੇ ਅਖ਼ੀਰ ਵਲੀ ਅੱਲ੍ਹਾ ਦੇ ਹੱਥ ਹੇਠਾਂ ਲਮਕ ਪਏ। ਉਹਦੀਆਂ ਅੱਖਾਂ ਅੱਥਰੂਆਂ ਨਾਲ ਭਰੀਜ਼ ਗਈਆਂ। ਜੀ ਉਹ ਵਲੀ ਔਲੀਆ! ਨਾ ਉਹ ਰੋਇਆ, ਨਾ ਓਸ ਸੀ ਕੀਤੀ। ਪੂਰੀਆਂ ਇਕ ਸੌ ਦੋ ਸੋਟੀਆਂ ਉੱਤੇ ਸੋਟੀ ਟੁੱਟ ਗਈ। ਰਹਿੰਦੀਆਂ ਸੋਟੀਆਂ ਉਹਨਾਂ ਉਹਦੇ ਲਮਕਦੇ ਹੱਥਾਂ ਉੱਪਰ ਮਾਰੀਆਂ ਸਨ। ਪੂਰੇ ਸਕੂਲ ਅੰਤਾਂ ਦੀ ਚੁੱਪ ਲੱਥ ਪਈ।

ਮੁੜ ਕੀਹ ਹੋਇਆ, ਕੀਹ ਨਾ ਹੋਇਆ ਪਰ ਅੱਧੀ ਛੁੱਟੀ ਵੇਲੇ ਕੁੱਲ ਸਕੂਲ ਘੁੰਮ ਗਈ ਪਈ, "ਵਲੀ ਅੱਲ੍ਹਾ ਨੂੰ ਮਾਰ ਪਈ ਏ। ਵਲੀ ਅੱਲ੍ਹਾ ਨੂੰ ਮਾਰ ਪਈ ਏ।“ਸਾਰੇ ਵਲੀ ਅੱਲ੍ਹਾ ਦੇ ਨਾਂ ਉੱਤੇ ਜ਼ੋਰ ਪਾ ਕੇ ਖਿੱਚ-ਖਿੱਚ ਕੇ ਲੰਮਾ ਕਰਦੇ ਪੁੱਛਦੇ ਰਹੇ। ਵਲੀ ਅੱਲ੍ਹਾ ਚੁੱਪ ਕਰ ਅੱਧੀ ਛੁੱਟੀ ਮਗਰੋਂ ਈ ਸਕੂਲੋਂ ਚਲਾ ਗਿਆ। ਉਹਦੇ ਹੱਥ ਸੁੱਜ ਕੇ ਲਾਲ ਹੋ ਗਏ ਸਨ ਤੇ ਕਿਸੇ ਉੱਤੇ ਰੁਮਾਲ ਬੰਨ੍ਹ ਦਿੱਤਾ ਸੀ। ਜਿੰਨਾ ਚਿਰ ਉਹ ਸਾਡੇ ਨਾਲ ਰਿਹਾ ਅਸੀਂ ਹੱਥ ਉੱਤੇ ਰੁਮਾਲ ਰੱਖ ਕੇ ਮੂੰਹ ਨਾਲ ਫੂਕਾਂ ਮਾਰਦੇ ਰਹੇ। ਹੱਥ ਉਸ ਕੋਲੋਂ ਹਿੱਲਦੇ ਨਹੀਂ ਸਨ ਕੋਈ।

ਵਲੀ ਅੱਲ੍ਹਾ ਸਾਡਾ ਯਾਰ, ਸਾਡਾ ਬੇਲੀ, ਸਾਡੀ ਢਾਣੀ ਦਾ ਸੀ। ਜੁੜਵਾਂ ਅੰਗ, ਮਧਰਾ ਕੱਦ ਬੁੱਤ ਤੇ ਮਾੜਕੂ ਜਿਹਾ। ਸਗੋਂ ਆਪਣੀ ਜਮਾਤ ਦੇ ਦੂਜਿਆਂ ਮੁੰਡਿਆਂ ਕੋਲੋਂ ਹੌਲਾ ਈ ਹੁੰਦਾ ਏ। ਤੋਤੇ ਵਰਗੀ ਲੰਮੀ ਜਿਹੀ ਨੱਕ ਤੇ ਸਿਰ ਉੱਤੇ ਉਸ ਕੱਪੜੇ ਦੀ ਨਮਾਜ਼ੀਆਂ ਵਾਲੀ ਹਮੇਸ਼ ਮੈਲ਼ੀ ਟੋਪੀ ਪਾਈ ਹੋਣੀ। ਉਸ ਸਿਰ ਹਮੇਸ਼ ਹੇਠਾਂ ਸੁੱਟ ਟੁਰਨਾ ਤੇ ਲੱਗਣਾ ਜਿਵੇਂ ਹੇਠਾਂ ਡਿੱਗੀ ਕੋਈ ਸ਼ੈਅ ਲੱਭਦਾ ਹੋਵੇ ਤੇ ਉਹਦੀ ਨੱਕ ਕੁਝ ਹੋਰ ਈ ਲੰਮੀ ਲੱਗਣੀ। ਅਸਲੋਂ ਤੋਤੇ ਵਰਗੀ। ਉਹ ਸਾਡੇ ਸਾਰਿਆਂ ਵਿਚੋਂ ਸਭ ਤੋਂ ਭਲਾਮਾਣਸ ਤੇ ਸਾਦ-ਮੁਰਾਦਾ ਸੀ। ਏਨਾ ਮਾੜਾ ਸੀ ਉਹ ਪਹੀ ਕਈ ਖੇਡਾਂ ਖੇਡਣ ਜੋਗਾ ਵੀ ਨਹੀਂ ਸੀ। ਅਸਾਂ ਜਿਹੜੀ ਵੀ ਖੇਡ ਖੇਡਣੀ ਉਸ ਜਾਂ ਜੱਜ ਹੋਣਾ ਜਾਂ ਇਕ ਪਾਸੇ ਬਹਿ ਸਾਡੀਆਂ ਜੁੱਤੀਆਂ ਜਾਂ ਹੋਰ ਸ਼ੈਵਾਂ ਸਾਂਭਣੀਆਂ। ਕਿਸੇ ਵੀ ਖੇਡ ਵਿਚ ਜਦ ਰੱਫੜ ਬਣ ਜਾਣਾ ਅਖ਼ੀਰ ਨਿਆਂ ਵਲੀ ਅੱਲ੍ਹਾ ਈ ਕਰਨਾ। ਸਾਡੇ ਤੋਂ ਵੱਡੀਆਂ ਜਮਾਤਾਂ ਦੇ ਮੁੰਡੇ ਵੀ ਉਸ ਦਾ ਆਦਰ ਕਰਦੇ ਪਰ ਵਲੀ ਅੱਲ੍ਹਾ ਦਾ ਆਦਰ ਨਿਰਾ ਏਹਨਾਂ ਗੱਲਾਂ ਤੋਂ ਨਹੀਂ ਸੀ। ਉਹਦਾ ਅਸਲੋਂ ਆਦਰ-ਭਾਅ ਏਸ ਗੱਲੋਂ ਸੀ ਪਈ ਉਸ ਸਾਨੂੰ ਸਾਰਿਆਂ ਨੂੰ ਦਮ-ਦਰੂਦ ਕਰਨਾ। ਏਸ ਗੱਲੋਂ ਸਾਰੇ ਉਹਨੂੰ ਵਲੀ ਅੱਲ੍ਹਾ ਦੇ ਨਾਂ ਤੋਂ ਸੱਦਦੇ ਸਨ। ਅਸਲੋਂ ਤਾਂ ਨਾਂ ਉਹਦਾ ਕੁਝ ਹੋਰ ਸੀ। ਐਵੇਂ ਕਿਸੇ ਮੁੰਡੇ ਆਪਣਾ ਮੱਥਾ ਅਗਾਂਹ ਕਰ ਦੇਣਾ ਤੇ ਆਖਣਾ, "ਲੈ ਵਲੀ ਅੱਲ੍ਹਾ ਦਮ ਕਰਦੇ।" ਵਲੀ ਅੱਲ੍ਹਾ ਬਹੁੰ ਗੰਭੀਰਤਾ ਨਾਲ ਉਹਦੇ ਮੱਥੇ ਉੱਤੇ ਸਹਿਜ ਨਾਲ ਚੂੰਢੀ ਭਰ ਖਲੋ ਜਾਣਾ ਤੇ ਇਕ ਦੋ ਪਲ ਮੂੰਹ ਵਿਚ ਕੁਝ ਪੜ੍ਹ ਫੂਕ ਮਾਰ ਦੇਣੀ। ਕੋਸੇ ਸਾਹ ਦੀ ਫੂਕ ਮੂੰਹ ਉੱਤੇ ਹੌਲੀ ਜਿਹਾ ਛੁਹ ਕੇ ਅੰਦਰ ਨੂੰ ਵੀ ਹੌਲਾ ਜਿਹਾ ਕਰ ਦੇਣਾ। ਮੁੰਡਿਆਂ ਨੂੰ ਏਸ ਗੱਲ ਦਾ ਏਨਾ ਸਵਾਦ ਸੀ ਪਈ ਕਈ ਵਾਰ ਭੀੜ ਲੱਗ ਜਾਣੀ ਤੇ ਵਾਰੋ-ਵਾਰੀ ਇਕ-ਇਕ ਕਰ ਕੇ ਮੁੰਡਿਆਂ ਅਗਾਂਹ ਹੋਣਾ ਤੇ ਦਮ ਕਰਾ ਕੇ ਪਿੱਛੇ ਹਟੀ ਜਾਣਾ। ਬਹੁਤਿਆਂ ਏਸ ਆਸ ਨਾਲ ਕਰਾਣਾ ਪਈ ਖ਼ੌਰੇ ਏਸ ਦਮ ਨਾਲ ਸਕੂਲ ਦੀ ਮਾਰ ਤੋਂ ਬਚ ਜਾਈਏ। ਕੁਝ ਦੀਆਂ ਹੋਰ ਆਸਾਂ ਵੀ ਹੋਸਣ, ਪਰ ਇਕ ਵਿਸਾਹ ਇਕ ਨਿੱਘ ਇਕ ਕੋਸਾ ਜਿਹਾ ਸਾਹ ਸੀ ਵਲੀ ਅੱਲ੍ਹਾ ਦੇ ਦਮ ਵਿਚ। ਹੁਣ ਜਦ ਵਲੀ ਅੱਲ੍ਹਾ ਨੂੰ ਮਾਰ ਪਈ ਤੇ ਸਾਨੂੰ ਸਾਰਿਆਂ ਨੂੰ ਪੱਕ ਸੀ ਪਈ ਮਾਸਟਰ ਅਲਤਾਫ਼ ਨਹੀਂ ਬਚਣਾ "ਵਲੀ ਅੱਲ੍ਹਾ ਨੂੰ ਮਾਰਿਆ ਉਸ" ਆਹੋ ਹੋਇਆ। ਅਗਲੇ ਦਿਨ ਸਕੂਲ ਅੱਪੜੇ ਤਾਂ ਬੰਦ ਸੀ। ਪਤਾ ਲੱਗਾ ਮਾਸਟਰ ਅਲਤਾਫ਼ ਦੀ ਜ਼ਨਾਨੀ ਮਰ ਗਈ ਏ ਤੇ ਸਕੂਲ ਛੁੱਟੀ ਏ। ਹੁਣ ਤਾਂ ਵਲੀ ਅੱਲ੍ਹਾ, ਵਲੀ ਅੱਲ੍ਹਾ ਹੋ ਗਈ। ਅੱਧਾ ਸਕੂਲ ਮਾਸਟਰ ਅਲਤਾਫ਼ ਦੇ ਘਰ ਜਾਵਣ ਦੀ ਥਾਂ ਵਲੀ ਅੱਲ੍ਹਾ ਦੀ ਖ਼ੈਰ-ਖ਼ੈਰੀਅਤ ਪੁੱਛਣ ਉਹਦੇ ਘਰ ਤੁਰ ਗਿਆ। ਦਮ ਕਰਾਣ ਵਾਲਿਆਂ ਦੀ ਥਾਂ ਭੀੜ ਈ ਨਹੀਂ ਸੀ ਮੁੱਕਦੀ, ਸਗੋਂ ਮੁਹੱਲੇ ਦੀਆਂ ਕੁਝ ਜ਼ਨਾਨੀਆਂ ਵੀ ਉਸ ਕੋਲੋਂ ਦਮ ਕਰਾਣ ਆਵਣ ਲੱਗ ਪਈਆਂ। ਨਾਲੇ ਉਸ ਤੋਂ ਮਗਰੋਂ ਵਲੀ ਅੱਲ੍ਹਾ ਨੂੰ ਕਦੀ ਮਾਰ ਵੀ ਨਹੀਂ ਸੀ ਪਈ। ਇਹ ਤਾਂ ਸਾਨੂੰ

ਕਈ ਵਰ੍ਹਿਆਂ ਪਿੱਛੋਂ ਖ਼ਬਰ ਹੋਈ ਪਈ ਮਾਸਟਰ ਅਲਤਾਫ਼ ਦੀ ਜ਼ਨਾਨੀ ਨੂੰ ਟੀ. ਬੀ. ਸੀ ਤੇ ਉਹ ਤਾਂ ਪਹਿਲੋਂ ਈ ਚੋਖੀ ਬੀਮਾਰ ਸੀ।

2.

ਵਲੀ ਅੱਲ੍ਹਾ ਮੇਰਾ ਜਮਾਤੀ ਈ ਨਹੀਂ ਮਹੱਲੇਦਾਰ ਵੀ ਸੀ। ਹੁਣ ਉਹ ਕਦ ਤੋਂ ਮੇਰਾ ਯਾਰ ਬੇਲੀ ਸੀ, ਚੇਤੇ ਨਹੀਂ। ਜਾਪਦਾ ਏ ਪੌਂਦ ਈ ਤੋਂ ਪਰ ਅਸਲੋਂ ਉਹਦੇ ਨਾਲ ਵਾਕਫ਼ੀ ਦਾ ਮੁੱਢ ਇਹ ਸੀ ਪਈ ਉਹਦਾ ਤੇ ਮੇਰਾ ਪਿਓ ਵੰਡ ਤੋਂ ਮਗਰੋਂ ਈ ਬਾਜ਼ਾਰ ਵਿਚ ਸ਼ਾਮੀ ਤਫ਼ੈਲ ਦਰਜ਼ੀ ਦੀ ਹੱਟੀ ਉੱਤੇ ਬਹਿੰਦੇ ਸਨ। ਮੈਨੂੰ ਚੇਤਾ ਆਉਂਦਾ ਏ ਪਈ ਇਕ ਵੱਡਾ ਸਾਰਾ ਲੱਕੜ ਦਾ ਤਖ਼ਤਾ ਹੋਣਾ ਤੇ ਇਕ ਪਾਸੇ ਸਿਲਾਈ ਦੀ ਮਸ਼ੀਨ ਤੇ ਕੋਲਿਆਂ ਵਾਲੀ ਇਸਤਰੀ। ਇਸਤਰੀ ਦੇ ਕੋਲਿਆਂ ਤੋਂ ਈ ਹੁੱਕਾ ਤਿਆਰ ਹੁੰਦਾ ਜਾਂ ਫੇਰ ਹੁੱਕੇ ਦੇ ਕੋਲਿਆਂ ਤੋਂ ਇਸਤਰੀ। ਇਹ ਕੰਮ ਇੰਜੇ ਇਕ ਦੂਜੇ ਨੂੰ ਧੁਖਾਈ ਰੱਖਦਾ। ਤਫ਼ੈਲਾ ਦਰਜ਼ੀ ਕਦੇ ਕਿਸੇ ਦਾ ਨਾਮ ਨਹੀਂ ਸੀ ਲੈਂਦਾ। ਉਸ ਬੰਦੇ ਜਾਂ ਬਾਲ ਉੱਤੇ ਇਕ ਭਰਵੀਂ ਨਿਗਾਹ ਪਾਣੀ ਜਾਂ ਕਦੀ ਕਦਾਰ ਕਿਸੇ ਦੇ ਮੋਢੇ ਉੱਤੇ ਹੱਥ ਰੱਖ ਉਹਨੂੰ ਸਿਰ ਤੋਂ ਪੈਰਾਂ ਤੀਕ ਗਹੁ ਨਾਲ ਤੱਕਣਾ ਤੇ ਆਖਣਾ ਪਰਸੋਂ ਆ ਕੇ ਕੱਪੜੇ ਲੈ ਜਾਵੀਂ। ਸ਼ਾਮੀਂ ਉਥੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ ਆਏ ਬੰਦੇ ਜੁੜਨ ਲੱਗ ਪੈਣੇ ਤੇ ਅੰਮ੍ਰਿਤਸਰ ਤੇ ਗੁਰਦਾਸਪੁਰ ਦੀਆਂ ਗੱਲਾਂ ਤੋਂ ਦੌਲਤਾਨਾ ਤੋਂ ਲੇ ਕੇ ਆਯੂਬ ਖਾਂ ਤੇ ਭਾਸ਼ਾਨੀ ਤੇ ਭੁੱਟੋ ਸਰਕਾਰ ਤੀਕ ਦੀਆਂ ਸਿਆਸਤਾਂ ਆਈਆਂ ਤੇ ਗਈਆਂ। ਬੰਦਿਆਂ ਦੇ ਧੌਲੇ ਆ ਗਏ। ਮੁੜ ਤਫ਼ੈਲ ਦਰਜ਼ੀ ਦੀ ਹੱਟੀ ਬੰਦ ਹੋਈ ਤੇ ਉਥੇ ਮੈਡੀਕਲ ਸਟੋਰ ਖੁੱਲ੍ਹਿਆ। ਅੱਜ ਕੱਲ੍ਹ ਉਥੇ ਸ਼ੀਸ਼ਿਆਂ ਵਾਲੀ ਇਕ ਵੱਡੀ ਬੇਕਰੀ ਏ।

ਸਾਡੇ ਸਕੂਲ ਦੀ ਪੜ੍ਹਾਈ ਮੁੱਕੀ ਤੇ ਸਾਨੂੰ ਆਪਣਿਆਂ ਨਤੀਜਿਆਂ ਦੀ ਉਡੀਕ ਸੀ। ਉਦੋਂ ਲਾਹੌਰ ਸ਼ਹਿਰ ਵਿਚੋਂ ਦਸਵੀਂ ਦਾ ਨਤੀਜਾ ਆਵਣ ਉੱਤੇ ਅਖ਼ਬਾਰਾਂ ਖ਼ਾਸ ਸ਼ੁਮਾਰੇ ਕੱਢਦੀਆਂ ਤੇ ਅਖ਼ਬਾਰ ਵੇਚਣ ਵਾਲੇ 'ਵਾਜ਼ਾਂ ਲਾ ਲਾ ਕੇ ਮੈਟ੍ਰਿਕ ਦਾ ਗਜ਼ਟ ਵੇਚਦੇ। ਜਦ ਮੈਟ੍ਰਿਕ ਦਾ ਗਜ਼ਟ ਆਇਆ ਤੇ ਵਲੀ ਅੱਲ੍ਹਾ ਫੇਲ੍ਹ ਹੋ ਗਿਆ। ਸਾਡੇ ਕਿੰਨੇ ਨੰਬਰ ਆਏ ਜਾਂ ਨਾ ਆਏ ਸਾਨੂੰ ਏਹਦੀ ਖ਼ੁਸ਼ੀ ਨਾ ਹੋਈ। ਸਾਥੋਂ ਵਲੀ ਅੱਲ੍ਹਾ ਦੇ ਫ਼ੇਲ੍ਹ ਹੋਵਣ ਦਾ ਹਿਰਖ਼ ਈ ਨਹੀਂ ਸੀ ਜਰ ਹੁੰਦਾ। ਮਹੱਲੇ ਦੇ ਇਕ ਥੜੇ ਉੱਤੇ ਅਸੀਂ ਕਿੰਨੀ ਦੇਰ ਈ ਚੁੱਪ ਕਰ ਕੇ ਬੈਠੇ ਰਹੇ। ਉਦੋਂ ਚਾਰ ਅੱਠ ਆਨੇ ਘੰਟਾ ਉੱਤੇ ਕਿਰਾਏ ਦੀ ਸਾਈਕਲ ਲੱਭਦੀ ਸੀ। ਸਾਨੂੰ ਅੰਦਰੋਂ ਅੰਦਰੀਂ ਏਨੀ ਪੀੜ ਸੀ ਪਈ ਅਸੀਂ ਸਾਈਕਲਾਂ ਕਿਰਾਏ 'ਤੇ ਲੈ ਕੇ ਸਾਰੇ ਸ਼ਹਿਰ ਦਾ ਗੇੜਾ ਲਾ ਕੇ ਸਾਈਕਲਾਂ ਚਲਾ ਚਲਾ ਫਾਵੇ ਹੋ ਗਏ ਪਰ ਕਰਾਰ ਨਹੀਂ ਸੀ ਪੈਂਦਾ। ਬੰਦ ਰੋਡ ਦੇ ਲਾਗੇ ਤੇ ਏਸ ਤੋਂ ਅੱਗੇ ਆਬਾਦੀ ਨਹੀਂ ਸੀ ਜੁੜੀ। ਘਣੇ ਰੁੱਖ਼ ਤੇ ਪੈਲੀਆਂ ਹੁੰਦੀਆਂ ਸਨ। ਵਿਚ-ਵਿਚ ਕਿੱਧਰੇ ਖੂਹ ਵੀ। ਕੁੱਤਿਆਂ ਦੇ ਭੌਂਕਣ ਤੇ ਟੱਲੀਆਂ ਦੀਆਂ 'ਵਾਜਾਂ ਆਉਣੀਆਂ। ਅਸੀਂ ਇਕ ਖੂਹ ਉੱਤੇ ਜਾ ਕੇ ਬਹਿ ਗਏ। ਫ਼ੀਕਾ ਆਪਣੇ ਪਿਓ ਦੀ ਦੁਡਵਾਇਨ ਦੀ ਸਿਗਟਾਂ ਦੀ ਡੱਬੀ ਚੋਰੀ ਕਰ ਕੇ ਲਿਆਇਆ ਹੋਇਆ ਸੀ। ਅਸਾਂ ਸਾਰਿਆਂ ਸਿਗਟਾਂ ਲਾ ਲਈਆਂ ਤੇ ਖੰਘ-ਖੰਘ ਸਾਹ ਉੱਤੇ ਥੱਲੇ ਹੋ ਗਏ ਪਰ ਕਰਾਰ ਹੁਣ ਕਦੀ ਵੀ ਨਹੀਂ ਆਣਾ ਤੇ ਨਾ ਕਦੀ ਪੀੜ ਮੁੱਕਣੀ ਏ।

ਸਾਡੇ ਵਿਚੋਂ ਕੁਝ ਕਾਲਜਾਂ ਵਿਚ ਟੁਰ ਗਏ। ਕੋਈ ਅਚਨਚੇਤੀ ਕਰਾਚੀ ਟੁਰ ਗਿਆ। ਕਿਸੇ ਨੂੰ ਕਿਸੇ ਦੇ ਪਿਓ ਪਰਦੇਸ ਸੱਦ ਲਿਆ। ਕਿਸੇ ਪਿਓ ਦੀ ਹੱਟੀ ਸਾਂਭ ਲਈ। ਕੋਈ ਬੱਸ ਵਿਚ ਕੰਡਕਟਰ ਕੋਈ ਦਫ਼ਤਰ ਲੱਗ ਗਿਆ। ਇਕ ਦੋ ਮੁੰਡੇ ਪਿਛਾਂਹ ਪਿੰਡਾਂ ਨੂੰ ਪਰਤ ਗਏ। ਅਸੀਂ ਦੋ ਚਾਰ ਈ ਮਿਲਣ ਵਾਲੇ ਰਹਿ ਗਏ। ਲੱਗਿਆ ਕੁੱਲ ਜਹਾਨ ਈ ਬਦਲ ਗਿਆ ਏ। ਵਲੀ ਅੱਲ੍ਹਾ ਦੇ ਪਿਓ ਦੀ ਜਿਲਦਾਂ ਬਨਾਵਣ ਦੀ ਹੱਟੀ ਸੀ। ਹੱਟੀ ਕੀਹ ਵੱਡੇ ਬਾਜ਼ਾਰ ਇਕ ਗਲੀ ਦੀ ਨੁੱਕਰ ਦੇ ਥੜੇ ਉੱਤੇ ਟੀਨ ਤੇ ਲੱਕੜ ਦਾ ਛੱਜਾ ਜਿਹਾ ਸੀ ਜਿਸ ਉੱਤੇ ਬਾਲਾਂ ਦੇ ਰਸਾਲੇ, ਜਾਸੂਸੀ ਨਾਵਲ, ਸਿਆਸੀ ਤੇ ਹੋਰ ਤਰ੍ਹਾਂ ਦੇ ਨਵੇਂ, ਪੁਰਾਣੇ



ਰਸਾਲੇ ਹਰ ਵੇਲੇ ਟੰਗੇ ਰਹਿੰਦੇ ਤੇ ਨਾਲੋ-ਨਾਲ ਜਿਲਦਾਂ ਦਾ ਕੰਮ ਵੀ ਚੱਲਦਾ ਰਹਿੰਦਾ। ਸ਼ਾਮ ਨੂੰ ਉਹ ਹੱਟੀ ਸਿਆਸਤਾਂ ਮਾਰਨ ਵਾਲਿਆਂ ਦੀ ਬੈਠਕ ਵਿਚ ਵਟੀਜ ਜਾਵਣਾ। ਅਚਨਚੇਤ ਵਲੀ ਅੱਲ੍ਹਾ ਦਾ ਪਿਓ ਬੁੱਢਾ ਹੋ ਗਿਆ ਤੇ ਵਲੀ ਅੱਲ੍ਹਾ ਹੱਟੀ ਉੱਤੇ ਆ ਬੈਠਾ। ਜਿਵੇਂ ਇੰਜ ਈ ਹੁੰਦਾ ਸੀ ਤੇ ਇੰਜ ਈ ਹੋਣਾ ਏ। ਨਾਲ ਈ ਦੋ ਤਿੰਨ ਭੈਣਾਂ ਜਵਾਨ ਹੋ ਗਈਆਂ ਤੇ ਸਾਨੂੰ ਲੱਗਣਾ ਇਹ ਤਾਂ ਬਹੁਤ ਨਿਮਾਣਾ ਜਿਹਾ ਹੋ ਗਿਆ ਏ ਤੇ ਏਸ ਉੱਤੇ ਤਾਂ ਚੋਖ਼ਾ ਭਾਰ ਪੈ ਗਿਆ ਏ। ਫੇਰ ਮੈਨੂੰ ਵੀ ਆਪਣਾ ਮਹੱਲਾ ਛੱਡਣਾ ਪੈ ਗਿਆ। ਸੋਚਿਆ ਤਾਂ ਅਸੀਂ ਵੀ ਨਹੀਂ ਸੀ ਪਰ ਵਲੀ ਅੱਲ੍ਹਾ ਵਾਂਗਰ ਏਹ ਵੀ ਅਚਨਚੇਤ ਈ ਹੋਇਆ।

ਵਰ੍ਹੇ-ਛਮਾਹੀ ਪੁਰਾਣੇ ਮਹੱਲੇ ਫੇਰਾ ਲੱਗਦਾ ਤਾਂ ਮੈਂ ਵਲੀ ਅੱਲ੍ਹਾ ਦੀ ਹੱਟੀ ਜ਼ਰੂਰ ਜਾਂਦਾ। ਵਲੀ ਅਲ੍ਹੀ ਦੇ ਵਾਲ਼ ਇਕਦਮ ਚਿੱਟੇ ਆ ਗਏ ਸਨ ਤੇ ਉਹ ਪਹਿਲਾਂ ਤੋਂ ਵੀ ਮਧਰਾ ਤੇ ਹੌਲਾ ਹੋ ਗਿਆ ਸੀ। ਸਿਰ ਉੱਤੇ ਟੋਪੀ ਵੀ ਹੋਰ ਈ ਮੈਲ਼ੀ ਹੋ ਗਈ ਸੀ। ਪਿਓ ਉਹਦਾ ਮੰਜੀ ਨਾਲ ਲੱਗ ਗਿਆ। ਭੈਣਾਂ ਇਕ ਦੋ ਵਿਆਹ ਦਿੱਤੀਆਂ ਤੇ ਇਕ ਦੋ ਖ਼ੌਰੇ ਰਹਿ ਗਈਆਂ ਸਨ। ਉਹਦਾ ਆਪਣਾ ਵੀ ਵਿਆਹ ਹੋ ਗਿਆ ਤੇ ਬਾਲ ਸਨ। ਲਾਹੌਰ ਸ਼ਹਿਰ ਦਾ ਉਹ ਪੁਰਾਣਾ ਮਹੱਲਾ ਤੇ ਬਾਜ਼ਾਰ ਵੀ ਬਦਲ ਗਿਆ ਸੀ। ਜ਼ਮੀਨਾਂ ਦੇ ਭਾਅ ਚੜ੍ਹ ਗਏ ਸਨ। ਬਾਜ਼ਾਰ ਵਿਚ ਚੋਖ਼ੀ ਭੀੜ ਹੋ ਜਾਂਦੀ। ਜਦੋਂ ਮੈਂ ਜਾਂਦਾ ਆਲੇ-ਦੁਆਲੇ ਇਕ ਦੋ ਨਵੀਆਂ ਹੱਟੀਆਂ ਲੱਭਦੀਆਂ। ਜੇ ਕੋਈ ਸ਼ੈਅ ਨਹੀਂ ਬਦਲੀ ਸੀ ਤੇ ਉਹ ਸੀ ਵਲੀ ਅੱਲ੍ਹਾ ਦੀ ਹੱਟੀ। ਵਲੀ ਅੱਲ੍ਹਾ ਦੇ ਮਕਾਨ ਦਾ ਵੀ ਰੱਫ਼ੜ ਪੈ ਗਿਆ। ਵੰਡ ਮਗਰੋਂ ਉਹਦੇ ਪਿਓ ਨੂੰ ਮਕਾਨ ਦੀ ਇਕ ਉਤਲੀ ਮੰਜ਼ਿਲ ਮਿਲੀ ਸੀ ਤੇ ਹੇਠਾਂ ਕੋਈ ਹੋਰ ਰਹਿੰਦਾ ਰਿਹਾ। ਚਿਰਾਂ ਤੋਂ ਮੁਕੱਦਮੇਬਾਜ਼ੀ ਚੱਲਦੀ ਪਈ ਸੀ। ਉਹ ਬਹੁੰ ਘਾਬਰਿਆ ਹੋਇਆ ਸੀ। ਹੱਟੀ ਦਾ ਵੀ ਰੌਲਾ ਸੀ। ਪੁਰਾਣੀ ਤੁਅੱਲਕਦਾਰੀ ਹੇਠ ਜਿਹੜੀਆਂ ਸ਼ੈਵਾਂ ਤੇ ਥਾਵਾਂ ਜੁੜੀਆਂ ਸਨ ਪੈਸੇ ਦੀ ਨਵੀਂ ਮਾਰ ਹੇਠ ਫ਼ੀਤੋ-ਫ਼ੀਤੀ ਹੁੰਦੀਆਂ ਪਈਆਂ ਸਨ। ਮੈਂ ਵਲੀ ਅੱਲ੍ਹਾ ਕੋਲ ਬੈਠਣਾ ਤੇ ਪੁਰਾਣੀਆਂ ਗੱਲਾਂ ਹੋਵਣ ਲੱਗ ਪੈਣੀਆਂ। ਨਿੱਕੀ ਜਿਹੀ ਸੀ ਹੱਟੀ ਉਹਦੀ। ਮੈਨੂੰ ਸਟੂਲ ਉੱਤੇ ਬਹਾ ਉਹਨੇ ਚਾਹ ਦਾ ਆਖ ਦੇਣਾ। ਸ਼ੀਸ਼ੇ ਦੇ ਗਲਾਸ ਵਿਚ ਚਾਹ ਆਣੀ ਤੇ ਹੇਠਾਂ ਨਿੱਕੀ ਜਿਹੀ ਪਿਆਲੀ ਹੋਣੀ। ਪਿਆਲੀ ਵਿਚ ਅੱਧੀ ਚਾਹ ਪਾ ਉਸ ਮੈਨੂੰ ਗਲਾਸ ਦੇ ਦੇਣਾ ਤੇ ਫੇਰ ਮਹੱਲੇ ਦੀ ਕਿਤਾਬ ਖੋਲ੍ਹ ਸੁਣਾਈ ਜਾਣੀ।

"ਵਰ੍ਹਾ ਹੋ ਗਿਆ ਏ ਫ਼ਰੀਦਾ ਨੂੰ ਘਰ ਆ ਕੇ ਬੈਠੀ ਹੋਈ ਨੂੰ। ਇਕ ਦਿਨ ਆਈ ਸੀ। ਤਿੰਨ ਬਾਲ ਹਨ। ਤੇਰਾ ਪੁੱਤ ਮੈਂ ਆਖਿਆ ਮੈਨੂੰ ਨਹੀਂ ਪਤਾ। ਲਾਲੀ ਹੋਰੀਂ ਆਪਣਾ ਮਕਾਨ ਵੇਚ ਡਫੈਂਸ ਚਲੇ ਗਏ ਹਨ। ਉਥੇ ਸੁਣਿਆ ਏ ਬੜੀ ਵੱਡੀ ਕੋਠੀ ਪਾ ਲਈ ਏ। ਪਿਓ ਨੇ ਲੱਗਦਾ ਏ ਲੰਮਾ ਹੱਥ ਮਾਰਿਆ ਏ। ਕਾਲਾ ਅਜੇ ਵੀ ਪ੍ਰੈਸ ਵਿਚ ਅਪਰੇਟਰ ਏ ਤੇ ਉਥੇ ਈ ਉਹਨੇ ਰਹਿਣਾਂ ਏ। ਫ਼ੀਕੇ ਸੈਨੇਟਰੀ ਦਾ ਕੰਮ ਕਰ ਲਿਆ ਏ ਤੇ ਉਹਦੀ ਜ਼ਨਾਨੀ ਉਸਤਾਨੀ ਏ। ਉਹਨੂੰ ਸਾਹ ਨਹੀਂ ਲੈਣ ਦੇਂਦੀ। ਜੀਭ ਤਾਂ ਉਹਦੇ ਮੂੰਹ ਵਿਚ ਪਹਿਲੇ ਵੀ ਨਹੀਂ ਸੀ। ਸੱਕੀ ਨੂੰ ਹੈਰੋਇਨ ਲੱਗ ਗਈ ਏ। ਪਕੌੜੇ ਸੁਨਿਆਰਿਆਂ ਦੇ ਮੁੰਡੇ ਨੂੰ ਛੁਰੀ ਮਾਰ ਦਿੱਤੀ ਸੀ ਤੇ ਦੋ ਮਹੀਨੇ ਜੇਲ੍ਹ ਕੱਟ ਕੇ ਆਇਆ ਏ। ਨਸੀਫ਼ੇ ਦੀ ਮੱਛੀ ਦੀ ਹੱਟੀ ਵਾਹਵਾ ਚੱਲ ਪਈ ਏ। ਸਭ ਤੋਂ ਪੁਰਾਣਾ ਜੋ ਸੀ। ਦੁੱਲਾ ਅਜੇ ਸੈੱਟ ਨਹੀਂ ਹੋਇਆ। ਬਦਮਾਸ਼ੀ ਤਾਂ ਉਸ ਛੱਡ ਦਿੱਤੀ ਪਰ ਕੰਮ ਕੋਈ ਨਹੀਂ ਉਹਦੇ ਕੋਲ। ਹੁਣ ਆਖ ਰਿਹਾ ਸੀ ਕੁੱਕੜੀਆਂ ਲਾ ਕੇ ਵੇਚਾਂਗਾ। ਇਫ਼ਤਖ਼ਾਰ ਉੱਲਾ ਬੈਂਕ ਵਿਚ ਵੱਡਾ ਅਫ਼ਸਰ ਹੋ ਗਿਆ ਏ।" ਕਿੰਨੀਆਂ ਈ ਗੱਲਾਂ ਹੋਣੀਆਂ ਤੇ ਮੁੱਕ ਜਾਣੀਆਂ।

ਫੇਰ ਮੈਨੂੰ ਕਿੰਨਾ ਈ ਚਿਰ ਹੋ ਗਿਆ ਤੇ ਮੇਰਾ ਵਲੀ ਅੱਲ੍ਹਾ ਵੱਲ ਫੇਰਾ ਨਾ ਲੱਗਾ। ਇਕ ਦਿਨ ਮੈਨੂੰ ਐਵੇਂ ਪੁਰਾਣੇ ਮਹੱਲਿਓਂ ਲੰਘਦੇ ਮੈਂ ਵਲੀ ਅੱਲ੍ਹਾ ਦੀ ਹੱਟੀ ਆਇਆ ਤੇ ਹੱਟੀ ਮੈਨੂੰ ਨਜ਼ਰ ਨਾ ਆਈ। ਏਸ ਸ਼ਹਿਰ ਦੀਆਂ ਥਾਵਾਂ ਇੰਜ ਬਦਲਦੀਆਂ ਹਨ ਜਿਵੇਂ ਨਵੇਂ ਅਮੀਰ ਸਾਕ। ਥੋੜਾ ਮੈਂ ਗਹੁ ਕੀਤਾ ਤੇ ਉਥੇ ਹੁਣ ਜੁੱਤੀਆਂ ਵਿਕਦੀਆਂ ਪਈਆਂ ਸਨ ਤੇ ਇਕ ਹੋਰ ਈ ਬੰਦਾ ਬੈਠਾ ਸੀ। ਕਈ ਜ਼ਨਾਨੀਆਂ ਤੇ

ਬਾਲ ਖ਼ਰੀਦਾਰੀ ਲਈ ਖੜ੍ਹੇ ਸਨ। ਵਲੀ ਅੱਲ੍ਹਾ ਦੀ ਹੱਟੀ ਤਾਂ ਕਦੀ ਏਨੀ ਭੀੜ ਨਹੀਂ ਹੋਈ ਸੀ। ਮੈਂ ਇਕ ਦੋ ਵਾਰ ਉਹਨੂੰ ਵਲੀ ਅੱਲ੍ਹਾ ਦਾ ਪੁੱਛਿਆ ਪਰ ਉਹਨੇ ਕੋਈ ਜਵਾਬ ਨਾ ਦਿੱਤਾ। ਸਗੋਂ ਉਹ ਖਿਝ ਗਿਆ ਪਈ ਮੇਰੇ ਕੋਲ ਅਜੇ ਵਿਹਲ ਨਹੀਂ। ਨਾਲੇ ਤੁਸੀਂ ਕਿਹਦਾ ਪੁੱਛਦੇ ਪਏ ਓ। ਕਈ ਹੱਟੀਆਂ ਪੁੱਛਣ ਮਗਰੋਂ ਅਖ਼ੀਰ ਮੈਨੂੰ ਬਸ਼ੀਰੇ ਹਮਾਮ ਦਾ ਚੇਤਾ ਆਇਆ। ਜਦ ਸਦਰ ਅਯੂਬ ਦੇ ਖ਼ਿਲਾਫ਼ ਪਹਿਲੀ ਲੋਕ ਲਹਿਰ ਉੱਠੀ ਤਾਂ ਪੂਰੇ ਬਾਜ਼ਾਰ ਵਿਚ ਉਸ ਸਭ ਤੋਂ ਪਹਿਲਾਂ ਭੁੱਟੋ ਦੀ ਵੱਡੀ ਸਾਰੀ ਫੋਟੋ ਆਪਣੀ ਹੱਟੀ 'ਤੇ ਲਾਈ ਸੀ। ਇਸਲਾਮੀ ਧੜੇ ਦੇ ਹਮਾਇਤੀ ਇਕ ਵਾਰੀ ਉਹਦੇ ਹਮਾਮ ਨੂੰ ਭੰਨਣ ਆ ਗਏ ਤੇ ਉਹ ਹਮਾਮ ਅੱਗੇ ਨੰਗਾ ਉਸਤਰਾ ਫੜ ਇਕੱਲਾ ਖਲੋ ਗਿਆ ਤੇ ਕੋਈ ਉਹਦੇ ਨੇੜੇ ਨਾ ਆਇਆ। ਏਸ ਗੱਲ ਉੱਤੇ ਉਹਦੀ ਬਾਜ਼ਾਰ ਵਿਚ ਵਾਹਵਾ ਧੁੰਮ ਪਈ ਸੀ। ਸਗੋਂ ਇਕ ਵਾਰੀ ਪਹਿਲੀਆਂ ਆਮ ਚੋਣਾਂ ਵਿਚ ਉਥੋਂ ਲੰਘਦੇ ਭੁੱਟੋ, ਬਸ਼ੀਰੇ ਹਮਾਮ ਤੇ ਬਾਜ਼ਾਰ ਦੇ ਦੂਜੇ ਬੰਦਿਆਂ ਨਾਲ ਇਕ ਫੋਟੋ ਖਿਚਵਾਈ ਸੀ ਜਿਹੜੀ ਅਜੇ ਤੀਕ ਬਸ਼ੀਰੇ ਹਮਾਮ ਲਾਈ ਹੋਈ ਏ। ਪਰ ਹੁਣ ਬਸ਼ੀਰਾ ਬਹੁੰ ਬੁੱਢਾ ਹੋ ਗਿਆ ਸੀ। ਬਹੁਤਾ ਕੰਮ ਤਾਂ ਮੁੰਡੇ ਈ ਕਰਦੇ ਸਨ ਤੇ ਉਹ ਆਪੂੰ ਬਸ ਗਾਹਕਾਂ ਨੂੰ ਤੌਲੀਏ ਤੇ ਸਾਬਣ ਹੀ ਫੜਾਂਦਾ। ਮੈਂ ਆਖਿਆ, "ਮੈਨੂੰ ਸਿਹਾਨਿਆ ਈ? " ਉਹ ਆਖਣ ਲੱਗਾ "ਤੂੰ ਸੌ ਵਰ੍ਹਿਆਂ ਮਗਰੋਂ ਵੀ ਆਈਂ ਤੇ ਤੈਨੂੰ ਸਿਹਾਣ ਲਵਾਂਗਾ। ਤਰੀਹ ਵਰ੍ਹੇ ਤੋਂ ਵਾਲ ਕਟਾਵਣ ਆਉਂਦਾ ਰਿਹਾ ਏਂ।"

ਵਲੀ ਅੱਲ੍ਹਾ ਦੇ ਪੁੱਛਣ ਉੱਤੇ ਉਹਦੀਆਂ ਅੱਖਾਂ ਵਿਚ ਚਮਕ ਆਈ "ਤੂੰ ਕਿੰਨੇ ਅਰਸੇ ਮਗਰੋਂ ਆਇਆ ਏਂ? ਮਕਾਨ ਦਾ ਮੁਕੱਦਮਾ ਤਾਂ ਉਹ ਹਾਰ ਗਿਆ ਸੀ। ਅਗਲਿਆਂ ਉਹਦਾ ਸਾਮਾਨ ਕੱਢ ਬਾਹਰ ਸੁੱਟ ਦਿੱਤਾ।" ਫੇਰ ਉਹ ਦੱਸਣ ਲੱਗ ਪਿਆ "ਮਹੱਲੇ ਦਾ ਇਕ ਵਡਕਾ ਤੇ ਕੰਨ ਟੁੱਟਾ ਸੁਣਿਆ ਏ ਦੂਜੇ ਪਾਸੇ ਸਨ ਜਾਂ ਫੇਰ ਉਹਨਾਂ ਪੈਸਾ ਖਾਧਾ ਹੋਣਾ ਏ। ਫੇਰ ਵੀ ਬੋਲਿਆ ਕੋਈ ਨਾ। ਇਕ ਐਵੇਂ ਜਿਹੀ ਹੱਟੀ ਸੀ। ਏਸ ਦਾ ਕੁਝ ਲੈ ਲਵਾ ਕੇ ਸੁਣਿਆ ਏ ਟਾਊਨਸ਼ਿਪ ਲਾਗੇ ਕੋਈ ਥਾਂ ਏ। ਕੋਈ ਨਵੀਂ ਥਾਂ ਅਜੇ ਜੁੜੀ ਨਹੀਂ।" ਪੂਰਾ ਪਤਾ ਬਸ਼ੀਰੇ ਕੋਲ ਵੀ ਨਹੀਂ ਸੀ। ਆਖਦਾ ਸੀ ਉਨੰਜਾ ਵਰ੍ਹੇ ਮੈਂ ਏਥੇ ਲਾਏ, ਤੁਸੀਂ ਚੰਗੀ ਨਾ ਕੀਤੀ।

ਫੇਰ ਬਸ਼ੀਰਾ ਖਿਝ ਕੇ ਬੋਲਣ ਲੱਗ ਪਿਆ "ਮੈਂ ਤਾਂ ਆਪ ਬੁੱਢਾ ਆਂ। ਮੈਂ ਕੀਹ ਕਰਾਂ। ਨਾਲੇ ਆਪੋ-ਧਾਪੀ ਏ। ਮੈਂ ਆਪ ਬੜੀ ਮੁਸ਼ਕਲ ਨਾਲ ਏਹ ਥਾਂ ਬਚਾਈ ਏ। ਏਹਨੂੰ ਵੀ ਪੈ ਗਏ ਸਨ। ਪਤਾ ਨਹੀਂ ਕਿੱਥੋਂ ਪੁੱਠੇ-ਸਿੱਧੇ ਕਾਗਜ਼ ਬਣ ਜਾਂਦੇ ਨੇ। ਸੋਨੇ ਵਰਗੀ ਜ਼ਮੀਨ ਏ ਮੇਰੀ, ਸੋਨੇ ਵਰਗੀ।"

ਉਹ ਮੈਨੂੰ ਨਿੱਕਿਆਂ ਹੁੰਦਿਆਂ ਦੇ ਨਾਂ ਤੋਂ ਸੱਦਦਾ ਬੋਲਿਆ "ਮੈਂ ਵਲੀ ਅੱਲ੍ਹਾ ਦੇ ਪਿਓ ਨੂੰ ਆਖਿਆ ਸੀ ਇਕ ਦੋ ਮਰਲੇ ਲੈ ਛੱਡ। ਕੌਡੀਆਂ ਭਾਅ ਮਿਲਦੀ ਸੀ ਪਰ ਉਹਨੂੰ ਸਿਆਸਤਾਂ ਤੋਂ ਵਿਹਲ ਤਾਂ ਮਿਲਦੀ। ਬੜਾ ਆਸ਼ਕ ਸੀ ਅਵਾਮੀ ਸਰਕਾਰ ਤੇ ਭੁੱਟੋ ਦਾ। ਬੜਾ ਚਾਅ ਸੀ ਉਹਨੂੰ ਮੇਰੇ ਵਾਂਗਰ, ਕੀਹ ਕੀਤਾ ਅਵਾਮੀ ਸਰਕਾਰ?"

ਮੇਰੇ ਕੋਲੋਂ ਬਸ਼ੀਰੇ ਦੀਆਂ ਗੱਲਾਂ ਸੁਣ ਨਾ ਹੋਈਆਂ। ਮੈਂ ਉਹਦੇ ਕੋਲੋਂ ਉੱਠ ਆਇਆ। ਲੱਗਦਾ ਏ ਵਲੀ ਅੱਲ੍ਹਾ ਗਵਾਚ ਗਿਆ ਏ। ਉਂਜ ਤਾਂ ਕੋਈ ਗੱਲ ਨਹੀਂ ਪਰ ਐਵੇਂ ਕਦੀ ਸਿਆਲ ਨੂੰ ਜਦ ਵੀ ਬਹੁਤੀ ਠੰਡ ਹੁੰਦੀ ਏ ਮੈਂ ਸਵੇਰੇ ਕੰਮ ਨੂੰ ਜਾਂਦੇ ਮਾਰੇ ਡਰ ਤੋਂ ਆਪਣਾ ਧੌਲਿਆਂ ਵਾਲਾ ਸਿਰ ਵਲੀ ਅੱਲ੍ਹਾ ਅੱਗੇ ਕਰ ਦੇਨਾਂ ਵਾਂ ਤੇ ਆਹਨਾ ਵਾਂ "ਲੈ ਵਲੀ ਅੱਲ੍ਹਾ ਦਮ ਕਰ ਦੇ।" ੦

**ਪਤਾ-ਕਿਤਾਬ ਤ੍ਰਿੰਜਣ, ਮੀਆਂ ਚੈਂਬਰਜ਼,**

**3- ਟੈਂਪਲ ਰੋਡ, ਲਹੌਰ।**



## ਮਾਈ ਸਰਦਾਰਾਂ/ਜਮੀਲ ਅਹਿਮਦ ਪਾਲ

ਰੇਵਾਜ਼ ਗਾਰਡਨ ਦੇ ਪਿਛਲੇ ਕੋਨੇ ਵਿਚ ਜਿੱਥੇ ਅਵਾਮੀ ਫਲੈਟ ਨੇ ਉਹਨਾਂ ਤੋਂ ਪਰਾਂਹ ਮਹੱਲੇਦਾਰੀ ਦਾ ਇਲਾਕਾ ਸ਼ੁਰੂ ਹੋ ਜਾਂਦਾ ਏ। ਲਾਹੌਰ ਸ਼ਹਿਰ ਦੇ ਹਰ ਇਲਾਕੇ ਵਾਂਗ ਏਸ ਇਲਾਕੇ ਵਿਚ ਵੀ ਬਹੁਤ ਸਾਰੀਆਂ ਗਲੀਆਂ ਨੇ, ਜਿਹਨਾਂ ਵਿਚ ਖ਼ੁਦਾ ਦੀ ਮਖ਼ਲੂਕ ਰਹਿੰਦੀ ਏ। ਮਾਈ ਸਰਦਾਰਾਂ ਦਾ ਘਰ ਵੀ ਏਸੇ ਮੁਹੱਲੇ ਦੀ ਇਕ ਗਲੀ ਵਿਚ ਏ। ਇਹ ਗਲੀ ਨਾ ਬਹੁਤੀ ਤੰਗ ਏ ਨਾ ਬਹੁਤੀ ਵਿਸ਼ਾਲ। ਆਮ ਕਰਕੇ ਏਸ ਗਲੀ ਵਿਚ ਉਹੀ ਲੋਕੀ ਰਹਿੰਦੇ ਨੇ ਜੋ ਬੀਤੇ ਤਰੀਹ-ਤਰੀਹ-ਚਾਲ੍ਹੀ-ਚਾਲੀ ਵਰ੍ਹਿਆਂ ਤੋਂ ਏਥੇ ਰਹਿ ਰਹੇ ਨੇ। ਕੁਝ ਤਾਂ ਉਹ ਨੇ ਜਿਹੜੇ ਉਦੋਂ ਦੇ ਏਥੇ ਆਬਾਦ ਨੇ ਜਦੋਂ ਏਥੇ ਖੇਤ ਹੁੰਦੇ ਸਨ ਤੇ ਮੁਹੱਲਾ ਅਜੇ ਬਣ ਰਿਹਾ ਸੀ। ਉਦੋਂ ਸ਼ਾਮ ਹੁੰਦਿਆਂ ਈ ਏਥੇ ਮਸਾਣ ਵਰਗੀ ਚੁੱਪ ਛਾ ਜਾਂਦੀ ਸੀ। ਕੱਲਾ-ਦੁਕੱਲਾ ਰਾਹੀ ਸ਼ਾਮ ਪੈਣ ਮਗਰੋਂ ਏਧਰ ਆਉਂਦਾ ਤ੍ਰਹਿੰਦਾ ਸੀ, ਤੇ ਜੇ ਨਹੀਂ ਸੀ ਤ੍ਰਹਿੰਦਾ ਤਾਂ ਡਾਕੂ ਲੁਟੇਰੇ ਉਹਨੂੰ ਅਗਲੀ ਵਾਰ ਆਵਣ ਸਮੇਂ ਤ੍ਰਹਿਣ 'ਤੇ ਮਜਬੂਰ ਕਰ ਦੇਂਦੇ ਸਨ।

ਖ਼ੈਰ ਇਹ ਗੱਲ ਤੇ ਪੁਰਾਣੀ ਏ, ਉਂਝ ਮਾਈ ਸਰਦਾਰਾਂ ਵੀ ਏਸ ਮੁਹੱਲੇ ਲੱਗਭਗ ਉਸ ਜ਼ਮਾਨੇ ਦੀ ਰਹਿਣ ਵਾਲੀ ਏ। ਮਾਈ ਦਾ ਖਾਵੰਦ ਰੇਲਵੇ ਵਿੱਚ ਡਰਾਈਵਰ ਹੁੰਦਾ ਸੀ। ਉਸ ਸਮੇਂ ਮਹਿੰਗਾਈ ਨੇ ਏਨੇ ਪਰ-ਪੁਰਜ਼ੇ ਨਹੀਂ ਸਨ ਕੱਢੇ। ਮੁਲਾਜ਼ਮਾਂ ਦੀ ਇਕ ਮਹੀਨੇ ਦੀ ਤਨਖਾਹ ਵਿਚ ਪੂਰੇ ਸਾਲ ਦੇ ਦਾਣੇ ਆ ਜਾਂਦੇ ਹੁੰਦੇ ਸਨ। ਪੱਕੇ ਮੁਲਾਜ਼ਮ ਹਰ ਮਹੀਨੇ ਆਪਣੀ ਤਨਖਾਹ ਬਚਾ ਕੇ ਕੁਝ ਨਾ ਕੁਝ ਬਣਾ ਲੈਂਦੇ। ਮਾਈ ਸਰਦਾਰਾਂ ਦਾ ਇਹ ਮਕਾਨ ਵੀ ਉਸੇ ਸਮੇਂ ਦੀ ਯਾਦਗਾਰ ਏ। ਡੇਢ-ਪੌਣੇ ਦੋ ਮਰਲੇ ਉੱਤੇ ਖਿਲਰਿਆ ਇਹ ਮਕਾਨ ਅੱਜ ਨਾ ਨਿਰਾ ਮਾਈ ਦਾ ਸਿਰ ਲੁਕਾਣ ਦਾ ਆਸਰਾ ਏ ਸਗੋਂ ਉਹਦੀ ਰੋਜ਼ੀ-ਰੋਟੀ ਚਲਾਣ ਦਾ ਢੋਅ ਵੀ ਏ। ਕਿਉਂ ਜੇ ਮਾਈ ਦਾ ਪੁੱਤਰ ਤਾਂ ਨਸ਼ੱਈ ਏ, ਕੁਝ ਕਮਾਦਾ ਈ ਨਹੀਂ। ਅਲਬੱਤਾ ਜਿਵੇਂ ਕਿ ਹਰ ਨਸ਼ੱਈ ਬੇਗੈਰਤ ਹੁੰਦਾ ਏ, ਮਾਈ ਸਰਦਾਰਾਂ ਦੇ ਪੁੱਤਰ ਵਿਚ ਏਨੀ ਗੈਰਤ ਬਹਿਮ ਹਾਲ ਮੌਜੂਦ ਏ ਕਿ ਆਪਣੀ ਮਾਂ ਉੱਤੇ ਭਾਰ ਨਹੀਂ ਬਣਦਾ। ਉਹ ਕਮਾਂਦਾ ਤਾਂ ਕੁਝ ਵੀ ਨਹੀਂ, ਪਰ ਫੇਰ ਵੀ ਕਿਸੇ ਨਾ ਕਿਸੇ ਢੰਗ ਆਪਣੇ ਨਸ਼ੇ ਪਾਣੀ ਦਾ ਖਰਚਾ ਪੂਰਾ ਕਰ ਲੈਂਦਾ ਏ। ਮਾਈ ਦੇ ਦੋ ਈ ਬੱਚੇ ਨੇ, ਇਕ ਧੀ ਤੇ ਇਕ ਪੁੱਤਰ। ਦੋਵੇਂ ਆਪਣੇ ਆਪਣੇ ਮੂੰਹ ਸਿਰ ਵਾਲੇ। ਧੀ ਆਪਣੇ ਘਰ ਬਾਰ ਵਾਲੀ ਏ। ਉਂਝ ਆਪਣੇ ਸਾਲੇ ਵਾਂਗ ਉਹਦਾ ਖਾਵੇਂਦ ਵੀ ਨਸ਼ੱਈ ਏ। ਮਹੀਨਾ ਮਹੀਨਾ ਘਰ ਨਹੀਂ ਵੜਦਾ, ਬੀਵੀ ਨੂੰ ਮਾਰਦਾ ਕੁੱਟਦਾ ਵੀ ਏ ਤੇ ਅਕਸਰ ਉਹਦੀ ਬੀਵੀ, ਯਾਨੀ ਮਾਈ ਸਰਦਾਰਾਂ ਕੀ ਸੀ ਸਫ਼ੀਆ ਰੁੱਸ ਕੇ ਆਪਣੀ ਮਾਂ ਦੇ ਘਰ ਵੀ ਆ ਜਾਂਦੀ ਏ।

ਮਾਈ ਸਰਦਾਰਾਂ ਦੇ ਜ਼ਮਾਨੇ ਵਿਚ "ਬੱਚੇ ਦੋ ਈ ਚੰਗੇ" ਵਾਲੀ ਗੱਲ ਦਾ ਰਿਵਾਜ ਨਹੀਂ ਸੀ, ਪਰ ਰੱਬ ਵੱਲੋਂ ਈ ਉਹਦੇ ਘਰ ਦੋ ਬੱਚੇ ਜੰਮੇ। ਇਹਦਾ ਇਕ ਕਾਰਨ ਇਹ ਵੀ ਸੀ ਕਿ ਉਹਦਾ ਖ਼ਾਵੰਦ ਦਸ ਵਰ੍ਹੇ ਵਿਆਹੁਤਾ ਜੀਵਨ ਮਗਰੋਂ ਈ ਚਲਾਣਾ ਕਰ ਗਿਆ। ਉਦੋਂ ਮਾਈ ਦੀ ਉਮਰ ਅਜੇ ਬੱਤੀ ਕੁ ਸਾਲ ਦੇ ਲੱਗਭੱਗ ਸੀ। ਜਵਾਨੀ ਦਾ ਰੰਡੇਪਾ ਹੰਢਾਣਾ ਬੜਾ ਔਖਾ ਕੰਮ ਹੁੰਦੇ ਏ, ਪਰ ਮਾਈ ਨੇ ਇਹ ਔਖਾ ਵੇਲਾ ਲੋਕਾਂ ਦੇ ਘਰ ਭਾਂਡੇ ਕੱਪੜੇ ਧੋ ਕੇ ਤੇ ਹੋਰ ਅਜਿਹੇ ਕੰਮ ਕਰਕੇ ਗੁਜ਼ਾਰ ਦਿੱਤਾ।

ਜਵਾਨੀ ਸਮੇਂ ਮਾਈ ਨੂੰ ਆਪਣੇ ਘਰ ਦਾ ਉਤਲਾ ਕਮਰਾ ਕਿਰਾਏ ਉੱਤੇ ਦੇਣ ਦੀ ਜ਼ੁੱਰਅਤ ਨਹੀਂ ਸੀ ਹੋ ਸਕੀ। ਉਹ ਬਦਨਾਮੀ ਮੁੱਲ ਨਹੀਂ ਸੀ ਲੈ ਸਕਦੀ। ਸਰਦਾਰਾਂ ਦਾ ਦਿਲ ਤੇ ਛੱਡ ਵਾਲਾ ਕਮਰਾ ਦੋਵੇਂ ਇਕੋ ਜਿਹੇ ਤੇ ਰਲਦੇ ਮਿਲਦੇ ਸਨ। ਮਸਲਿਨ ਜਿਵੇਂ ਉਹਦੇ ਖਾਵੰਦ ਮਰਨ ਮਗਰੋਂ ਆਪਣੀਆਂ

ਸਾਰੀਆਂ ਸੱਧਰਾਂ ਨੂੰ ਆਪਣੇ ਦਿਲ ਅੰਦਰ ਬੰਦ ਕਰਕੇ ਉਤੇ ਮੋਟਾ ਸਾਰਾ ਜੰਦਰਾ ਲਾ ਲਿਆ ਸੀ, ਉਵੇਂ ਈ ਬਹੁਤ ਸਾਰਾ ਸਾਮਾਨ ਛੱਤ ਵਾਲੇ ਕਮਰੇ ਵਿਚ ਬੰਦ ਕਰਕੇ ਤਾਲਾ ਲਾ ਦਿੱਤਾ। ਕਈ ਵਾਰ ਦਿਲ ਦਾ ਇਹ ਤਾਲਾ ਆਪਣੇ ਆਪ ਖੁੱਲ੍ਹ ਜਾਂਦਾ ਤੇ ਦਿਲ ਅੰਦਰਲੀਆਂ ਬਹੁਤ ਸਾਰੀਆਂ ਸੱਧਰਾਂ ਬਾਹਰ ਆ ਜਾਂਦੀਆਂ। ਇਵੇਂ ਈ ਛੱਤ ਵਾਲੇ ਕਮਰੇ ਦਾ ਤਾਲਾ ਵੀ ਕਦੀ ਕਦੀ ਕਿਸੇ ਲੋੜ ਪਾਰੋਂ ਖੋਹਲਣਾ ਪੈ ਜਾਂਦਾ ਸੀ.....

ਫੇਰ ਜਦੋਂ ਮਾਈ ਦੀ ਜਵਾਨੀ ਢਲ ਗਈ, ਉਹਦੀ ਧੀ ਵਿਆਹ ਕੇ ਆਪਣੇ ਘਰ ਵਾਲੀ ਹੋ ਗਈ। ਹੁਣ ਮਾਈ ਨੂੰ ਵੇਖ ਕੇ ਕਿਸੇ ਮਰਦ ਦੇ ਦਿਲ ਵਿਚ ਕੋਈ ਸੱਧਰ ਅੰਗੜਾਈ ਨਹੀਂ ਸੀ ਲੈਂਦੀ। ਮਾਈ ਦੀਆਂ ਆਪਣੀਆਂ ਸੱਧਰਾਂ ਵੀ ਮਰ ਮੁੱਕ ਗਈਆਂ ਸਨ ਤੇ ਉਹਨਾਂ ਦੀ ਥਾਂ ਸਵਾਹ ਵੀ ਬਾਕੀ ਰਹਿ ਗਈ ਸੀ। ਹੁਣ ਉਪਰਲਾ ਕਮਰਾ ਕਿਰਾਏ ਉੱਤੇ ਦੇਣ ਵਿਚ ਕੋਈ ਹਰਜ਼ ਨਹੀਂ ਸੀ। ਮਾਈ ਨੇ ਆਪਣੇ ਘਰ ਦਾ ਉਹ ਕਮਰਾ ਖੋਹਲਿਆ ਤੇ ਝਾੜ ਪੂੰਝ ਕੇ ਕਿਰਾਏ ਉੱਤੇ ਚਾੜ੍ਹ ਦਿੱਤਾ। ਇੰਜ ਮਾਈ ਦੀ ਰੋਜ਼ੀ ਰੋਟੀ ਚੱਲਣ ਦਾ ਇਕ ਆਸਰਾ ਲੱਗ ਗਿਆ। 'ਕੱਲੇ ਕਮਰੇ ਦਾ ਕਿਰਾਇਆ ਕੋਈ ਏਨਾ ਨਹੀਂ ਸੀ, ਪਰ ਫੇਰ ਵੀ ਇਹ ਕਿਰਾਇਆ, ਮਹੀਨਾਵਾਰ ਖਰਚ ਦਾ ਇਕ ਵੱਡਾ ਹਿੱਸਾ ਜ਼ਰੂਰ ਪੂਰਾ ਕਰਦਾ ਸੀ। ਬਾਕੀ ਦਾ ਖਰਚਾ ਉਹ ਲੋਕਾਂ ਦੇ ਘਰ ਭਾਂਡੇ ਧੋ ਕੇ ਪੂਰਾ ਕਰ ਲੈਂਦੀ ਸੀ। ਕਦੀ ਕਦੀ ਮੁਹੱਲੇ ਦੇ ਕਿਸੇ ਖਾਂਦੇ ਪੀਂਦੇ ਬੰਦੇ ਦੇ ਦਿਲ ਵਿਚ ਨਰਮੀ ਆਉਂਦੀ, ਤਾਂ ਉਹ ਵੀ ਮਾਈ ਨੂੰ ਕੁਝ ਪੈਸੇ ਜਾਂ ਕੱਪੜੇ ਭਿਜਵਾ ਦਿੰਦਾ। ਜਵਾਨੀ ਦੇ ਸਮੇਂ ਮਾਈ ਦੀ ਮਦਦ ਕਰਨ ਵਾਲਾ ਭਰਾ ਮਰ ਚੁੱਕਾ ਸੀ, ਪਰ ਹੁਣ ਮਾਈ ਨੂੰ ਉਹਦੀ ਮਦਦ ਦੀ ਏਨੀ ਲੋੜ ਵੀ ਨਹੀਂ ਸੀ ਰਹੀ। ਸਗੋਂ ਇਹ ਕਹਿਣਾ ਠੀਕ ਹੋਵੇਗਾ ਕਿ ਜੇ ਮਾਈ ਦਾ ਪੁੱਤਰ ਚਰਸੀ ਨਾ ਹੁੰਦਾ, ਤਾਂ ਸ਼ਾਇਦ ਮਾਈ ਹੁਣ ਆਪਣੇ ਘਰ ਦੀ ਹੁਕਮਰਾਨ ਬਣ ਗਈ ਹੁੰਦੀ।

ਮਾਈ ਦਾ ਛੱਤ ਵਾਲਾ ਕਮਰਾ ਬਹੁਤ ਸਾਰੇ ਮਸਲੇ ਹੱਲ ਕਰਦਾ ਸੀ। ਆਮ ਕਰਕੇ ਏਸ ਕਮਰੇ ਵਿਚ ਉਹ ਪੜ੍ਹਿਆਰ ਈ ਠਹਿਰਦੇ ਸਨ, ਜਿਹੜੇ ਨੇੜਲੇ ਕਾਲਜ਼ ਵਿਚ ਪੜ੍ਹਦੇ ਸਨ। ਇਹ ਦੋ ਸਾਲ ਲਈ ਕਿਸੇ ਦੂਰ ਦੁਰਾਡੇ ਸ਼ਹਿਰ ਤੋਂ ਲਾਹੌਰ ਵਿਚ ਪੜ੍ਹਨ ਲਈ ਆਵਦੇ ਸਨ। ਕਾਲਜ ਹਾਸਟਲ ਵਿਚ ਕਮਰੇ ਘੱਟ ਸਨ, ਵਾਧੂ ਪੜ੍ਹਿਆਰਾਂ ਨੂੰ ਸ਼ਹਿਰ ਵਿਚ ਆਪਣੇ ਰਿਸ਼ਤੇਦਾਰਾਂ ਕੋਲ ਠਹਿਰਣਾ ਪੈਂਦਾ ਤੇ ਜਿਹਨਾਂ ਦੇ ਰਿਸ਼ਤੇਦਾਰ ਵੀ ਏਸ ਸ਼ਹਿਰ ਵਿਚ ਨਾ ਹੁੰਦੇ, ਉਹਨਾਂ ਨੂੰ ਕਿਰਾਏ ਉੱਤੇ ਕਮਰੇ ਲੈਣੇ ਪੈਂਦੇ। ਮਾਈ ਦਾ ਕਮਰਾ ਵੀ ਅਜਿਹੇ ਕਿਸੇ ਪੜ੍ਹਿਆਰ ਦੇ ਕੰਮ ਆਉਂਦਾ ਸੀ।

ਕਮਰਾ ਕਿਰਾਏ ਉੱਤੇ ਦੇਂਦਿਆਂ ਮਾਈ ਨੂੰ ਵੀ ਬਹੁਤ ਸਾਰੀਆਂ ਗੱਲਾਂ ਦਾ ਪਤਾ ਨਹੀਂ ਸੀ। ਹਾਲੀ ਮਾਈ ਨੇ ਦੁਨੀਆ ਉੱਤੇ ਆ ਕੇ ਬਹੁਤ ਧੱਕੇ ਖਾਧੇ ਸਨ, ਪਰ ਫੇਰ ਵੀ ਉਹ ਬਾਅਜ਼ ਮਾਮਲਿਆਂ ਤੋਂ ਉੱਕਾ ਜਾਣੂ ਨਹੀਂ ਸੀ ਹੋ ਸਕੀ। ਮਸਲਨ ਇਕ ਤਾਂ ਉਹਨੂੰ ਅਜੇ ਤੱਕ ਏਨਾ ਵੀ ਪਤਾ ਨਹੀਂ ਸੀ ਲੱਗਿਆ ਕਿ ਉਹਦੇ ਘਰ ਦੇ ਪਿਛਵਾੜੇ ਵਾਲੇ ਘਰ ਦੀ ਕੁੜੀ ਯਾਸਮੀਨ ਜਵਾਨ ਹੋ ਗਈ ਏ। ਨਾ ਸਿਰਫ ਜਵਾਨ ਹੋਈ ਏ ਸਗੋਂ ਉਹਦੀ ਜਵਾਨੀ ਉਹਦੇ ਕੋਲੋਂ ਸਾਂਭੀ ਵੀ ਨਹੀਂ ਜਾਂਦੀ। ਮਾਈ ਦੇ ਕਮਰੇ ਵਿਚ ਠਹਿਰਨ ਵਾਲੇ ਕਿਰਾਏਦਾਰ ਮੁੰਡਿਆ ਵਿਚੋਂ ਕੋਈ ਵੀ ਅਜਿਹਾ ਨਹੀਂ ਸੀ ਜਿਹਦੇ ਨਾਲ ਯਾਸਮੀਨ ਨੇ ਯਾਰੀ ਨਾ ਪਾਈ ਹੋਵੇ। ਇਹਨਾਂ ਵਿਚੋਂ ਬਾਅਜ਼ ਮੁੰਡੇ ਤਾਂ ਸਿਰਫ ਦੋ ਤਿੰਨ ਮਹੀਨੇ ਈ ਮਾਈ ਕੋਲ ਠਹਿਰੇ ਸਨ, ਦੋ ਇੰਜ ਦੇ ਵੀ ਸਨ ਜਿਹੜੇ ਪੂਰੇ ਦੋ ਦੋ ਸਾਲ ਏਥੇ ਰਹੇ। ਹਰ ਵਾਰ ਤਾਰੀਖ ਆਪਣੇ ਆਪ ਨੂੰ ਦੁਹਰਾਂਦੀ ਰਹਿੰਦੀ। ਮੁੰਡਾ ਕੋਈ ਵੀ ਠਹਿਰਦਾ, ਕਮਰਾ ਕਿਰਾਏ ਉੱਤੇ ਲੈਣ ਮਗਰੋਂ ਦੂਜੇ ਈ ਦਿਨ ਜਦੋਂ ਉਹ ਕਾਲਜ ਤੋਂ ਵਾਪਸ ਆ ਕੇ ਆਪਣੀ ਮੰਜੀ ਉੱਤੇ ਬਹਿ ਕੇ ਕਿਤਾਬ ਪੜ੍ਹ ਰਿਹਾ ਹੁੰਦਾ, ਉਹਦੇ ਕਮਰੇ ਦੇ ਦਰਵਾਜ਼ੇ ਨੂੰ ਰੋੜਾ ਵੱਜਦਾ। ਮੁੰਡਾ ਪ੍ਰਵਾਹ ਨਾ ਕਰਦਾ, ਪਰ ਜਦੋਂ ਦੋ ਤਿੰਨ ਰੋੜੇ ਵੱਜਦੇ, ਤਾਂ ਉਤੋਂ ਹੈਰਾਨ ਹੋ ਕੇ ਬਾਹਰ ਨਿੱਕਲ ਕੇ ਵੇਖਦਾ। ਸਾਹਮਣੇ ਈ ਗਵਾਂਢੀਆਂ ਦੀ ਛੱਤ ਉੱਤੇ ਯਾਸਮੀਨ ਇੰਜ ਬੇਨਿਆਜ਼



ਖਲੋਤੀ ਹੁੰਦੀ ਜਿਵੇਂ ਉਹਦਾ ਰੋੜੇ ਮਾਰਨ ਨਾਲ ਕੋਈ ਤੁਅੱਲਕ ਈ ਨਾ ਹੋਵੇ। ਏਥੋਂ ਅੱਗੇ ਦੀ ਕਹਾਣੀ ਹਰ ਵਾਰ ਬਦਲ ਜਾਂਦੀ ਰਹੀ। ਬਾਅਜ਼ ਮੁੰਡੇ ਤਾਂ ਏਨੇ ਹਿਰਸੀ ਸਨ ਕਿ ਯਾਸਮੀਨ ਨੂੰ ਇਕ ਨਜ਼ਰ ਵੇਖਕੇ ਈ "ਹੈ ਦੇਖਕੇ ਕੀ ਚੀਜ਼, ਇਸੇ ਬਾਰ ਬਾਰ ਦੇਖ" ਵਾਲੇ ਉਰਦੂ ਮਿਸਰੇ ਉੱਤੇ ਅਮਲ ਕਰ ਬਹਿੰਦੇ, ਬਾਅਜ਼ ਜਿਹੜੇ ਪਿੰਡਾਂ ਤੋਂ ਬਾਊ ਬਨਣ ਆਉਂਦੇ ਸਨ, ਆਪਣੀ ਇੱਜ਼ਤ ਪਾਰੋਂ ਡਰਦੇ ਝਿਜਕਦੇ ਵਾਪਸ ਆਪਣੇ ਕਮਰੇ ਵਿਚ ਆ ਜਾਂਦੇ। ਇੰਜ ਦੇ ਮੁੰਡਿਆਂ ਵਾਸਤੇ ਰੋੜੇ ਮਾਰਨ ਦਾ ਕੋਰਸ ਦੋ ਤਿੰਨ ਵਾਰ ਕਰਨਾ ਜ਼ਰੂਰੀ ਹੁੰਦਾ ਸੀ। ਇਕ ਦੋ ਵਾਸਤੇ ਤਾਂ ਪੰਜ ਛੇ ਵਾਰ ਦੁਹਰਾਈ ਕਰਨੀ ਪਈ। ਯਾਸਮੀਨ ਦੇ ਤਜਰਬੇ ਵਿਚ ਇਕ ਪਠਾਣ ਮੁੰਡਾ ਅਜਿਹਾ ਵੀ ਆਇਆ ਸੀ, ਜਿਹਦੇ ਉੱਤੇ ਉਹਦਾ ਇਹ ਕਲਾਮ 'ਨਰਮ-ਓ-ਨਾਜ਼ੁਕ' ਉੱਕਾ ਬੇਅਸਰ ਰਿਹਾ। ਉਹ ਇਕਤਾਰ ਦੋ ਹਫਤੇ ਤੱਕ ਰੋਜ਼ ਈ ਰੋੜੇ ਮਾਰਦੀ ਰਹੀ, ਪਰ ਮੁੰਡਾ ਵੀ ਕੋਈ ਮਸਤਕਿਲ ਮਿਜਾਜ਼ ਸੀ ਜਿਹਨੇ ਗੱਲ ਈ ਨਾ ਗੌਲੀ, ਸਗੋਂ ਦੋ ਹਫਤੇ ਮਗਰੋਂ ਇਕ ਦਿਨ ਜਦੋਂ ਯਸਮੀਨ ਆਪ ਈ ਮਾਯੂਸ ਹੋ ਚੱਲੀ ਸੀ, ਉਹਨੇ ਇਹ ਸੋਚਕੇ ਰੋੜਾ ਮਾਰਿਆ ਕਿ ਜੇ ਹੁਣ ਵੀ ਵਰ ਜਵਾਬ ਨਾ ਆਇਆ, ਤਾਂ ਉਹ ਇਹ ਕੰਮ ਉਦੋਂ ਤੱਕ ਛੱਡ ਦੇਵੇਗੀ, ਜਦੋਂ ਤੱਕ ਕੋਈ ਨਵਾਂ ਮੁੰਡਾ ਕਿਰਾਏਦਾਰ ਨਾ ਬਣ ਜਾਵੇ। ਏਸੇ ਆਸ ਨਾਲ ਉਹਨੇ ਦਰਵਾਜ਼ੇ ਨੂੰ ਰੋੜਾ ਮਾਰਿਆ। ਖੜਾਕ ਹੋਇਆ ਤੇ ਕਮਰੇ ਵਿਚੋਂ ਨਾਸਾਂ ਫੰਡਾਈ ਮੁੰਡਾ ਬਾਹਰ ਨਿਕਲਿਆ ਤੇ ਖਰਵੇ ਲਹਿਜੇ ਨਾਲ ਪੁੱਛਣ ਲੱਗਾ" ਖੋ ਕਯਾ ਬਾਤ ਏ? ਕਿਉਂ ਤੰਗ ਕਰਤਾ ਏ? ਯਾਸਮੀਨ ਕੰਨ ਵਲ੍ਹੇਟ ਕੇ ਪੌੜੀਆਂ ਲੱਥ ਆਈ। ਉਹ ਇਹ ਸੋਚਣ ਨੂੰ ਮਜਬੂਰ ਹੋ ਗਈ ਸੀ ਕਿ ਉਹਦੇ ਹੁਸਨ ਦਾ ਜਾਦੂ ਬਾਅਜ਼ ਵਾਰੀ ਉੱਕਾ ਨਕਾਰਾ ਵੀ ਹੋ ਜਾਂਦਾ ਏ, ਸਗੋਂ ਕਦੀ ਕਦੀ ਤਾਂ ਪੁੱਠਾ ਵੀ ਪੈ ਜਾਂਦਾ ਏ।

ਉਂਝ ਤੁਅੱਲਕਾਤ ਛੱਤ ਉੱਤੇ ਨਹੀਂ ਸਨ ਵਧਦੇ ਹੁੰਦੇ। ਯਾਸਮੀਨ ਨੂੰ ਇਹਨਾਂ ਮਾਮਲਿਆਂ ਵਿਚ ਬੜੀ ਮੁਹਾਰਤ ਸੀ। ਉਹ ਰੋੜੇ ਮਾਰਨ ਤੋਂ ਬਾਅਦ ਕਿਸੇ ਰੋੜੇ ਰਾਹੀਂ ਰੁੱਕਾ ਲਿਖ ਘੱਲਦੀ ਜਿਹਦੇ ਵਿਚ ਆਪਣਾ ਫਰਜ਼ੀ ਨਾ "ਕੰਵਲ" ਲਿਖਿਆ ਹੁੰਦਾ। ਇਸ ਰੁੱਕੇ ਵਿਚ ਇਸ ਗੱਲ ਦਾ ਇਜ਼ਹਾਰ ਹੁੰਦਾ ਸੀ ਕਿ ਉਹ ਇਕ ਗਰੀਬ ਕੁੜੀ ਏ ਤੇ ਦਿਲ ਦੇ ਹੱਥੋਂ ਮਜਬੂਰ ਹੋ ਕੇ ਪਹਿਲੀ ਵਾਰ ਕਿਸੇ ਮੁੰਡੇ ਨੂੰ ਖ਼ਤ ਲਿਖ ਰਹੀ ਏ ਕਿਉਂ ਜੇ ਮੁੰਡੇ ਦੀ ਮਾਯੂਸੀਅਤ/ਉੱਚਾ ਕੱਦ/ਸ਼ਖਸੀਅਤ। ਸੁਭਾਅ (ਜੋ ਵੀ ਮੌਕੇ ਮੁਨਾਸਿਬ ਹੁੰਦਾ ਏਥੇ ਲਿਖਿਆ ਜਾਂਦਾ) ਨੇ ਏਨਾ ਮਜਬੂਰ ਕੀਤਾ ਏ ਕਿ ਰਿਹਾ ਨਹੀਂ ਜਾ ਰਿਹਾ। ਮੁੰਡੇ ਆਮ ਕਰਕੇ ਯਾਰਵੀਂ ਦੇ ਹੁੰਦੇ ਸਨ, ਜਿਹਨਾਂ ਨੂੰ ਉਹਨਾਂ ਦੇ ਸੀਨੀਅਰ "ਫੁੱਟਲੇ" ਕਹਿ ਕੇ ਛੇੜਦੇ ਨੇ, ਉਹ ਉਮਰ ਦੇ ਏਸ ਹਿੱਸੇ ਵਿਚ ਹੁੰਦੇ ਜਿਹੜੇ ਵਿਚ ਕੁੜੀ ਦਾ ਨਾਂਅ ਸੁਣ ਕੇ ਈ ਮੁੰਡਿਆਂ ਦੇ ਜਿਸਮ ਵਿਚ ਅੰਗੜਾਈਆਂ ਜਨਮ ਲੈਣ ਲੱਗਦੀਆਂ ਨੇ। ਸੋ ਉਹ ਇਕ ਰੁੱਕਾ ਪੜ੍ਹਦੇ ਈ ਕਿਸੇ ਹੋਰ ਪਾਸੇ ਜਾਣ ਜੋਗੇ ਨਾ ਰਹਿੰਦੇ। ਤੇ ਜਦੋਂ ਅਗਲੇ ਕਿਸੇ ਰੁੱਕੇ ਵਿਚ ਯਾਸਮੀਨ ਉਹਨਾਂ ਨੂੰ ਮੁਲਾਕਾਤ ਦੀ ਤਾਂਘ ਵਿਖਾਂਦੀ, ਤਾਂ ਉਹ ਕਿਸੇ ਨਾ ਕਿਸੇ ਤਰ੍ਹਾਂ "ਕੰਵਲ" ਨਾਲ ਮੁਲਾਕਾਤ ਦਾ ਸਮਾਂ ਤੈਅ ਕਰਦੇ ਤੇ ਫੇਰ ਆਪਣੇ ਮਿਹਨਤਕਸ਼ ਪਿਓ ਦੀ ਕਮਾਈ ਨੂੰ ਕਿਤਾਬਾਂ ਦੇ ਬਹਾਨੇ ਮੰਗਵਾ ਕੇ ਯਾਸਮੀਨ ਨੂੰ ਖ਼ੁਸ਼ ਕਰਨ ਲਈ ਖਰਚ ਕਰਨ ਲੱਗ ਜਾਂਦੇ।

ਇਹ ਆਖਣਾ ਕੁਥਾਂ ਨਾ ਹੋਵੇਗਾ ਕਿ ਯਾਸਮੀਨ ਨੇ ਈ ਮਾਈ ਦੇ ਮਕਾਨ ਵਿਚ ਅਕਸਰ ਕਿਰਾਏਦਾਰ ਮੁੰਡਿਆਂ ਨੂੰ ਜਵਾਨ ਕੀਤਾ ਸੀ। ਜਾਂ ਇੰਜ ਕਹਿ ਲਵੋ ਕਿ ਮੁੰਡੇ ਤੋਂ "ਮਰਦ" ਬਣਾਇਆ ਸੀ। ਰਹਿੰਦੀ ਸਹਿੰਦੀ ਕਸਰ ਮਾਈ ਦੀ ਧੀ ਪੂਰੀ ਕਰ ਦੇਂਦੀ ਸੀ, ਜੋ ਅਕਸਰ ਖਾਵੰਦ ਨਾਲ ਲੜ ਕੇ ਪੇਕੇ ਆ ਜਾਂਦੀ ਸੀ। ਇੰਜ ਕਿਰਾਏਦਾਰ "ਫਟੁੱਲੇ" ਨੂੰ ਘਰੋਂ ਬਾਹਰ ਜਾਣ ਦੀ ਲੋੜ ਵੀ ਨਹੀਂ ਪੈਂਦੀ ਸੀ, ਪਰ ਮਾਈ ਨੂੰ ਏਸ ਗੱਲ ਦੀ ਹਵਾ ਵੀ ਨਹੀਂ ਸੀ ਲੱਗੀ ਕਿ ਉਹਦੀ ਛੱਤ ਵਾਲਾ ਕਮਰਾ ਈ ਉਹਦੀ ਧੀ ਦਾ ਘਰ ਉਜਾੜਨ ਦਾ ਇਕ ਵੱਡਾ ਸਬੱਬ ਏ। ਆਮ ਕਰਕੇ ਜਿਹੜੇ ਮੁੰਡੇ, ਮਾਈ ਦੇ ਕਮਰੇ ਵਿਚ ਆ ਕੇ ਮੁੰਡੇ

ਖੁੰਡੇ ਤੋਂ ਮਰਦ ਬਣੇ, ਜੇ ਉਹਨਾਂ ਵਿਚ ਜ਼ੋਰ ਹੁੰਦਾ, ਤਾਂ ਜੋ ਸਾਲ ਕੱਢ ਜਾਂਦੇ ਨਹੀਂ ਤਾਂ ਮਹੀਨੇ ਦੋ ਮਹੀਨੇ ਵਿਚ ਈ ਕਿਸੇ ਹੋਰ ਪਾਸੇ ਮੂੰਹ ਕਰ ਜਾਂਦੇ। ਸ਼ਾਦੀਸ਼ੁਦਾ ਜੀਵਨ ਬਿਤਾਵਾਂ ਤਾਂ ਹਰ ਮਰਦ ਲਈ ਆਮ ਜਿਹੀ ਗੱਲ ਏ, ਪਰ ਦੋ ਸ਼ਾਦੀਆਂ ਵਰਗਾ ਜੀਵਨ ਬਿਤਾਨਾ ਹਰ ਮਰਦ ਦੇ ਵੱਸ ਦੀ ਗੱਲ ਨਹੀਂ ਹੁੰਦੀ। ਜਿੱਥੇ ਤੱਕ ਮਾਈ ਦੇ ਪੁੱਤਰ ਦਾ ਤਾਅਲੁੱਕ ਏ, ਉਹਦੀ ਹੋਂਦ ਅਣਹੋਂਦ ਇਕੋ ਜਿਹੀ ਸੀ।

ਮਾਈ ਦੇ ਘਰ ਆਵਣ ਵਾਲਾ ਨਵਾਂ ਕਿਰਾਏਦਾਰ 'ਫੁਟੱਲਾ' ਨਹੀਂ ਸੀ। ਉਮਰ ਉਹਦੀ ਕੋਈ ਬਾਈ ਕੁ ਵਰ੍ਹੇ ਹੋਵੇਗੀ, ਸ਼ਾਇਰ ਟਾਈਪ ਬੰਦਾ ਸੀ। ਉਹਦਾ ਨਾਂਅ ? ਜ਼ਰੂਰ ਈ ਜਾਣਨਾ ਚਾਹੁੰਦੇ ਓ? ਚਲੋ ਉਹਨੂੰ ਫੈਸਲ ਕਹਿ ਲੈਨੇ ਆਂ, ਫੈਸਲਾਬਾਦ ਦਾ ਈ ਰਹਿਣ ਵਾਲਾ ਸੀ, ਨੌਜਵਾਨ ਸ਼ਾਇਰ ਦੇ ਤੌਰ ਉੱਥੇ ਇਕਾ ਦੁਕਾ ਮੁਸ਼ਾਇਰਿਆ ਵਿਚ ਮਤੁਆਰਫ ਹੋ ਚੁੱਕਿਆ ਸੀ। ਉਹ ਆਇਆ ਤਾਂ ਲਾਹੌਰ ਵਿਚ ਪੜ੍ਹਾਈ ਕਰਨ ਈ ਸੀ ਪਰ ਏਥੇ ਆ ਕੇ ਪੜ੍ਹਾਈ ਤਾਂ ਇਕ ਪਾਸੇ ਰਹਿ ਗਈ ਤੇ ਦੋ ਹੋਰ ਕੰਮ ਹੋ ਗਏ। ਇਕ ਤਾਂ ਉਹਦਾ ਯਾਸਮੀਨ ਉਰਫ਼ ਕੰਵਲ ਨਾਲ ਯਾਰੀ ਵੀ ਪਈ ਤੇ ਦੂਜਾ ਉਹ ਦਾਨਸ਼ਵਰ ਬਣ ਗਿਆ। ਹੁਣ ਉਹਦਾ ਬਹੁਤਾ ਵੇਲਾ ਕਾਲਜ ਦੀ ਬਜਾਏ ਚਾਹਖਾਨੇ ਵਿਚ ਬੀਤਦਾ ਸੀ। ਇਹ ਚਾਹਖਾਨਾ "ਸੂਟਾ ਟੀ ਸਟਾਲ" ਦੇ ਨਾਂਅ ਨਾਲ ਅਨਾਰਕਲੀ ਵਿਚ ਸੀ। ਈਮਾਨ ਦੀ ਗੱਲ ਕਰੀਏ ਤਾਂ ਏਸ ਚਾਹਖਾਨੇ ਨੇ ਵੀ ਉਨੇ ਕੁ ਪੜ੍ਹਿਆਰਾਂ ਨੂੰ ਤਾਂ ਜ਼ਰੂਰ ਈ ਦਾਨਸ਼ਵਰ ਬਣਾਇਆ ਹੋਵੇਗਾ, ਜਿੰਨੇ ਕੁ ਮੁੰਡਿਆਂ ਨੂੰ ਯਾਸਮੀਨ ਨੇ ਮਰਦ ਬਣਾਇਆ ਸੀ।

ਸੂਟਾ ਟੀ ਸਟਾਲ ਦਾ ਅਸਲ ਨਾਂਅ ਵੀ ਇਹ ਨਹੀਂ ਸੀ। ਅਸਲ ਵਿਚ ਉੱਥੇ ਏਨੇ ਜ਼ਿਆਦਾ ਸਿਗਰਟ ਪੀਤੇ ਜਾਂਦੇ ਸਨ ਕਿ ਨੇੜਲੀਆਂ ਦੁਕਾਨਾਂ ਤੱਕ ਧੂਆਂ ਅੱਪੜਦਾ ਤੇ ਜਦੋਂ ਆਮ ਬੰਦਿਆਂ ਨੂੰ ਪਤਾ ਲੱਗਦਾ ਕਿ ਇਹ ਸਿਗਰਟਾਂ ਦਾ ਧੂਆਂ ਏ ਤਾਂ ਉਹ ਸੋਚਦੇ ਕਿ ਸ਼ਾਇਦ ਏਥੇ ਚਰਸ ਦੇ ਸੂਟੇ ਲਾਏ ਜਾਂਦੇ ਨੇ। ਹੌਲੇ ਹੌਲੇ ਨੇੜਲੀਆਂ ਦੁਕਾਨਾਂ ਵਿਚ ਹੋਟਲ ਦਾ ਨਾਂਅ ਸੂਟਾ ਟੀ ਸਟਾਲ ਪ੍ਰਚੱਲਤ ਹੋ ਗਿਆ ਤੇ ਹੁਣ ਆਮ ਏਹੀ ਨਾਂਅ ਸੱਦਿਆ ਜਾਂਦਾ ਸੀ। ਏਸ ਹੋਟਲ ਵਿਚ ਵਧੇਰੇ ਉਹੀ ਲੋਕ ਆਉਂਦੇ ਸਨ ਜਿਹੜੇ ਆਪ ਨੂੰ "ਦਾਨਸ਼ਵਰ' ਅਖਵਾਣਾ ਪਸੰਦ ਕਰਦੇ ਸਨ। ਇਹ ਲੋਕ ਦਫਤਰੋਂ ਵਿਹਲੇ ਹੋ ਕੇ ਏਥੇ ਆ ਬਹਿੰਦੇ, ਬਾਅਜ਼ ਅਜਿਹੇ ਵੀ ਸਨ ਜਿਹੜੇ ਕਿਸੇ ਦਫ਼ਤਰ ਵਿਚ ਕੰਮ ਕਾਜ ਨਹੀਂ ਸਨ ਕਰਦੇ। ਉਹ ਦਿਨੇ ਦਸ ਯਾਰਾਂ ਵਜੇ ਈ ਆ ਜਾਂਦੇ। ਇਹ ਸਾਰੇ ਸੂਝਵਾਨ ਚਾਹ ਦੀ ਇਕ ਪਿਆਲੀ ਸਾਹਮਣੇ ਰੱਖ ਕੇ ਇਕਤਾਰ ਦੋ ਘੰਟੇ ਤੱਕ ਬੋਲ ਸਕਦੇ ਸਨ। ਆਮ ਕਰਕੇ ਗੱਲਬਾਤ ਦਾ ਵਿਸ਼ਾ ਮੁਲਕੀ ਤੇ ਕੌਮਾਂਤਰੀ ਹਾਲਾਤ ਹੁੰਦੇ ਜਾਂ ਫੇਰ ਅਦਬੀ ਗੱਲਾਂ। ਇਹ ਏਨੀ ਜ਼ਿਆਦਾ ਸੂਝ ਰੱਖਦੇ ਸਨ ਕਿ ਕੋਈ ਕਿਤਾਬ ਪੜ੍ਹੇ ਬਗੈਰ ਉਹਦੇ ਬਾਰੇ ਗੱਲਬਾਤ ਕਰ ਸਕਦੇ ਸਨ। ਸਿਆਸੀ ਤੇ ਅਦਬੀ ਵਿਸ਼ਿਆਂ ਤੋਂ ਵੱਖ ਇਕ ਤੀਜੇ ਵਿਸ਼ੇ ਉੱਤੇ ਵੀ ਗੱਲਬਾਤ ਹੁੰਦੀ ਰਹਿੰਦੀ ਸੀ, ਯਾਅਨੀ ਜਿਹੜਾ ਸੰਗੀ ਉਸ ਸਮੇਂ ਮੌਜੂਦ ਨਾ ਹੋਵੇ ਉਹਦੀਆਂ ਚੁਗਲੀਆਂ ਕਰਨਾ। ਮੁਲਕੀ ਤੇ ਕੌਮਾਂਤਰੀ ਮਸਲਿਆਂ ਦੇ ਹੱਲ ਲੱਭ ਕੇ ਜਦੋਂ ਇਹਨਾਂ ਸੂਝਵਾਨਾਂ ਨੂੰ ਚੇਤਾ ਆਉਂਦਾ ਕਿ ਉਹਨਾਂ ਦਾ ਘਰ ਬਾਰ ਵੀ ਹੈ ਏ, ਤਾਂ ਉਸ ਸਮੇਂ ਉਹਨਾਂ ਦੀ ਉਮਰ ਵਿਚੋਂ ਛੇ ਸੱਤ ਘੰਟੇ ਤਫਰੀਕ ਹੋ ਚੁੱਕੇ ਹੁੰਦੇ ਸਨ ਤੇ ਘੜੀ ਰਾਤ ਦੇ ਬਾਰਾਂ ਜਾਂ ਇਕ ਵਜਾ ਰਹੀ ਹੁੰਦੀ ਸੀ। ਅਲੱਬਤਾ ਇਸ ਬਾਰੇ ਕੋਈ ਰਿਸਰਚ ਹੋਈ ਵੀ ਨਹੀਂ ਕਿ ਏਹਨਾਂ ਸੂਝਵਾਨਾ ਵਿਚੋਂ ਕਿੰਨੇ ਘਰ ਜਾ ਕੇ ਬੀਵੀ ਦੀਆਂ ਝਾੜਾਂ ਖਾਂਦੇ ਸਨ ਤੇ ਕਿੰਨੇ ਮਾਪਿਆਂ ਦੀਆਂ।

ਫ਼ੈਸਲ ਵੀ ਪਹਿਲੀ ਵਾਰ ਏਥੇ ਚਾਹ ਪੀਣ ਈ ਆਇਆ ਸੀ। ਉਹ ਨੂੰ ਚਾਹ ਦਾ ਚਸਕਾ ਫੈਸਲਾਬਾਦ ਵਿਚ ਈ ਪੈ ਗਿਆ ਸੀ ਜਿੱਥੇ ਉਹਦੇ ਚਾਚੇ ਦਾ ਟੀ ਸਟਾਲ ਸੀ। ਉਹ ਤੇ ਸਗੀਰ ਅਨਾਰਕਲੀ ਵਿਚ ਫਿਰ ਰਹੇ ਸਨ। ਸਗੀਰ ਵੀ ਪੱਕਾ ਪੀਢਾ ਦਾਨਸ਼ਵਰ ਪੜ੍ਹਿਆਰ ਸੀ। ਕਾਲਜ ਮੈਗਜ਼ੀਨ ਦਾ



ਐਡੀਟਰ ਵੀ ਸੀ। ਫਿਰਦਿਆਂ ਫਿਰਦਿਆਂ ਫ਼ੈਸਲ ਨੂੰ ਚਾਹ ਦੀ ਤਲਬ ਹੋਈ। ਜਦੋਂ ਉਹਨੇ ਇਹਦਾ ਇਜ਼ਹਾਰ ਸਗੀਰ ਨਾਲ ਕੀਤਾ ਤਾਂ ਸਗੀਰ ਨੇ ਸਬਰ ਦਾ ਮਸ਼ਵਰਾ ਦੇਂਦਿਆਂ ਹੋਇਆ ਆਖਿਆ ਕਿ ਅੱਗੇ ਸੂਟਾ ਟੀ ਸਟਾਲ 'ਤੇ ਚੱਲ ਕੇ ਪੀਆਂਗੇ। ਉੱਥੇ ਦੀ ਚਾਹ ਨਾਲੋਂ ਬਹੁਤਾ ਚਾਹਖਾਨੇ ਦਾ ਦਾਨਸ਼ਵਰਾਨਾ ਮਾਹੌਲ ਫ਼ੈਸਲ ਨੂੰ ਆਪਣੇ ਖਾਬਾਂ ਦੀ ਤਾਬੀਰ ਜਾਪਿਆ। ਕਈ ਵੱਡੇ ਵੱਡੇ ਦਾਨਸ਼ਵਰਾਂ ਨੂੰ ਉਹਨੇ ਏਥੇ ਬੈਠੇ ਵੇਖ ਲਿਆ ਸੀ। ਇਹਨਾਂ ਵਿਚੋਂ ਵਧੇਰੇ ਦਾਨਸ਼ਵਰ ਉਹ ਸਨ ਜਿਹਨਾਂ ਦੀਆਂ ਲਿਖਤਾਂ ਵੱਖੋ ਵੱਖ ਅਖ਼ਬਾਰਾਂ ਤੇ ਅਦਬੀ ਰਸਾਲਿਆਂ ਵਿਚ ਛਪਦੀਆਂ ਰਹਿੰਦੀਆਂ ਸਨ। ਫ਼ੈਸਲ ਚਾਹਖਾਨੇ ਦੇ ਮਿਆਰ ਤੋਂ ਬੜਾ ਮੁਤਾਸਿਰ ਹੋਇਆ ਤੇ ਫੇਰ ਉਹ ਰੋਜ਼ ਈ ਉੱਥੇ ਜਾਣ ਲੱਗ ਪਿਆ। ਉਂਝ ਵੀ ਉਹਦੇ ਕੋਲ ਵਾਧੂ ਵੇਲਾ ਕਾਫ਼ੀ ਹੁੰਦਾ ਸੀ ਤੇ ਉਹਨੂੰ ਸਮਝ ਨਹੀਂ ਸੀ ਆਂਵਦੀ ਹੁੰਦੀ ਕਿ ਇਹ ਵਾਧੂ ਵੇਲਾ ਕਿਵੇਂ ਜ਼ਾਇਆ ਕਰੇ। ਸੂਟਾ ਟੀ ਸਟਾਲ ਜਾਣ ਨਾਲ ਉਹਦਾ ਇਹ ਵੇਲਾ ਇਕ ਇਤਮੀਹਾਨ ਭਰੀ ਖੁਸ਼ੀ ਨਾਲ ਬੀਤਣ ਲੱਗ ਪਿਆ। ਸਵੇਰੇ ਸਾਢੇ ਯਾਰਾਂ ਬਾਰਾਂ ਵਜੇ ਨਾਲ ਉਹ ਸੌਂ ਕੇ ਉੱਠਦਾ, ਕਦੀ ਕਦੀ ਯਾਸਮੀਨ ਨਾਲ ਡੇਟ ਉੱਤੇ ਜਾਂਦਾ। ਉਹਦੀ ਖੁਸ਼ਕਿਸਮਤੀ ਇਹ ਸੀ ਕਿ ਉਹਨੀਂ ਦਿਨੀਂ ਮਾਈ ਦੀ ਧੀ ਆਪਣੇ ਖਾਵੰਦ ਨਾਲ ਬਣੀ ਹੋਈ ਸੀ। ਜਿਸ ਪਾਰੋਂ ਉਹਦੇ ਵਾਸਤੇ ਇਕੋ ਵੇਲੇ ਦੋ ਮਸਲੇ ਨਹੀਂ ਸਨ ਪੈਦਾ ਹੋਏ। ਲਾਹੌਰ ਆ ਕੇ ਫ਼ੈਸਲ ਦੇ ਜੀਵਨ ਵਿਚ ਦੋ ਈ ਵੱਡੀਆਂ ਹਕੀਕਤਾਂ ਸਨ। ਯਾਸਮੀਨ ਤੇ ਸੂਟਾ ਟੀ ਸਟਾਲ। ਜੇ ਇਹਨਾਂ ਨੂੰ ਉਹਦੇ ਜੀਵਨ ਵਿਚੋਂ ਤਫਰੀਕ ਕਰ ਦਿੱਤਾ ਜਾਵੇ, ਤਾਂ ਉਹਦਾ ਜੀਵਨ ਅਜਿਹੇ ਕੋਰੇ ਕਾਗਜ਼ ਵਰਗਾ ਹੋ ਜਾਂਦਾ, ਜਿਹਦੇ ਉੱਤੇ ਕੁਝ ਲਿਖਿਆ ਈ ਨਾ ਗਿਆ ਹੋਵੇ।

ਸੂਟਾ ਟੀ. ਸਟਾਲ ਉਹਦੇ ਲਈ ਅਜਿਹੀ ਬਿਜਲਈ ਮਰਕਜ਼ (ਕੇਂਦਰ) ਵਾਂਗ ਸੀ ਜਿੱਥੇ ਬਲਬ ਨੂੰ ਚਾਨਣ ਮਿਲਦਾ ਏ। ਉਹ ਏਥੇ ਆ ਕੇ ਸਿਆਣਪ ਤੇ ਸੂਝ ਭਰੀਆਂ ਗੱਲਾਂ ਸੁਣਦਾ। ਜਦੋਂ ਉਹ ਕਾਲਜ ਵਿਚ ਆਪਣੇ ਪ੍ਰੋਫੈਸਰਾਂ ਸਾਹਮਣੇ ਉਹੀ ਗੱਲਾਂ ਕਰਦਾ ਤਾਂ ਉਹ ਵੀ ਆਪਣੇ ਸ਼ਾਗਿਰਦ ਦੀ ਸੋਚ ਉੱਤੇ ਦੰਗ ਰਹਿ ਜਾਂਦੇ। ਪੜ੍ਹਿਆਰ ਸਾਥੀ ਫ਼ੈਸਲ ਨੂੰ ਆਪਣੇ ਤੋਂ ਉਚੇਰੀ ਕੋਈ ਮਾਫ਼ੂਕ ਅਲ-ਫਿਤਰਤ ਸ਼ੈਅ ਸਮਝਕੇ ਤੇ ਉਹਦੀ ਅਕਲਮੰਦੀ ਪਾਰੋਂ ਉਹਦਾ ਆਦਰ ਤੇ ਇਹਤਰਾਮ ਕਰਦੇ।

ਸੂਟਾ ਟੀ ਸਟਾਲ ਵਿੱਚ ਸ਼ਾਮ ਵੇਲੇ ਬੜੀ ਰੌਣਕ ਹੁੰਦੀ ਸੀ। ਸਾਰੀਆਂ ਮੇਜ਼ਾਂ ਪੁਰ ਰਹਿੰਦੀਆਂ। ਬਾਅਜ਼ ਵਾਰੀ ਦਾਨਸ਼ਵਰਾਂ ਨੂੰ ਖਲੋ ਕੇ ਬਹਿਸ ਵਿੱਚ ਹਿੱਸਾ ਲੈਣਾ ਪੈਂਦਾ, ਪਰ ਫੇਰ ਵੀ ਟੀ ਸਟਾਲ ਦਿਨ-ਬ-ਦਿਨ ਨੁਕਸਾਨ ਵਿੱਚ ਜਾ ਰਿਹਾ ਸੀ। ਸਟਾਲ ਦਾ ਮਾਲਕ ਸਲਾਮਤ ਅਲੀ ਏਸ ਗੱਲ ਤੋਂ ਬੜੀ ਖਾਰ ਖਾਂਦਾ ਤੇ ਦਿਲ ਈ ਦਿਲ ਵਿੱਚ ਉੱਥੇ ਬਹਿਣ ਵਾਲੇ ਦਾਨਸ਼ਵਰਾਂ ਨੂੰ ਗਾਲ੍ਹਾਂ ਕੱਢਦਾ। ਜੋ ਇੱਕ ਚਾਹ ਦਾ ਕੱਪ ਮੰਗਾ ਕੇ ਛੇ ਘੰਟੇ ਕੁਰਸੀ ਉੱਤੇ ਕਬਜ਼ਾ ਜਮਾਈ ਰੱਖਦੇ ਤੇ ਉਹਦੇ ਨਵੇਂ ਗਾਹਕਾਂ ਵਾਸਤੇ ਥਾਂ ਈ ਨਾ ਬਚਦੀ। ਇਹਨਾਂ ਵਿਚੋਂ ਕੁਝ ਤਾਂ ਅਜਿਹੇ ਸਨ, ਜਿਹਨਾਂ ਨੂੰ ਏਥੇ ਦੀ ਚਾਹ ਵੀ ਪਸੰਦ ਨਹੀਂ ਸੀ ਆਂਵਦੀ। ਉਹ ਬਹਿੰਦੇ ਏਥੇ ਤੇ ਚਾਹ ਕਿਧਰੇ ਹੋਰ ਜਾ ਪੀਂਦੇ। ਗੱਲਾਂ ਕਰਦੇ ਕਰਦੇ "ਮੈਂ ਹੁਣੇ ਆਇਆ" ਆਖ ਕੇ ਨਿਕਲ ਜਾਂਦਾ ਜਾਂ ਫੇਰ ਪਿਸ਼ਾਬ ਦਾ ਬਹਾਨਾ ਲਾਂਦੇ ਤੇ ਥੋੜੀ ਦੂਰ ਬਣੇ "ਮੁਸਤਫ਼ਾ ਹੋਟਲ" ਵਿੱਚ ਜਾ ਚਾਹ ਪੀਂਦੇ। ਸਲਾਮਤ ਅਲੀ ਨੂੰ ਏਸ ਗੱਲ ਦਾ ਪਤਾ ਉਦੋਂ ਲੱਗਾ ਸੀ, ਜਦੋਂ ਉਹਨੇ ਨਵੇਂ ਮੁੰਡੇ ਅਸਲਮ ਨੂੰ ਆਪਣੇ ਹੋਟਲ ਵਿੱਚ ਨੌਕਰ ਰੱਖਿਆ। ਪਹਿਲੇ ਈ ਦਿਨ ਸਲਾਮਤ ਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਅਸਲਮ ਦੀ ਏਹਨਾਂ ਸਾਰਿਆਂ ਨਾਲ ਈ ਚੰਗੀ ਸਲਾਮ-ਦੁਆ ਏ। ਵਿਹਲੇ ਵੇਲੇ ਉਹਨੇ ਅਸਲਮ ਕੋਲੋਂ ਏਹਦਾ ਕਾਰਨ ਪੁੱਛਿਆ ਤਾਂ ਏਸ ਗੱਲ ਦਾ ਇੰਕਸ਼ਾਫ਼ ਹੋਇਆ ਕਿ ਲੱਗਭੱਗ ਸਾਰੇ ਈ ਸੂਝਵਾਨ ਮੁਸਤਫ਼ਾ ਹੋਟਲ ਦੇ ਮੁਸਤਕਿਲ (ਪੱਕੇ) ਗਾਹਕ ਨੇ। ਅਸਲਮ ਏਦੂੰ ਪਹਿਲਾਂ ਮੁਸਤਫ਼ਾ ਹੋਟਲ ਵਿੱਚ ਈ ਕੰਮ ਕਰਦਾ ਸੀ। ਜਿਸ ਪਾਰੋਂ ਸਭ ਦਾ ਜਾਣੂ ਸੀ। ਏਹ ਜਾਣ ਕੇ ਸਲਾਮਤ ਅਲੀ ਨੂੰ ਬੜਾ ਦੁੱਖ ਲੱਗਿਆ।

ਉਹਨੂੰ ਆਪਣੇ ਬਾਲਪਣ ਵਿੱਚ ਸੁਣੀ ਮਿਸਾਲ ਚੇਤੇ ਆਈ ਜਿਹੜੀ ਕੁਕੜੀਆਂ ਬਾਰੇ ਦਿੱਤੀ ਜਾਂਦੀ ਸੀ, "ਆਂਡੇ ਕਿੱਧਰੇ ਤੇ ਕੁੜ-ਕੁੜ ਕਿੱਧਰੇ" ਫੇਰ ਉਹਨੇ ਸੋਚਿਆ ਸ਼ਾਇਦ ਮੇਰੇ ਹੋਟਲ ਦੀ ਚਾਹ ਬਹੁਤੀ ਕੌੜੀ ਨਹੀਂ ਹੁੰਦੀ। ਇਹ ਸੋਚ ਕੇ ਉਹਨੇ ਆਪਣੇ ਹੋਟਲ ਦੇ ਚਾਹ ਬਣਾਨ ਵਾਲੇ ਮੁਲਾਜ਼ਮ ਨੂੰ ਹਦਾਇਤ ਕੀਤੀ ਕਿ ਅੱਗੋਂ ਤੋਂ ਚਾਹ ਬਣਾਂਦਿਆਂ ਪੱਤੀ ਦੀ ਮਾਤਰਾ ਦੁੱਗਣੀ ਕਰ ਦਿੱਤੀ ਜਾਵੇ। ਏਹਦੇ ਨਾਲ ਹੋਰ ਤਾਂ ਕੋਈ ਫਰਕ ਨਾ ਪਿਆ, ਅਲਬੱਤਾ ਪੱਤੀ ਦਾ ਖਰਚਾ ਦੁੱਗਣਾ ਹੋ ਗਿਆ।

ਉਂਜ ਸਲਾਮਤ ਅਲੀ ਉੱਤੋਂ-ਉੱਤੋਂ ਏਹਨਾਂ ਦਾਨਸ਼ਵਰਾਂ ਦੀ ਸੂਝ-ਸਿਆਣਪ ਦਾ ਬੜਾ ਮੁਤਰਿਫ਼ ਸੀ ਤੇ ਆਪਣੇ ਮਹੱਲੇ ਵਿੱਚ ਬੜੇ ਫ਼ਖ਼ਰ ਨਾਲ ਦੱਸਦਾ ਕਿ ਉਹਦੇ ਹੋਟਲ ਵਿੱਚ ਵੱਡੇ ਵੱਡੇ ਲਿਖਾਰੀ ਤੇ ਸ਼ਾਇਰ ਆਉਂਦੇ ਨੇ। ਜਦੋਂ ਏਹਨਾਂ ਵਿਚੋਂ ਕਿਸੇ ਦੀ ਤਸਵੀਰ ਅਖ਼ਬਾਰ ਵਿੱਚ ਛਪਦੀ ਤਾਂ ਉਹ ਸਾਰੇ ਮਹੱਲੇ ਨੂੰ ਉਹ ਅਖ਼ਬਾਰ 'ਤੇ ਛਪੀ ਹੋਈ ਤਸਵੀਰ ਵਖਾਂਦਾ ਤੇ ਦੱਸਦਾ ਕਿ ਇਹ ਬੰਦਾ ਉਹਦੇ ਹੋਟਲ ਦਾ ਮੁਸਤਕਿਲ ਗਾਹਕ ਏ। ਪਰ ਅੰਦਰੋਂ ਉਹ ਏਸ ਬਾਰੇ ਬੜਾ ਫ਼ਿਕਰਮੰਦ ਸੀ ਕਿ ਹੋਟਲ ਦਾ ਤਾਂ ਕਿਰਾਇਆ ਈ ਪੂਰਾ ਨਹੀਂ ਹੁੰਦਾ, ਉਹ ਆਪਣੇ ਘਰ ਦਾ ਖਰਚਾ ਕਿਵੇਂ ਚਲਾਵੇ। ਇੱਕ ਦੋ ਵਾਰ ਉਹਨੂੰ ਖਿਆਲ ਆਇਆ ਕਿ ਆਪਣੇ ਸਿਆਣੇ ਗਾਹਕਾਂ ਕੋਲੋਂ ਏਸ ਬਾਰੇ ਪੁੱਛੇ ਕਿ ਘਰ ਦਾ ਖਰਚਾ ਕਿਵੇਂ ਪੂਰਾ ਕੀਤਾ ਜਾ ਸਕਦਾ ਏ। ਏਸ ਲਈ ਸਭ ਤੋਂ ਪਹਿਲਾਂ ਉਹਨੇ ਸ਼ਾਹਿਦ ਜਰਾਰ ਨਾਲ ਗੱਲ ਕੀਤੀ। ਸ਼ਾਹਿਦ ਜਰਾਰ ਦਾ ਨਾਂ ਸੂਝਵਾਨਾਂ ਵਿੱਚ ਅਹਿਮ ਨਾਂਅ ਸੀ ਤੇ ਅਖ਼ਬਾਰ ਵਿੱਚ ਅਕਸਰ ਉਹਦੀ ਤਸਵੀਰ ਛਪਦੀ ਰਹਿੰਦੀ ਸੀ। ਪਰ ਮਸ਼ਵਰਾ ਕਰਨ ਸਮੇਂ ਸਲਾਮਤ ਨੂੰ ਪਤਾ ਲੱਗਿਆ ਕਿ ਸ਼ਾਹਿਦ ਜਗਰ ਨੇ ਤਾਂ ਵਿਆਹ ਈ ਨਹੀਂ ਕੀਤਾ ਹੋਇਆ। ਭਰਾ ਦੇ ਨਾਲ ਰਹਿੰਦਾ ਏ, ਸਿਗਰਟ ਪਾਣੀ ਦਾ ਖਰਚਾ ਭਰਾ ਕੋਲੋਂ ਲੈ ਲੈਂਦਾ ਏ। ਰੋਟੀ ਤੇ ਮਿਹਣੇ ਭਰਜਾਈ ਵਲੋਂ ਲੱਭ ਜਾਂਦੇ ਨੇ ਤੇ ਉਹ ਦੋਹਾਂ ਚੀਜ਼ਾਂ ਨੂੰ ਆਪਣੀ ਜਾਨ ਤੋਂ ਵਾਰ ਕੇ ਰੋਜ਼ ਸੂਟਾ ਟੀ ਸਟਾਲ ਆ ਜਾਂਦਾ ਏ ਜਿੱਥੇ ਉਹਨੂੰ ਮੁਫ਼ਤ ਚਾਹ ਪਿਆਣ ਵਾਲੇ ਬਥੇਰੇ ਕਦਰਦਾਨ ਮੌਜੂਦ ਨੇ।

ਸਲਾਮਤ ਨੂੰ ਆਪਣੇ ਮਸਲੇ ਦਾ ਹੱਲ ਨਾ ਲੱਭਿਆ।

ਜਦੋਂ ਪਾਣੀ ਸਿਰ ਉੱਤੋਂ ਲੰਘ ਚੱਲਿਆ, ਤਾਂ ਸਲਾਮਤ ਅਲੀ ਨੇ ਜ਼ਿੰਦਗੀ ਵਿੱਚ ਪਹਿਲਾ ਫ਼ੈਸਲਾ ਸੋਚ ਸਮਝ ਕੇ ਕੀਤਾ। ਉਹਦੇ ਆਲ਼ ਦਵਾਲ਼ੇ ਬਾਤਾਂ ਦੇ ਨੰਬਰਾਂ ਦੀਆਂ ਦੁਕਾਨਾਂ ਖੁੱਲ੍ਹ ਰਹੀਆਂ ਸਨ, ਉਹਨੇ ਵੀ ਏਸੇ ਦੌੜ ਵਿੱਚ ਸ਼ਾਮਲ ਹੋਣ ਦਾ ਫ਼ੈਸਲਾ ਕਰ ਲਿਆ ਤੇ ਹੋਟਲ ਵਿੱਚ ਇੱਕ ਨੋਟਿਸ ਲਵਾ ਦਿੱਤਾ, ਜਿਹਦੇ ਮੁਤਾਬਿਕ ਮਹੀਨੇ ਦੀ 15 ਤਾਰੀਖ਼ ਨੂੰ ਸੂਟਾ ਟੀ ਸਟਾਲ ਬੰਦ ਕੀਤਾ ਜਾਣਾ ਸੀ। ਏਸ ਨੋਟਿਸ ਵਿੱਚ ਸੂਝਵਾਨਾਂ ਨੂੰ ਦਰਖਾਸਤ ਕੀਤੀ ਗਈ ਸੀ ਕਿ ਉਹ 15 ਤਾਰੀਖ਼ ਤੋਂ ਪਹਿਲਾਂ ਪਹਿਲਾਂ ਆਪਣੇ ਉਧਾਰ ਚੁਕਾ ਦੇਣ।

ਏਸ ਨੋਟਿਸ ਨੇ ਵੱਡਾ ਧਮਾਕਾ ਕੀਤਾ। ਸੂਝਵਾਨਾਂ ਨੇ ਮਾਲਕ ਨੂੰ ਬੇਨਤੀ ਕੀਤੀ ਕਿ ਉਹ ਆਪਣਾ ਫ਼ੈਸਲਾ ਵਾਪਸ ਲਵੇ। ਪਰ ਸਲਾਮਤ ਆਪਣੀ ਗੱਲ ਉੱਤੇ ਅੜਿਆ ਹੋਇਆ ਸੀ। ਇੱਕ ਅਖ਼ਬਾਰ ਵਿੱਚ ਤਾਂ ਏਸ ਬਾਰੇ ਕਾਲਮ ਵੀ ਛਪਿਆ ਜਿਹਦੇ ਵਿੱਚ ਸੂਟਾ ਟੀ ਸਟਾਲ ਨੂੰ ਕੌਮੀ ਅਹਿਮੀਅਤ ਦੀ ਥਾਂ ਕਰਾਰ ਦੇਂਦਿਆਂ ਹੋਇਆਂ ਉਹਨੂੰ ਫ਼ਿਕਰ-ਓ-ਦਾਨਿਸ਼ ਦੀ ਨਰਸਰੀ ਮਿੱਥਿਆ ਗਿਆ ਸੀ ਤੇ ਹਕੂਮਤ ਕੋਲੋਂ ਮੰਗ ਕੀਤੀ ਗਈ ਸੀ ਕਿ ਉਹ ਏਸ ਸਟਾਲ ਦੀ ਮਾਲੀ ਸਰਪਰਸਤੀ ਕਰੇ ਤਾਂ, ਜੋ ਦਾਨਸ਼ਵਰਾਂ ਦੇ ਏਸ ਅਜ਼ੀਮ ਮਰਕਜ਼ ਨੂੰ ਮਰਨ ਤੋਂ ਬਚਾਇਆ ਜਾ ਸਕੇ। ਅਫ਼ਸੋਸ ਕਿ ਬੇਹਿਸ ਹਕੂਮਤ ਨੇ ਏਹਦੇ ਬਾਰੇ ਕੁਝ ਵੀ ਨਾ ਕੀਤਾ।

15 ਤਾਰੀਖ਼ ਆ ਗਈ ਤੇ ਜਦੋਂ ਦਿਨੇ ਸਾਢੇ ਯਾਰ੍ਹਾਂ ਵਜੇ ਪਹਿਲਾ ਗਾਹਕ ਸ਼ਾਹਿਦ ਜਰਾਰ



ਉਥੇ ਅੱਪੜਿਆ, ਤਾਂ ਉਹਨੇ ਵੇਖਿਆ ਕਿ ਉਥੇ ਦੀ ਦੁਨੀਆ ਈ ਬਦਲੀ ਹੋਈ ਏ। ਬਾਹਰ ਮੱਥੇ ਉੱਤੇ ਦੁਕਾਨ ਦੇ ਨਵੇਂ ਨਾਂਅ "ਅਲਮਾਸ ਇੰਟਰਪ੍ਰਾਈਜ਼ਜ਼" ਦਾ ਬੋਰਡ ਲੱਗਿਆ ਹੋਇਆ ਸੀ, ਮੇਜ਼ਾਂ ਕੁਰਸੀਆਂ ਦੀ ਥਾਂ ਲੰਮਾ ਜਿਹਾ ਸਟਾਲ ਲੱਗਿਆ ਹੋਇਆ ਸੀ ਜਿਹਦੇ ਉੱਤੇ ਪ੍ਰਾਈਜ਼ ਬਾਂਡਾਂ ਦੀਆਂ ਫੋਟੋਸਟੇਟ ਕਾਪੀਆਂ ਪਈਆਂ ਹੋਈਆਂ ਸਨ। ਸਦਮਾ ਕਾਫ਼ੀ ਡੂੰਘਾ ਸੀ ਪਰ ਸ਼ਾਹਿਦ ਜਗਰ ਨੇ ਏਹਨੂੰ ਮਰਦਾਂ ਵਾਂਗੂ ਕਬੂਲ ਕੀਤਾ। ਇੱਕ ਪਲ ਵਿੱਚ ਉਹਦੇ ਤੇਜ਼ ਜ਼ਿਹਨ ਨੇ ਫ਼ੈਸਲਾ ਕਰ ਲਿਆ ਕਿ ਹਕੀਕਤ ਨੂੰ ਤਸਲੀਮ ਕਰਨਾ ਈ ਕਿਸੇ ਦਾਨਸ਼ਵਰ ਦਾ ਪਹਿਲਾ ਕੰਮ ਏ। ਏਹ ਥਾਂ ਹੁਣ ਸ਼ਰੀਫ਼ਾਂ ਦੇ ਬਹਿਣ ਦੇ ਕਾਬਲ ਨਹੀਂ ਰਹੀ। ਸੂਟਾ ਟੀ ਸਟਾਲ ਦਾ ਬੰਦ ਹੋਣਾ ਇੱਕ ਸਮਾਜੀ ਅਲਮੀਆ ਏ। ਇਹ ਸੋਚਦਿਆਂ ਉਹ ਮੁਸਤਫ਼ਾ ਟੀ ਸਟਾਲ ਉੱਤੇ ਜਾ ਕੇ ਬਹਿ ਗਿਆ ਤੇ ਕੜਕ ਚਾਹ ਮੰਗਵਾ ਕੇ ਏਸ ਅਲਮੀਏ ਬਾਰੇ ਗ਼ੌਰ ਕਰਨ ਲੱਗ ਪਿਆ। ਉਹਦੀ ਜੇਬ ਖਾਲੀ ਸੀ, ਪਰ ਉਹਨੂੰ ਚਾਹ ਦੇ ਪੈਸੇ ਦੇਣ ਦੀ ਏਨੀ ਚਿੰਤਾ ਨਹੀਂ ਸੀ, ਕਿਉਂ ਜੇ ਉਹਨੂੰ ਪਤਾ ਸੀ ਕਿ ਕੋਈ ਨਾ ਕੋਈ ਜਾਨਣ ਵਾਲਾ ਹੁਣੇ ਏਥੇ ਆਵੇਗਾ ਜਿਹੜਾ ਬੜੀ ਖੁਸ਼ੀ ਨਾਲ ਉਹਦੀ ਚਾਹ ਦੇ ਪੈਸੇ ਦੇ ਦੇਵੇਗਾ। ਸ਼ਾਹਿਦ ਜਰਾਰ ਨੂੰ ਇੰਜ ਜਾਪਿਆ ਜਿਵੇਂ ਉਹਦੇ ਜੀਵਨ ਵਿੱਚ ਇਹ ਦੂਜਾ ਅਲਮੀਆ ਵਾਪਰਿਆ ਏ। ਪਹਿਲਾ ਅਲਮੀਆ ਮਸ਼ਰਕੀ ਪਾਕਿਸਤਾਨ ਦਾ ਬੰਗਲਾ ਦੇਸ਼ ਬਣ ਜਾਣਾ ਸੀ ਤੇ ਦੂਜਾ ਇਹ ਏ।

ਥੋੜ੍ਹੀ ਦੇਰ ਬਾਅਦ ਉੱਥੇ ਈ ਹੋਰ ਸੂਝਵਾਨਾਂ ਦੀ ਆਮਦ ਵੀ ਸ਼ੁਰੂ ਹੋ ਗਈ। ਮੁਸਤਫ਼ਾ ਟੀ ਸਟਾਲ ਦਾ ਮਾਲਕ ਏਨੇ ਬੰਦਿਆਂ ਦੀ ਆਵਾਜਾਈ ਵੇਖ ਵੇਖ ਕੇ ਖਿੜਦਾ ਲੱਗਾ ਗਿਆ। ਉਹਦੀ ਜਾਚੇ ਸੂਟਾ ਟੀ ਸਟਾਲ ਦਾ ਬੰਦ ਹੋਣਾ ਉਹਦੇ ਵਾਸਤੇ ਨਿਆਮਤ ਸਾਬਤ ਹੋ ਰਿਹਾ ਸੀ। ਓਧਰ ਮੁਸਤਫ਼ਾ ਟੀ ਸਟਾਲ ਦੇ ਰੂਪ ਵਿੱਚ ਸੂਝਵਾਨਾਂ ਨੂੰ ਵੀ "ਉਜੜਾ ਦਯਾਰ" ਮੁੜ ਵਸਦਾ ਨਜ਼ਰ ਆਵਣ ਲੱਗਿਆ।

ਉੱਜੜ ਕੇ ਏਥੇ ਆਵਣ ਵਾਲੇ ਦਾਨਸ਼ਵਰਾਂ ਵਿੱਚ ਫ਼ੈਸਲ ਵੀ ਸੀ। ਫੈਸਲ ਨੇ ਮਾਈ ਸਰਦਾਰਾਂ ਦੇ ਘਰ ਰਹਿਣਾ ਕਦੋਂ ਦਾ ਛੱਡ ਦਿੱਤਾ ਹੋਇਆ ਸੀ। ਕੋਈ ਛੇ ਮਹੀਨੇ ਤੋਂ ਉਹਨੂੰ ਫੈਸਲਾਬਾਦ ਦਾ ਈ ਇੱਕ ਯਾਰ ਜੁਨੈਦ ਮਹਿਤਾਬ ਏਥੇ ਮਿਲ ਪਿਆ ਸੀ। ਮਹਿਤਾਬ ਵੀ ਸ਼ਾਇਰ ਸੀ, ਪਰ ਉਹ ਕਸਟਮ ਵਿੱਚ ਮੁਲਾਜ਼ਮਤ ਕਰਦਾ ਸੀ। ਜਿਸ ਪਾਰੋਂ ਮਾਲੀ ਤੌਰ ਉੱਤੇ ਸੌਖਾ ਸੀ। ਮਹਿਤਾਬ ਨੇ ਕਿਰਾਏ ਉੱਤੇ ਤਿੰਨ ਕਮਰਿਆਂ ਦਾ ਇੱਕ ਘਰ ਲਿਆ ਹੋਇਆ ਸੀ ਤੇ ਕਲਮਕੱਲਾ ਰਹਿੰਦਾ ਸੀ। ਫ਼ੈਸਲ ਦਾ ਅੱਗੇ ਈ ਕੋਈ ਮਸਲਾ ਨਹੀਂ ਸੀ, ਜਿਸ ਦਿਨ ਉਹਦੀ ਸੂਟਾ ਟੀ ਸਟਾਲ ਵਿੱਚ ਜੁਨੈਦ ਮਹਿਤਾਬ ਨਾਲ ਮੁਲਾਕਾਤ ਹੋਈ, ਉਸ ਦਿਨ ਦੋਵੇਂ ਰਾਤ ਦੋ ਵਜੇ ਤੱਕ ਉੱਥੇ ਬੈਠੇ ਰਹੇ। ਦੋਹਾਂ ਨੂੰ ਇੱਕ ਦੂਜੇ ਵਿੱਚ ਬੜੀ ਹਮਮਿਜ਼ਾਜੀ ਨਜ਼ਰ ਆਈ। ਜਿਸ ਪਾਰੋਂ ਜਦੋਂ ਰਾਤ ਗਏ ਉਹ ਉੱਠੇ, ਤਾਂ ਫ਼ੈਸਲ ਪਰਤ ਕੇ ਮਾਈ ਵਾਲੇ ਘਰ ਨਾ ਗਿਆ। ਸਗੋਂ ਸਿੱਧਾ ਉੱਥੋਂ ਈ ਮਹਿਤਾਬ ਵੱਲ ਚਲਾ ਗਿਆ ਤੇ ਉਥੇ ਰਹਿਣ ਲੱਗ ਪਿਆ। ਤੀਜੇ ਚੌਥੇ ਦਿਨ ਉਹਨੇ ਆਪਣੇ ਮੈਲ਼ੇ ਕੱਪੜੇ ਲਾਹ ਕੇ ਮਹਿਤਾਬ ਦਾ ਸਲਵਾਰ ਕਮੀਜ਼ ਪਾ ਲਿਆ ਤੇ ਫੇਰ ਪਹਿਲੀ ਨੂੰ ਮਹਿਤਾਬ ਨੇ ਆਪ ਈ ਉਹਨੂੰ ਦੋ ਰੈਡੀਮੇਡ ਸਲਵਾਰ ਕਮੀਜ਼ਾਂ ਲੈ ਦਿੱਤੀਆਂ। ਰੋਟੀ, ਕੱਪੜਾ ਤੇ ਰਿਹਾਇਸ਼। ਤਖ਼ਲੀਕ (ਰਚਨਾ) ਕਰਨ ਵਾਲੇ ਬੰਦੇ ਨੂੰ ਹੋਰ ਕੀ ਚਾਹੀਦਾ ਏ? ਫ਼ੈਸਲ ਨੂੰ ਵੀ ਹੋਰ ਕੁਝ ਨਹੀਂ ਸੀ ਚਾਹੀਦਾ ਹੁੰਦਾ। ਸਿਰਫ਼ ਯਾਸਮੀਨ ਦੀ ਕਮੀ ਦੋ ਚਾਰ ਦਿਨ ਜਾਪੀ ਪਰ ਉਹ ਵੀ ਉਦੋਂ ਪੂਰੀ ਹੋ ਗਈ ਜਦੋਂ ਮੁਸਤਫ਼ਾ ਟੀ ਸਟਾਲ ਵਿੱਚ ਮਸਰਤ ਸ਼ਫ਼ੀਕ ਨੇ ਮੁਸਤਕਿਲ (ਪੱਕੇ ਤੌਰ) ਆਉਣਾ ਸ਼ੁਰ ਕਰ ਦਿੱਤਾ। ਮਸਰਤ ਸ਼ਫ਼ੀਕ, ਯਾਸਮੀਨ ਨਾਲੋਂ ਹਜ਼ਾਰ ਦਰਜੇ ਬਿਹਤਰ ਸੀ ਕਿਉਂ ਜੇ ਉਹ ਵੀ ਪੱਕੀ-ਪੀਢੀ ਦਾਨਸ਼ਵਰ ਸੀ, ਜ਼ਨਾਨੀਆਂ ਤੇ ਮਰਦਾਂ ਦੀ ਬਰਾਬਰੀ ਦੀ ਕਾਇਲ ਸੀ ਤੇ ਬਹਿਸ ਬੜੀ ਸੋਹਣੀ ਕਰ ਸਕਦੀ ਸੀ। ਮਸੱਰਤ ਸਿਗਰਟ ਵੀ ਪੀ ਲੈਂਦੀ ਸੀ ਤੇ ਉਹਨੂੰ ਏਸ ਗੱਲ ਦੀ ਉੱਕਾ ਕੋਈ ਪ੍ਰਵਾਹ ਨਹੀਂ ਸੀ ਕਿ ਕੋਈ ਮਰਦ

ਉਹਦੇ ਬਾਰੇ ਕੀ ਸੋਚਦਾ ਏ।

ਤਿੰਨ ਕਮਰਿਆਂ ਦੇ ਏਸ ਘਰ ਵਿੱਚ ਮਹਿਤਾਬ ਨੇ ਇੱਕ ਮੁਲਾਜ਼ਮ ਵੀ ਰੱਖਿਆ ਹੋਇਆ ਸੀ, ਜਿਹੜਾ ਸਫ਼ਾਈ ਕਰਨ ਦੇ ਨਾਲ ਨਾਲ ਖਾਣਾ ਵੀ ਪਕਾ ਲੈਂਦਾ ਸੀ। ਇੰਜ ਫ਼ੈਸਲ ਨੂੰ ਬਾਜ਼ਾਰ ਜਾਣ ਤੋਂ ਵੀ ਨਿਜ਼ਾਤ ਮਿਲ ਗਈ। ਉਹ ਘਰ ਬੈਠਾ ਖਾ ਪੀ ਲੈਂਦਾ ਤੇ ਜਦੋਂ ਦਿਲ ਕਰਦਾ, ਮਹਿਤਾਬ ਦੇ ਮੁਲਾਜ਼ਮ ਨੂੰ ਆਖ ਕੇ ਚਾਹ ਵੀ ਬਣਵਾ ਕੇ ਪੀ ਲੈਂਦਾ। ਮਹਿਤਾਬ ਸਿਗਰਟ ਨਹੀਂ ਸੀ ਪੀਂਦਾ, ਪਰ ਆਪਣੇ ਮਿੱਤਰਾਂ ਵਾਸਤੇ ਸਿਗਰਟ ਦੀ ਡੱਬੀ ਜ਼ਰੂਰ ਘਰ ਵਿੱਚ ਰੱਖਦਾ ਸੀ। ਉਹੋ ਡੱਬੀ ਫ਼ੈਸਲ ਦੇ ਕੰਮ ਆਵਣ ਲੱਗ ਪਈ। ਹੁਣ ਉਹਦਾ ਜੀਵਨ ਉਹਦੇ ਆਈਡੀਅਲ ਦੇ ਮੁਤਾਬਿਕ ਗੁਜ਼ਰ ਰਿਹਾ ਸੀ। ਸੋਚਣ ਤੇ ਤਖ਼ਲੀਕੀ ਕੰਮ ਕਰਨ ਲਈ ਉੱਕਾ ਵਿਹਲ...ਏਸੇ ਵਿਹਲ ਪਾਰੋਂ ਉਹਨੇ ਮਹਿਤਾਬ ਨੂੰ ਇੱਕ ਰਸਾਲਾ ਕੱਢਣ ਦਾ ਮਸ਼ਵਰਾ ਦਿੱਤਾ। ਇੱਕ ਮਿਆਰੀ ਅਦਬੀ ਰਸਾਲਾ ਜਿਹੜਾ ਅਦਬ ਦੇ ਮੈਦਾਨ ਵਿੱਚ ਤਰਥੱਲੀ ਪਾ ਦੇਵੇ, ਜੋ ਏਹਨਾਂ ਥਰਡ ਕਲਾਸ ਚੀਥੜਿਆਂ ਤੋਂ ਉੱਕਾ ਵੱਖਰਾ ਹੋਵੇ ਤੇ ਲੋਕਾਂ ਦਾ ਆਈਡੀਅਲ ਬਣ ਜਾਵੇ। ਅਜ਼ੀਮ ਹਾਸ਼ਮੀ ਗਰੁੱਪ ਦੇ ਰਸਾਲੇ ਨਾਲੋਂ ਵੀ ਵੱਧ ਕੇ ਮਿਆਰੀ।

ਜੁਨੈਦ ਮਹਿਤਾਬ ਨੂੰ ਇਹ ਸਲਾਹ ਬੜੀ ਚੰਗੀ ਲੱਗੀ। ਮਸ਼ਵਰਾ ਸੁਣਦਿਆਂ ਸਾਰ ਉਹਦੇ ਮੂਹੋਂ ਨਿਕਲਿਆ, "ਓ ਵੱਟ ਏ ਬ੍ਰਾਈਟ ਆਈਡੀਆ" ਉਹ ਖੁਸ਼ੀ ਨਾਲ ਕੁੱਦ ਪਿਆ। ਫੇਰ ਉਹਨੇ ਉਸੇ ਵੇਲੇ ਚਾਹ ਮੰਗਵਾਈ, ਸਿਗਰਟ ਦਾ ਇੱਕ ਪੈਕਟ ਮੰਗਵਾ ਕੇ ਫ਼ੈਸਲ ਨੂੰ ਦਿੱਤਾ ਤੇ ਏਸ ਬਾਰੇ ਹੋਰ ਸੋਚਣ ਤੇ ਵਧੀਆ ਤੋਂ ਵਧੀਆ ਰਸਾਲਾ ਕੱਢਣ ਬਾਰੇ ਭਰਵਾਂ ਮਨਸੂਬਾ ਬਣਾਉਣ ਲਈ ਆਖਿਆ। ਫ਼ੈਸਲ ਨੇ ਰਸਾਲੇ ਬਾਰੇ ਖ਼ਾਕਾ ਬਣਾਉਣ ਵਿੱਚ ਆਪਣੇ ਜ਼ਿਹਨ ਦੀ ਆਖਰੀ ਗੁੱਠ ਨੂੰ ਵੀ ਫਰੋਲ ਮਾਰਿਆ ਸੀ। ਉਹ ਰਾਤ ਦੇ ਤਿੰਨ ਤਿੰਨ ਵਜੇ ਤੱਕ ਟੀ ਸਟਾਲ ਵਿੱਚ ਬੈਠਾ ਦਾਨਸ਼ਵਰਾਂ ਨਾਲ ਮਸ਼ਵਰੇ ਕਰਦਾ ਤੇ ਫੇਰ ਘਰ ਆ ਕੇ ਵੀ ਏਹਦੇ ਬਾਰੇ ਸੋਚਦਾ ਰਹਿੰਦਾ। ਕਈ ਵਾਰੀ ਇੰਜ ਸੋਚਦਿਆਂ-ਸੋਚਦਿਆਂ ਉਹਨੂੰ ਫ਼ਜ਼ਰ ਦੀਆਂ ਅਜ਼ਾਨਾਂ ਹੋ ਜਾਂਦੀਆਂ। ਇੱਕ ਵਾਰ ਤਾਂ ਰਾਹ ਜਾਂਦਿਆਂ ਉਹ ਰਸਾਲੇ ਬਾਰੇ ਸੋਚਦਿਆਂ ਕਾਰ ਥੱਲੇ ਆਵਣ ਤੋਂ ਵੀ ਮਸਾਂ ਬਚਿਆ।

ਇੱਕ ਦਿਨ ਫ਼ੈਸਲ ਦਿਨੇ ਪੌਣੇ ਬਾਰਾਂ ਵਜੇ ਸੁੱਤਾ ਉਠਿਆ। ਅੱਜ ਉਹਨੇ ਅਮਰਾਨ ਯੂਸਫ਼ ਨੂੰ ਮੁਸਤਫ਼ਾ ਟੀ ਸਟਾਲ ਵਿੱਚ ਟਾਈਮ ਦਿੱਤਾ ਹੋਇਆ ਸੀ। ਉਹਨੂੰ ਅਹਿਸਾਸ ਹੋਇਆ ਕਿ ਉਹ ਲੇਟ ਹੋ ਗਿਆ ਏ। ਫੇਰ ਉਹਨੂੰ ਤਸੱਲੀ ਹੋਈ ਕਿ ਉੱਥੇ ਕਈ ਹੋਰ ਸਿਆਣੇ ਬੈਠੇ ਹੋਣਗੇ ਜੀਹਨਾਂ ਨਾਲ ਅਮਰਾਨ ਯੂਸਫ਼ ਦੀ ਜਾਣ-ਪਛਾਣ ਏ। ਜੇ ਉਹ ਆਪ ਲੇਟ ਹੋ ਵੀ ਗਿਆ ਏ ਤਾਂ ਅਮਰਾਨ ਯੂਸਫ਼ ਦਾ ਦਿਲ ਲੱਗਾ ਰਵੇਗਾ। ਕਾਹਲੀ ਕਾਹਲੀ ਉਹਨੇ ਡਬਲ ਰੋਟੀ ਦੇ ਦੋ ਪੀਸ ਚਾਹ ਦੀ ਪਿਆਲੀ ਨਾਲ ਲੰਘਾਏ। ਸ਼ੀਸ਼ੇ ਵਿੱਚ ਮੂੰਹ ਵੇਖ ਕੇ ਸ਼ੇਵ ਕਰਵਾਣ ਦੀ ਸਲਾਹ ਬਣਾਈ ਤੇ ਘਰੋਂ ਬਾਹਰ ਨਿੱਕਲਿਆ। ਉਹ ਆਪਣੇ ਧਿਆਨ ਵਿੱਚ ਡੁੱਬਾ ਹੋਇਆ ਜਾ ਰਿਹਾ ਸੀ ਕਿ ਅਚਨਚੇਤ, "ਪੁੱਤਰ ਤੂੰ ????? " ਦੀ ਅਵਾਜ਼ ਸੁਣ ਕੇ ਠਠੰਬਰ ਗਿਆ।

ਸਾਹਮਣੇ ਮਾਈ ਸਰਦਾਰਾਂ ਖਲੋਤੀ ਸੀ। ਉਹਦੀ ਪੁਰਾਣੀ ਮਕਾਨ ਮਾਲਕਣ।

ਸਿਗਰਟ ਦਾ ਟੋਟਾ ਫ਼ੈਸਲ ਦੇ ਹੱਥੋਂ ਡਿੱਗਦਾ ਡਿੱਗਦਾ ਬਚਿਆ। "ਅੰਮਾਂ ਜੀ ਤੁਸੀਂ ਏਥੇ ਕਿੱਥੇ? "

"ਏਸ ਇਲਾਕੇ ਵਿੱਚ ਮੇਰੀ ਨਨਾਣ ਰਹਿੰਦੀ ਹੁੰਦੀ ਸੀ, ਉਹ ਕੱਲ੍ਹ ਮਰ ਗਈ ਏ, ਮੈਂ ਅਫ਼ਸੋਸ ਕਰਨ ਆਈ ਸਾਂ" ਮਾਈ ਨੇ ਜਵਾਬ ਦਿੱਤਾ। "ਤੂੰ ਸੁਣਾ ਪੁੱਤਰ, ਤੂੰ ਏਨਾ ਚਿਰ ਕਿੱਥੇ ਰਿਹਾ ਏਂ? "

"ਅੰਮਾਂ ਜੀ ਮੈਂ ਬੜਾ ਰੁੱਝਾ ਰਿਹਾਂ। ਕੁਝ ਜ਼ਾਤੀ ਹਵਾਲੇ ਨਾਲ ਮਸਰੂਫ਼ ਰਿਹਾਂ। ਜਿਸ ਪਾਰੋਂ



ਤੁਹਾਡੇ ਨਾਲ ਮੇਰੀ ਜੁੜਤ ਨਹੀਂ ਰਹਿ ਸਕੀ।" ਫ਼ੈਸਲ ਨੇ ਜਵਾਬ ਦਿੱਤਾ।

"ਮੈਂ ਤੈਨੂੰ ਕੁਝ ਨਹੀਂ ਕਹਿੰਦੀ ਪੁੱਤਰ, ਤੇਰੇ ਵੀ ਕੁਝ ਮਸਲੇ ਹੋਣਗੇ। ਏਸ ਲਈ ਹੁਣ ਮੈਂ ਤੈਨੂੰ ਕੁਝ ਨਹੀਂ ਕਹਿਣਾ। ਤੂੰ ਆਪ ਸਿਆਣਾ ਏਂ, ਤੇਰੇ ਜੋ ਵੀ ਮਸਲੇ ਨੇ, ਠੀਕ ਏ ਪਰ ਤੈਨੂੰ ਪਤਾ ਨਹੀਂ ਘਰ ਵਿੱਚ ਮੇਰੇ ਉੱਤੇ ਕੀ ਬੀਤ ਰਹੀ ਏ। ਪਿਛਲੀਆਂ ਲੜਾਈਆਂ ਨੂੰ ਵੀ ਤੂੰ ਜਾਣਦਾ ਏਂ ਜੋ ਮੇਰੇ ਘਰ ਹੋਈਆਂ ਸਨ। ਧੀ ਦੂਜੇ ਘਰ ਚਲੀ ਗਈ ਏ, ਪੁੱਤਰ ਵੀ ਮੇਰੇ ਨਾਲ ਨਹੀਂ ਬੋਲਦਾ। ਭਾਂਡੇ ਧੋਣ ਦਾ ਕੰਮ ਮੈਨੂੰ ਦੁਬਾਰਾ ਸ਼ੁਰੂ ਕਰਨਾ ਪਿਆ ਏ...." ਬੇਰਬਤ ਫ਼ਿਕਰੇ ਬੋਲਦਿਆਂ ਮਾਈ ਦੀ ਅਵਾਜ਼ ਵਿੱਚ ਨਾ ਗੁੱਸਾ ਸੀ ਤੇ ਨਾ ਅਫ਼ਸੋਸ। ਬੱਸ ਇੱਕ ਹਾਰੇ ਹੋਏ ਜਵਾਰੀ ਵਰਗਾ ਕੁਝ ਸੀ।

ਮਾਈ ਸ਼ੌਰੇ ਕੀ ਕੀ ਆਖਦੀ ਜਾ ਰਹੀ ਸੀ ਪਰ ਫ਼ੈਸਲ ਨੂੰ ਕੋਈ ਸਮਝ ਨਹੀਂ ਸੀ ਆ ਰਹੀ। ਜ਼ਮੀਨ ਨਹੀਂ ਸੀ ਪਾਟਦੀ ਕਿ ਉਹ ਉਹਦੇ ਵਿੱਚ ਸਮਾ ਜਾਂਦਾ। ਉਹਨੂੰ ਮਾਈ ਨਾਲ ਕੀਤੀ ਆਪਣੀ ਜ਼ਿਆਦਤੀ ਬਾਰੇ ਚੇਤਾ ਆ ਰਿਹਾ ਸੀ। ਉਹਨੂੰ ਖ਼ਿਆਲ ਆਇਆ ਕਿ ਉਹਨੇ ਪੂਰੇ ਅੱਠ ਮਹੀਨੇ ਤੋਂ ਮਾਈ ਵੱਲ ਫੇਰਾ ਨਹੀਂ ਪਾਇਆ। ਨਾ ਕਿਰਾਇਆ ਦਿੱਤਾ ਏ, ਨਾ ਈ ਕਮਰਾ ਖ਼ਾਲੀ ਕੀਤਾ ਏ। ਜੇ ਉਹਨੇ ਕਮਰਾ ਖ਼ਾਲੀ ਕੀਤਾ ਹੁੰਦਾ, ਤਾਂ ਮਾਈ ਕਿਸੇ ਹੋਰ ਨੂੰ ਕਿਰਾਏ ਉੱਤੇ ਦੇਣ ਜੋਗੀ ਹੁੰਦੀ। ਜਦੋਂ ਉਹ ਜੁਨੈਦ ਮਹਿਤਾਬ ਕੋਲ ਟੁਰ ਗਿਆ ਸੀ ਤਾਂ ਉਹਦੇ ਵੱਲ ਮਾਈ ਦਾ ਦੋ ਮਹੀਨੇ ਦਾ ਕਿਰਾਇਆ ਬਾਕੀ ਸੀ, ਉਹਨੂੰ ਚਾਹੀਦਾ ਸੀ ਕਿ ਉਹ ਮਾਈ ਦਾ ਕਿਰਾਇਆ ਤਾਰ ਕੇ ਕਮਰਾ ਖਾਲੀ ਕਰ ਦੇਂਦਾ, ਤਾਂ ਜੇ ਉਹ ਕਮਰਾ ਕਿਸੇ ਹੋਰ ਨੂੰ ਕਿਰਾਏ 'ਤੇ ਦੇਣ ਜੋਗੀ ਹੁੰਦੀ। ਉਹਦੀਆਂ ਕਿਤਾਬਾਂ ਕਮਰੇ ਵਿੱਚ ਪਈਆਂ ਸਨ ਤੇ ਕਮਰੇ ਨੂੰ ਤਾਲਾ ਲੱਗਿਆ ਹੋਇਆ ਸੀ, ਜਿਸ ਪਾਰੋਂ ਮਾਈ ਕਿਸੇ ਹੋਰ ਨੂੰ ਕਮਰਾ ਦੇਣ ਜੋਗੀ ਵੀ ਨਹੀਂ ਸੀ ਰਹੀ। ਫੇਰ ਉਹਨੂੰ ਚੇਤੇ ਆਇਆ ਕਿ ਕਮਰੇ ਵਿੱਚ ਹੋਰ ਵੀ ਬਹੁਤ ਕੁਝ ਪਿਆ ਏ। ਉਹਦੇ ਕੱਪੜੇ ਤੇ ਕਿਤਾਬਾਂ ਦੇ ਨਾਲ ਈ ਜ਼ਮੀਲ ਇਕਬਾਲ ਦਾ ਦਿੱਤਾ ਹੋਇਆ ਉਹ ਨਾਵਲ ਪਿਆ ਏ ਜਿਹੜਾ ਉਹਨੇ ਤਰਜ਼ਮਾ ਕਰਕੇ ਉਹਦੇ ਰਸਾਲੇ ਵਿੱਚ ਛਪਵਾਣ ਦਾ ਵਾਅਦਾ ਕੀਤਾ ਸੀ। ਜ਼ਮੀਲ ਇਕਬਾਲ ਦਾ ਇਹ ਨਾਵਲ ਉਹਨੇ ਦੋ ਸਾਲ ਪਹਿਲਾਂ ਏਸ ਸ਼ਰਤ ਉੱਤੇ ਲਿਆ ਸੀ ਕਿ ਇੱਕ ਮਹੀਨੇ ਦੇ ਅੰਦਰ-ਅੰਦਰ ਤਰਜ਼ਮਾ ਕਰਕੇ ਦੇਵੇਗਾ। ਫੇਰ ਰੁੱਝਾਂ ਪਾਰੋਂ (ਜਿਹਨਾਂ ਵਿਚੋਂ ਵਧੇਰੀਆਂ ਰੁੱਝਾਂ ਜ਼ਿਹਨੀ ਸਨ ਤੇ ਉਹਨੂੰ ਪਤਾ ਸੀ ਕਿ ਜ਼ਿਹਨੀ ਰੁੱਝਾਂ ਜਿਸਮਾਨੀ ਰੁੱਝਾਂ ਨਾਲੋਂ ਵੱਧ ਕੇ ਔਖੀਆਂ ਹੁੰਦੀਆਂ ਨੇ ਤੇ ਬੰਦੇ ਨੂੰ ਥਕਾ ਮਾਰਦੀਆਂ ਨੇ) ਉਹ ਏਸ ਨਾਵਲ ਦਾ ਤਰਜ਼ਮਾ ਨਹੀਂ ਸੀ ਕਰ ਸਕਿਆ, ਬਸ ਦੋ-ਚਾਰ ਸਫ਼ੇ ਕਰਕੇ ਰਹਿ ਗਿਆ ਸੀ। ਕੋਈ ਪੰਜ ਸੱਤ ਵਾਰੀ ਜ਼ਮੀਲ ਇਕਬਾਲ ਨੇ ਚੇਤਾ ਕਰਾਇਆ ਸੀ ਤੇ ਫੇਰ ਚੁੱਪ ਕਰ ਰਿਹਾ ਸੀ। ਬਾਅਦੋਂ ਜ਼ਮੀਲ ਉਹਨੂੰ ਰਾਹ ਜਾਂਦਿਆਂ ਇੱਕ-ਦੋ ਵਾਰ ਮਿਲਿਆ ਸੀ, ਪਰ ਸਿੱਧੇ ਮੂੰਹ ਨਹੀਂ ਸੀ ਬੋਲਦਾ। ਹੁਣ ਫ਼ੈਸਲ ਨੂੰ ਸਮਝ ਆ ਰਹੀ ਸੀ ਕਿ ਉਹ ਸਿੱਧੇ ਮੂੰਹ ਕਿਉਂ ਨਹੀਂ ਬੋਲਦਾ।

"ਅੱਛਾ ਪੁੱਤਰ, ਜਿਵੇਂ ਤੂੰ ਚਾਹਵੇਂ...." ਮਾਈ ਦੀ ਅਵਾਜ਼ ਨੇ ਉਹਨੂੰ ਫੇਰ ਸੰਗਸਾਰ ਕਰ ਦਿੱਤਾ।

"ਅੰਮਾ ਜੀ ਤੁਸੀਂ ਫ਼ਿਕਰ ਨਾ ਕਰੋ। ਮੈਂ ਬੜਾ ਸ਼ਰਮਿੰਦਾ ਆਂ। ਮੈਂ ਇੱਕ ਦੋ ਦਿਨਾਂ ਨੂੰ ਤੁਹਾਡੇ ਵੱਲ ਆਵਾਂਗਾ। ਮਾਮਲੇ ਦੀ ਕੁਝ ਨਾ ਕੁਝ ਸ਼ਕਲ ਬਣ ਜਾਏਗੀ" ਫ਼ੈਸਲ ਬੱਸ ਏਨਾ ਈ ਆਖ ਸਕਿਆ ਤੇ ਟੁਰ ਆਇਆ। ਮੁਸਤਫ਼ਾ ਟੀ ਸਟਾਲ ਵੱਲ ਆਉਂਦਿਆਂ ਹੋਇਆਂ ਉਹ ਬੜਾ ਸ਼ਰਮਿੰਦਾ ਸੀ। ਉਹਨੂੰ ਅਹਿਸਾਸ ਹੋ ਰਿਹਾ ਸੀ ਕਿ ਉਹਨੇ ਬੀਤੇ ਸੱਤ ਮਹੀਨੇ ਮਾਈ ਨਾਲ ਬੜੀ ਜ਼ਿਆਦਤੀ ਕੀਤੀ ਏ। ਕਿਸੇ ਦਾ ਹੱਕ ਮਾਰਨਾ ਤਾਂ ਇਨਸਾਨਾਂ ਵਾਲਾ ਕੰਮ ਨਹੀਂ। ਫੇਰ ਉਹ ਤੇ ਸੂਝਵਾਨ ਏ, ਹਸਾਸ ਤੇ ਸੋਚਣ ਵਾਲਾ। ਉਹਦੇ ਕੋਲੋਂ ਕਿਸੇ ਦਾ ਹੱਕ ਖਾਣ ਦੀ ਗਲ਼ਤੀ ਨਹੀਂ ਹੋ ਸਕਦੀ। ਮਾਈ ਵਿਚਾਰੀ ਉਹਦੇ ਦਿੱਤੇ ਹੋਏ ਕਿਰਾਏ ਉੱਤੇ ਈ ਤਾਂ ਗੁਜ਼ਾਰਾ ਕਰਦੀ ਸੀ। ਵਿਚਾਰੀ ਨੇ ਏਹਨਾਂ ਅੱਠ ਮਹੀਨਿਆਂ ਵਿੱਚ ਕੀ ਕੀਤਾ ਹੋਵੇਗਾ।

ਉਹਨੇ ਸੋਚਿਆ ਕਿ ਮੁਸਤਫ਼ਾ ਟੀ ਸਟਾਲ ਅੱਪੜਦਿਆਂ ਈ ਕਿਸੇ ਯਾਰ ਕੋਲੋਂ ਹਜ਼ਾਰ ਪੰਜ ਸੌ ਰੁਪਏ ਉਧਾਰ ਫੜ ਕੇ ਮਾਈ ਨੂੰ ਅਪੜਾ ਦੇਵੇਗਾ ਤੇ ਬਾਕੀ ਪੈਸੇ ਦਾ ਇੰਤਜ਼ਾਮ ਇੱਕ ਹਫ਼ਤੇ ਦੇ ਅੰਦਰ-ਅੰਦਰ ਕਰਕੇ ਮਾਈ ਦਾ ਹਿਸਾਬ ਬੇਬਾਕ ਕਰ ਦੇਵੇਗਾ।

ਪਰ ਏਸ ਗੱਲ ਦੀ ਨੌਬਤ ਈ ਨਾ ਆਈ। "ਮੁਸਤਫ਼ਾ ਟੀ ਸਟਾਲ" ਅੱਪਣਵਾਦ ਤੋਂ ਪਹਿਲਾਂ ਈ ਉਹਨੇ ਅਖ਼ਬਾਰ ਦਾ ਜ਼ਮੀਮਾ ਵਿੱਕਦਾ ਵੇਖਿਆ ਜਿਹਦੀ ਸ਼ਹ ਸੁਰਖੀ ਵਿੱਚ ਮੁਲਕ ਅੰਦਰ ਸਿਆਸੀ ਤਬਦੀਲੀ ਬਾਰੇ ਵਾਜ਼ਿਹ ਇਸ਼ਾਰੇ ਮੌਜੂਦ ਸਨ। ਉਹ ਟੀ ਸਟਾਲ ਅਪੜਿਆ ਤਾਂ ਉੱਥੇ ਵੀ ਏਸ ਮੌਜ਼ੂਅ ਉੱਤੇ ਗਰਮਾ-ਗਰਮਾ ਬਹਿਸ ਜਾਰੀ ਸੀ। ਫ਼ੈਸਲ ਨੂੰ ਹੋਰ ਕੁਝ ਸੋਚਣ ਦਾ ਮੌਕਾ ਈ ਨਾ ਮਿਲਿਆ। ਤੇ ਉਹ ਬੜੇ ਇਤਮਾਦ ਨਾਲ ਏਹਦੇ ਬਾਰੇ ਗੱਲਬਾਤ ਵਿੱਚ ਹਿੱਸਾ ਲੈ ਕੇ ਆਪਣੀਆਂ ਦਲੀਲਾਂ ਦੇਣ ਲੱਗ ਪਿਆ। ਉਹਦੀਆਂ ਦਲੀਲਾਂ ਨੇ ਸਾਰਿਆਂ ਨੂੰ ਚੁੱਪ ਕਰਾ ਦਿੱਤਾ। ਇਮਰਾਨ ਯੂਸਫ਼ ਵੀ ਉੱਥੇ ਆਇਆ ਹੋਇਆ ਸੀ, ਪਰ ਮੁਲਕੀ ਹਾਲਾਤ ਦੇ ਗੁੰਝਲਾਅ ਪਾਰੋਂ ਉਹਦੇ ਨਾਲ ਅਸਲ ਵਿਸ਼ੇ ਉੱਤੇ ਗੱਲਬਾਤ ਈ ਨਾ ਹੋ ਸਕੀ। ਉਸ ਦਿਨ ਮੁਲਕੀ ਹਾਲਾਤ ਬਾਰੇ ਬੜੀਆਂ ਖੁੱਲ੍ਹੀਆਂ ਗੱਲਾਂ ਹੋਈਆਂ। ਸਾਰੇ ਦਾਨਸ਼ਵਰ ਪ੍ਰੇਸ਼ਾਨ ਸਨ ਕਿ ਏਸ ਮੁਲਕ ਦਾ ਕੀ ਬਣੇਗਾ। ਫ਼ੇਰ ਸ਼ਾਹਿਦ ਜਗਰ ਨੇ ਏਹ ਆਖ ਕੇ ਗੱਲ ਈ ਮੁਕਾ ਦਿੱਤੀ ਕਿ ਇੱਕ ਸੱਚੇ ਦਾਨਸ਼ਵਰ ਦਾ ਕੰਮ ਏਹਨਾਂ ਮਸਨੂਈ ਸਰਹੱਦਾਂ ਬਾਰੇ ਗੱਲਬਾਤ ਕਰਨ ਦੀ ਬਜਾਏ ਖਾਲਸ ਤਖ਼ਲੀਕ ਕਰਨਾ ਹੁੰਦਾ ਏ, ਏਸ ਲਈ ਬਿਹਤਰ ਹੋਵੇਗਾ ਕਿ ਏਸ ਅਦਬ ਬਾਰੇ ਗੱਲ ਕਰੀਏ। ਇਹ ਗੱਲ ਸਾਰਿਆਂ ਨੂੰ ਚੰਗੀ ਲੱਗੀ। ਗੱਲਬਾਤ ਕਾਫ਼ਕਾ ਤੋਂ ਹੁੰਦੀ ਹੋਈ ਹਰਮਨ ਹੈੱਸ ਦੇ ਨਾਵਲ ਵੱਲ ਚਲੀ ਗਈ ਤੇ ਫੇਰ ਅਬਦੁੱਲਾ ਹੁਸੈਨ ਦੇ ਨਵੇਂ ਨਾਵਲ ਉੱਤੇ ਕੁਰਤਲਐਨ ਹੈਦਰ ਦੇ ਅਸਰਾਤ ਬਾਰੇ ਅੰਦਾਜ਼ਾ ਲਾਇਆ ਜਾਣ ਲੱਗਾ। ਰਾਤੀਂ ਢਾਈ ਵਜੇ ਨਾਲ ਜ਼ੁਨੈਦ ਮਹਿਤਾਬ ਤੇ ਫ਼ੈਸਲ ਉਥੋਂ ਉੱਠੇ। ਸਵਾਰੀ ਮਿਲਣ ਦਾ ਮੌਕਾ ਨਹੀਂ ਸੀ, ਏਸ ਲਈ ਪੈਦਲ ਈ ਘਰ ਨੂੰ ਟੁਰ ਪਏ। ਉਂਜ ਵੀ ਉਹਨਾਂ ਦਾ ਘਰ ਨੇੜੇ ਈ ਸੀ।

ਰੇਵਾਜ਼ ਗਾਰਡਨ ਦੇ ਪਿਛਲੇ ਕੋਨੇ ਵਿੱਚ ਜਿੱਥੇ ਅਵਾਮੀ ਫਲੈਟ ਨੇ, ਉਹਨਾਂ ਤੋਂ ਪਰਾਂਹ ਮਹੱਲੇਦਾਰੀ ਦਾ ਇਲਾਕਾ ਸ਼ੁਰੂ ਹੋ ਜਾਂਦਾ ਏ। ਲਾਹੌਰ ਸ਼ਹਿਰ ਦੇ ਹਰ ਇਲਾਕੇ ਵਾਂਗ ਏਸ ਇਲਾਕੇ ਵਿੱਚ ਬਹੁਤ ਸਾਰੀਆਂ ਗਲੀਆਂ ਨੇ, ਜਿਹਨਾਂ ਵਿੱਚ ਖ਼ੁਦਾ ਦੀ ਮਖ਼ਲੂਕ ਰਹਿੰਦੀ ਏ। ਏਸੇ ਮਹੱਲੇ ਦੀ ਇੱਕ ਗਲੀ ਵਿੱਚ, ਜਿਹੜੀ ਨਾ ਬਹੁਤੀ ਤੰਗ ਏ ਨਾ ਬਹੁਤੀ ਵਿਸ਼ਾਲ, ਮਾਈ ਸਰਦਾਰਾਂ ਲੋਕਾਂ ਦੇ ਭਾਂਡੇ ਮਾਂਜ ਕੇ ਜ਼ਿੰਦਗੀ ਦੇ ਦਿਨ ਟਪਾ ਰਹੀ ਏ। ਏਹਨਾਂ ਕੁਝ ਮਹੀਨਿਆਂ ਵਿੱਚ ਉਹਦੇ ਚਿਹਰੇ ਦੀਆਂ ਝੁਰੜੀਆਂ ਵਿੱਚ ਕਾਫ਼ੀ ਵਾਧਾ ਹੋ ਗਿਆ ਲੱਗਦਾ ਏ। ਉਹਦਾ ਨਸ਼ੱਈ ਪੁੱਤਰ ਹੁਣ ਘਰੋਂ ਬਾਹਰ ਰਹਿੰਦਾ ਏ, ਛੇ ਮਹੀਨੇ ਤੋਂ ਉਹ ਕਦੀ ਵੀ ਘਰ ਨਹੀਂ ਆਇਆ। ਮਾਈ ਨਾਲ ਉਹਦੀ ਮੁਲਾਕਾਤ ਰਾਹ ਜਾਂਦਿਆਂ ਈ ਕਦੇ-ਕਦਾਈਂ ਹੁੰਦੀ ਏ। ਦੋਵੇਂ ਮਾਂ ਪੁੱਤਰ ਇੱਕ ਦੂਜੇ ਤੋਂ ਨਰਾਜ਼ ਨੇ ਤੇ ਇੱਕ ਦੂਜੇ ਨੂੰ ਵੇਖ ਕੇ ਮੂੰਹ ਫੇਰ ਲੈਂਦੇ ਨੇ। ਮਾਈ ਦੀ ਧੀ ਆਪਣੇ ਘਰ ਵਸਦੀ ਏ, ਸੁਖੀ ਜਾਂ ਦੁਖੀ ਦਾ ਪਤਾ ਨਹੀਂ, ਪਰ ਹੁਣ ਉਹ ਮਾਈ ਦੇ ਘਰ ਆ ਕੇ ਨਹੀਂ ਰਹਿੰਦੀ। ਇੱਕ ਸਾਲ ਤੋਂ ਇੱਕ ਮਹੀਨਾ ਉੱਤੇ ਹੋ ਗਿਆ ਏ ਕਿ ਮਾਈ ਦੇ ਘਰ ਦੇ ਉੱਪਰਲੇ ਕਮਰੇ ਨੂੰ ਤਾਲਾ ਲੱਗਾ ਹੋਇਆ ਏ, ਏਸ ਕਮਰੇ ਵਿੱਚ ਮੰਜੀ ਉਤਲੇ ਬਿਸਤਰੇ ਉੱਤੇ ਰਜਾਈ ਖਿੱਲਰੀ ਪਈ ਏ, ਇੱਕ ਪਾਸੇ ਮੇਜ਼ ਤੇ ਮੇਜ਼ ਨਾਲ ਜ਼ਮੀਨ ਉੱਤੇ ਕਿਤਾਬਾਂ ਦਾ ਢੇਰ ਏ। ਮੰਜੀ ਤੋਂ ਪਰਾਂਹ ਬੂਟਾਂ ਦੇ ਜੋੜੇ ਉੱਤੇ ਗੰਦੀਆਂ ਜੁਰਾਬਾਂ ਬੇਢੰਗੀਆਂ ਪਈਆਂ ਹੋਈਆਂ ਨੇ। ਕੰਧ ਨਾਲ ਕਿੱਲੀ ਉੱਤੇ ਦੋ-ਤਿੰਨ ਜੋੜੇ ਲਮਕਦੇ ਪਏ ਨੇ। ਏਹਨਾਂ ਵਿਚੋਂ ਹਰ ਸ਼ੈਅ ਉੱਤੇ ਏਨੀ ਧੂੜ ਜੰਮ ਗਈ ਹੋਈ ਏ ਕਿ ਉਹ ਪਛਾਣੀਆਂ ਈ ਨਹੀਂ ਜਾਂਦੀਆਂ।

**ਪਤਾ-ਮਕਾਨ ਨੰ. 7 ਏ, ਗਲੀ ਨੰ. 6, ਕੂਚਾ ਮੁਹੰਮਦੀ, ਸੁਲਤਾਨਪੁਰਾ, ਲਹੌਰ।**



# ਪਿਉ ਪੁੱਤਰ/ਅਜ਼ਹਰ ਜਾਵੇਦ

ਮੇਰੀ ਧੀ ਦਾ ਖ਼ਤ ਆਇਆ ਏ.....

ਉਹਨੇ ਲਿਖਿਆ ਏ, ਭਰਾ ਦਾ ਵਿਆਹ ਹੋ ਰਿਹਾ ਏ, ਤੁਸੀਂ ਜ਼ਰੂਰ ਸ਼ਿਰਕਤ ਕਰਨਾ। ਤੁਹਾਡਾ ਇੱਕੋ ਇੱਕ ਪੁੱਤਰ ਏ।

ਮੈਂ ਖ਼ਤ ਨੂੰ ਕਈ ਵਾਰ ਪੜ੍ਹਿਆ ਏ....ਕਿੱਡੀ ਵੱਡੀ ਗੱਲ ਧੀ ਰਾਣੀ ਨੇ ਸੋਲ੍ਹ-ਸੁਭਾ ਕਰ ਦਿੱਤੀ ਏ। ਉਹਦਾ ਖ਼ਤ ਮਿਲਿਆ ਏ ਤੇ ਮੈਂ ਟੋਟੇ-ਟੋਟੇ, ਕਿਰਚੀ-ਕਿਰਚੀ ਹੋ ਗਿਆ ਵਾਂ। ਸਾਰੀ ਗੱਲ ਦਾ ਉਹਨੂੰ ਪਤਾ ਏ ਤੇ ਦੁੱਖ ਦੇ ਜਿਸ ਭਾਂਬੜ ਵਿੱਚ ਮੈਂ ਸਾਲਾਂ ਤੋਂ ਸੜ ਰਿਹਾ ਵਾਂ ਉਹਦਾ ਸੇਕ ਉਹਨੂੰ ਵੀ ਅੱਪੜਦਾ ਰਿਹਾ ਏ, ਤੇ ਹੁਣ ਵੀ ਉਹ ਏਸ ਤਪਸ਼ ਤੋਂ ਦੂਰ ਨਹੀਂ। ਰੱਬ ਦਾ ਕਰਮ ਏ ਉਹ ਆਪਣੇ ਘਰ ਸੁਖੀਏ, ਪਰ ਮੇਰੇ ਵਲੋਂ ਮੂੰਹ ਤਾਂ ਨਹੀਂ ਮੋੜ ਸਕਦੀ।

ਖ਼ੌਰੇ ਹਯਾਤੀ ਦੀ ਚਾਲ ਕੀ ਹੁੰਦੀ ਏ, ਤੇ ਕੁਦਰਤ ਕਿਹੜੇ-ਕਿਹੜੇ ਤਮਾਸ਼ੇ ਕਰਦੀ ਏ। ਮੈਨੂੰ ਪੁੱਤਰ ਤੋਂ ਵਿੱਛੜਿਆਂ ਕਿੰਨੇ ਈ ਸਾਲ ਹੋ ਗਏ ਨੇ। ਕੋਸ਼ਿਸ਼ ਕਰਾਂ ਵੀ ਤੇ ਇਕੋ ਸਾਹ ਗਿਣੇ ਵੀ ਨਹੀਂ ਜਾਣਗੇ। ਇਹ ਉੱਕਾ-ਸੁੱਕਾ ਇੰਜ ਹੋਇਆ ਏ ਜਿਵੇਂ ਕਦੀ ਮੇਰਾ ਪਿਓ ਮੇਰੇ ਕੋਲੋਂ ਵਿੱਛੜ ਗਿਆ ਸੀ.....ਵਿੱਛੜਿਆ ਤੇ ਮੈਂ ਵੀ ਸਾਂ, ਪਰ ਮੈਂ ਕੱਲਾ ਨਹੀਂ ਸਾਂ। ਮੇਰੀ ਮਾਂ ਤੇ ਮੇਰਾ ਵੱਡਾ ਭਰਾ ਮੇਰੇ ਨਾਲ ਸਨ....ਉਸੇ ਤਰ੍ਹਾਂ ਮੇਰੇ ਪੁੱਤਰ ਦੀ ਮਾਂ ਵੀ ਉਹਦੇ ਨਾਲ ਏ, ਤੇ ਮੈਂ ਆਪਣੇ ਪਿਓ ਵਾਂਗੂੰ ਕੱਲਮ-ਕੱਲਾ ਰਹਿ ਗਿਆ ਵਾਂ।

ਇਹ ਪਿਓ ਪੁੱਤਰ ਦਾ ਰਿਸ਼ਤਾ ਵੀ ਅਜੀਬ ਹੁੰਦਾ ਏ। ਮੇਰੀ ਮਾਂ ਮੈਨੂੰ ਜਦੋਂ ਮੇਰੇ ਪਿਉ ਦੇ ਘਰੋਂ ਲੈ ਕੇ ਆਈ ਸੀ, ਮੈਂ ਉਦੋਂ ਤਿੰਨਾਂ ਵਰ੍ਹਿਆਂ ਦਾ ਸਾਂ ਤੇ ਮੈਂ ਜਦੋਂ ਘਰ ਛੱਡ ਕੇ ਨਿੱਕਲਿਆ ਤੇ ਉਦੋਂ ਮੇਰਾ ਪੁੱਤਰ ਸੱਤਾਂ-ਅੱਠਾਂ ਵਰ੍ਹਿਆਂ ਦਾ ਸੀ। ਮੈਨੂੰ ਉੱਕਾ ਕੋਈ ਗੱਲ ਚੇਤੇ ਨਹੀਂ ਸੀ। ਮਾਂ ਕਦੀ ਕਦੀ ਦੱਸਦੀ ਹੁੰਦੀ ਸੀ, ਸ਼ਾਮਾਂ ਵੇਲੇ ਰੋਟੀ ਟੁੱਕਰ ਖਾ ਕੇ ਉਹ ਜਦੋਂ ਗਵਾਂਢੀਆਂ ਨਾਲ ਸੈਰ ਤੇ ਟੁਰ ਜਾਂਦੀ ਸੀ, ਤੇ ਸਾਡਾ ਪਿਓ, ਇੱਕ ਪਾਸੇ ਮੇਰੇ ਵੱਡੇ ਭਰਾ ਨੂੰ ਤੇ ਦੂਜੀ ਬਾਂਹ ਤੇ ਮੇਰਾ ਸਿਰ ਰੱਖਕੇ ਚਿੱਤ ਲੇਟਿਆ ਰਹਿੰਦਾ ਸੀ ਪਈ ਉਹਨੇ ਪਾਸਾ ਪਰਤਿਆ ਤੇ ਦੋਵਾਂ ਬਾਲਾਂ ਵਿਚੋਂ ਕੋਈ ਜਾਗ ਨਾ ਪਵੇ। ਮੈਂ ਜਦੋਂ ਘਰ ਛੱਡਿਆ ਸੀ ਤੇ ਮੇਰਾ ਪੁੱਤਰ ਵੀ ਮੇਰੇ ਨਾਲ ਜੱਫੀ ਪਾ ਕੇ ਸੌਂਦਾ ਸੀ। ਮੈਨੂੰ ਜੇ ਕਦੀ ਘਰ ਅਪੜਣ ਲੱਗਿਆਂ ਦੇਰ ਹੋ ਜਾਵੇ ਜਾਂ ਉਹਦੀ ਮਾਂ ਉਹਨੂੰ ਮਾਰ ਕੁੱਟ ਕੇ ਆਪਣੇ ਕੋਲ ਸਵਾ ਲੈਂਦੀ ਤੇ ਉਹ ਅੱਧੀ ਰਾਤੀਂ ਉੱਠ ਕੇ ਕਮਰੇ ਵਿੱਚ ਆ ਜਾਂਦਾ.....

ਮੈਂ ਕੋਈ ਗੌਤਮ ਜਾਂ ਸਿਧਾਰਥ ਨਹੀਂ ਕਿ ਨਿਰਵਾਣ ਦੀ ਤਲਾਸ਼ ਵਿੱਚ ਘਰੋਂ ਨਿਕਲ ਟੁਰਿਆ ਹੋਵਾਂ। ਰੋਜ਼-ਰੋਜ਼ ਦੀ ਬਕ-ਬਕ ਤੇ ਕਿਲ-ਕਿਲ ਨੇ ਮੈਨੂੰ ਅਧਮੋਇਆ ਕਰ ਦਿੱਤਾ ਸੀ। ਮੀਆਂ ਬੀਵੀ ਕਿੰਨੇ ਵੀ ਆਪਸ ਵਿੱਚ ਉਪਰੇ ਹੋਣ, ਲੜਣ-ਭਿੜਣ ਤੇ ਭਾਵੇਂ ਨਫ਼ਰਤ ਕਰਨ, ਬਾਲ ਤਾਂ ਵੀ ਪੈਦਾ ਹੋ ਈ ਜਾਂਦੇ ਨੇ। ਢਿੱਡ ਦੀ ਭੁੱਖ ਵਾਂਗੂੰ ਜਿਸਮ ਦੀ ਭੁੱਖ ਵੀ ਬੰਦੇ ਨੂੰ ਲਾਚਾਰ ਕਰ ਦੇਂਦੀ...ਸਾਡਾ ਪਹਿਲਾ ਬੱਚਾ ਧੀ ਸੀ ਤੇ ਮੈਂ ਉਸੇ ਤੇ ਰੱਬ ਦਾ ਸ਼ਾਕਰ ਸਾਂ। ਜਦੋਂ ਦਿਲਾਂ ਦੇ ਪੈਂਡੇ ਵਧ ਗਏ ਹੋਣ, ਤੇ ਫੇਰ ਜਿਸਮਾਂ ਦੀ ਸਾਂਝ ਕਾਹਦੀ? ਪਰ ਮੇਰੀ ਬੀਵੀ ਨੂੰ ਸਭਨਾਂ ਔਰਤਾਂ ਦੀ ਤਰ੍ਹਾਂ ਮੁੰਡੇ ਦੀ ਵੀ ਲੋੜ ਸੀ। ਭਾਗਾਂ ਵਾਲਾ

ਜਿਉਂਦਾ ਰਵ੍ਹੇ ਮੇਰਾ ਪੁੱਤਰ ਆਪਣੀ ਭੈਣ ਕੋਲੋਂ ਅੱਠ ਵਰ੍ਹੇ ਛੋਟਾ ਏ। ਉਹਨੂੰ ਦੁਨੀਆਂ ਤੇ ਲਿਆਵਣ ਦਾ ਬਹੁਤਾ ਚਾਰਾ ਮੇਰੀ ਬੀਵੀ ਨੇ ਈ ਕੀਤਾ ਸੀ। ਉਂਜ ਭਾਵੇਂ ਸਾਡੀ ਆਪਸ ਵਿੱਚ ਬੋਲਚਾਲ ਹੋਵੇ ਨਾ ਹੋਵੇ, ਪੁੱਤਰ ਲੈਣ ਲਈ ਉਹ ਮੇਰੇ ਬਿਸਤਰੇ ਵਿੱਚ ਆ ਵੜਦੀ ਸੀ....

ਪੁੱਤਰ ਜੰਮਿਆ ਤੇ ਅਸੀਂ ਹੋਰ ਵੀ ਦੂਰ ਹੋ ਗਏ। ਉਹਦੀ ਲੋੜ ਮੁੱਕ ਗਈ ਸੀ ਤੇ ਮੇਰੀ ਥੋੜ ਉੱਕਾ ਜਿਸਮ ਨਹੀਂ ਸੀ....ਸਵਾਣੀਆਂ ਇਹ ਗੱਲ ਮੰਨਦੀਆਂ ਨਹੀਂ, ਪਰ ਉਹਨਾਂ ਦੇ ਜਿਸਮ ਦੀਆਂ ਵੀ ਕੁਝ ਥੋੜਾਂ ਹੁੰਦੀਆਂ ਨੇ। ਉਹ ਜ਼ਿੱਦ ਤੇ ਅੜੀ ਵਿੱਚ ਏਸ ਰਿਸ਼ਤੇ ਨੂੰ ਉਥੇ ਅਪੜਾ ਦੇਂਦੀਆਂ ਨੇ ਜਿਹਦੇ ਤੋਂ ਬਾਅਦ ਉਹ ਨਫਸਿਆਤੀ ਮਰੀਜ਼ ਬਣ ਜਾਂਦੀਆਂ ਨੇ। ਮੈਂ ਆਪਣੀ ਵਡਿਆਈ ਨਹੀਂ ਕਰਦਾ, ਮੈਂ ਏਹ ਗੱਲ ਭਾਲ ਗਿਆ ਸਾਂ ਤੇ ਉਹ ਸਮਝਣ ਲਈ ਤਿਆਰ ਨਹੀਂ ਸੀ। ਇੰਜ ਬੰਦਾ (ਤਕਲੀਫ਼ ਦੇ ਕੇ ਖੁਸ਼ ਹੋਣ ਵਾਲਾ) ਤੇ (ਤਕਲੀਫ਼ ਸਹਿ ਕੇ ਖੁਸ਼ ਹੋਣ ਵਾਲਾ) ਹੋ ਜਾਂਦਾ ਏ....ਉਹ ਵੀ ਏਹੋ ਕੁਝ ਹੋ ਗਈ ਸੀ। ਧੀ ਹੁਣ ਸਿਆਣੀ ਹੋ ਗਈ ਸੀ। ਮੈਟ੍ਰਿਕ ਪਾਸ ਕਰਕੇ ਫਸਟ ਈਅਰ ਚਲੀ ਗਈ ਸੀ ਤੇ ਘਰ ਦੇ ਅਜਾਬ ਤੋਂ ਦੁਖੀ ਤੇ ਪ੍ਰੇਸ਼ਾਨ ਰਹਿੰਦੀ ਸੀ। ਮੇਰੇ ਭਰਾ ਤੇ ਭਰਜਾਈ ਦਾ ਖ਼ਿਆਲ ਸੀ ਧੀ ਕਿੱਧਰੇ ਬੀਮਾਰ ਜਾਂ ਬਾਗੀ ਨਾ ਹੋ ਜਾਵੇ....ਰੱਬ ਕੀਤਾ ਉਹਨਾਂ ਦਿਨਾਂ ਕੁਝ ਚੰਗੇ ਰਿਸ਼ਤੇ ਆਏ ਭਰਾ ਤੇ ਭਰਜਾਈ ਨੇ ਇੱਜ਼ਤ ਆਬਰੂ ਨਾਲ ਉਹਨਾਂ ਵਿਦਿਆ ਕਰ ਛੱਡਿਆ।

ਹਯਾਤੀ ਦੇ ਏਸ ਮੋੜ ਤੇ ਮੈਂ ਉਹ ਫੈਸਲਾ ਕੀਤਾ। ਮੈਂ ਖ਼ੌਰੇ ਬਹੁਤਾ ਤੰਗ ਆ ਗਿਆ ਸਾਂ ਜਾਂ ਖੁਦਗਰਜ਼ ਹੋ ਗਿਆ ਸਾਂ ਕਿ ਆਪਣਾ ਸੁੱਖ ਪਾਣ ਖਾਤਰ ਮੈਂ ਘਰ ਛੱਡ ਦਿੱਤਾ। ਖ਼ਬਰੇ ਦਿਮਾਗ ਵਿੱਚ ਕਿੱਧਰੇ ਪਿਛਲੇ ਪਾਸੇ ਇਹ ਖਿਆਲ ਹੋਵੇ ਕਿ ਪੁੱਤਰ ਦਾ ਕੀ ਏ, ਮੇਰੀ ਤਰ੍ਹਾਂ ਰੁਲ਼-ਖੁਲ਼ ਕੇ ਪਲ ਈ ਜਾਵੇਗਾ।

ਮੈਂ ਤੇ ਤਿੰਨਾਂ ਵਰ੍ਹਿਆਂ ਦਾ ਸਾਂ ਜਦੋਂ ਪਿਉ ਦੇ ਘਰੋਂ ਨਿਕਲਿਆ ਸਾਂ ਜਾਂ ਲਿਆਇਆ ਗਿਆ ਸਾਂ। ਮੇਰੇ ਦਿਲ ਦਿਮਾਗ ਦੇ ਕਿਸੇ ਖੱਡੇ-ਕੋਨੇ ਵਿੱਚ ਪਿਓ ਦੇ ਪਿਆਰ ਦੀ ਕਦੀ ਵੀ ਲਿਸ਼ਕ ਨਹੀਂ ਸੀ। ਜਦੋਂ ਮੈਂ ਵੀਹਾਂ ਵਰ੍ਹਿਆਂ ਦਾ ਹੋ ਗਿਆ ਸਾਂ, ਇੱਕ ਨੌਕਰੀ ਲਈ ਘਰੋਂ ਨਿਕਲਿਆ ਤੇ ਉਹਨਾਂ ਦਿਹਾੜਿਆਂ ਵਿੱਚ ਪਿਉ ਨੂੰ ਮਿਲਣ ਦਾ ਖ਼ਿਆਲ ਆਇਆ। ਪਿਉ ਕਿਹੋ ਜਿਹਾ ਹੁੰਦਾ ਏ, ਮੈਨੂੰ ਤੇ ਏਸ ਸਵਾਦ ਦਾ ਪਤਾ ਈ ਨਹੀਂ ਸੀ। ਲੋਕਾਂ ਦੇ ਘਰਾਂ ਵਿੱਚ, ਸਕੂਲੀ ਮੁੰਡਿਆਂ ਤੇ ਜਮਾਤੀਆਂ ਨਾਲ.....ਏਧਰ ਉਧਰ ਜਾਂਦਿਆਂ ਮੈਂ ਜਦੋਂ ਪਿਉ ਪੁੱਤਰ ਨੂੰ ਰਲ਼ ਕੇ ਟੁਰਦਿਆਂ, ਗੱਲਾਂ ਕਰਦਿਆਂ ਤੇ ਭਾਵੇਂ ਝਾੜ-ਝੰਬਾ ਕਰਦਿਆਂ ਤੇ ਹੁੰਦਿਆਂ ਵੇਖਦਾ ਤੜਫ਼ ਜਾਂਦਾ....ਅੱਜ ਵੀ ਯਾਦ ਆਂਦਾ ਏ। (ਸੱਚੀ ਗੱਲ ਏਹ ਵੇ ਅਜੇ ਵੀ ਉਹੋ ਹਾਲ ਏ, ਕਈ ਵਾਰੀ ਨਾਨਕੇ ਘਰ ਰਹਿੰਦਿਆਂ ਮੈਂ ਘਰ ਦੇ ਕੱਲੇ ਕਮਰਿਆਂ ਵਿੱਚ ਲੁਕ-ਲੁਕ ਕੇ ਰੋਂਦਾ ਸਾਂ.....ਹੁਣ ਵੀ ਕੋਈ ਫ਼ਿਲਮ ਵੇਖਾਂ ਕਿੱਧਰੇ ਕੋਈ ਕਹਾਣੀ ਪੜ੍ਹਾਂ ਤੇ ਉਂਜ ਈ ਅੱਖਾਂ ਤਿੱਪ-ਤਿੱਪ ਕਰਨ ਲੱਗਦੀਆਂ ਨੇ। ਪਹਿਲੋਂ ਪਿਉ ਦੀ ਥੋੜ ਸੀ, ਹੁਣ ਨਾਲ ਪੁੱਤਰ ਦਾ ਵਿਛੋੜਾ ਵੀ ਰਲ਼ ਗਿਆ ਏ।

ਕੁਝ ਦਿਹਾੜਿਆਂ ਦੀ ਗੱਲ ਏ ਜ਼ਿਲ੍ਹਾ ਕਚਿਹਰੀ ਵਿੱਚ ਮੈਂ ਕਿਸੇ ਨੂੰ ਮਿਲਣ ਗਿਆ। ਉੱਥੇ ਇੱਕ ਮੰਜ਼ਰ ਤੱਕਿਆ ਤੇ ਮੈਂ ਡੋਲ ਗਿਆ। ਸ਼ਰੇਆਮ ਰੋਣ ਲੱਗ ਪਿਆ। ਨਾ ਉਹਨਾਂ ਨਾਲ ਮੇਰੀ ਕੋਈ ਸਾਕਾਦਾਰੀ ਸੀ ਨਾ ਵਾਕਫੀਅਤ ਸਗੋਂ ਸਲਾਮ ਦੁਆ ਵੀ ਨਹੀਂ ਸੀ ਪਰ ਉਹਨੇ ਤੇ ਮੈਨੂੰ ਹਿਲਾ ਛੱਡਿਆ.....ਇੱਕ ਬੰਦੇ ਨੂੰ ਪੁਲਸ ਹੱਥਕੜੀ ਲਾਈ ਜਾ ਰਹੀ ਸੀ ਤੇ ਉਹਦੇ ਦੂਜੇ ਹੱਥ ਨੂੰ ਇੱਕ ਦਸ ਬਾਰਾਂ ਸਾਲ ਦੇ ਬਾਲ ਨੇ ਕੜੀ ਵਾਂਗੂ ਈ ਘੁੱਟ ਕੇ ਫੜਿਆ ਹੋਇਆ ਸੀ। ਬਾਲ ਦੀਆਂ ਅੱਖਾਂ ਵਿੱਚ ਭੋਲਾਪਣ



ਦੇ ਕੁਝ ਸਵਾਲ ਸਨ ਤੇ ਪਿਉ ਵੀ ਵਿਚਾਰਾ ਵਾਰਦਾਤੀਆ ਨਹੀਂ ਸੀ ਲੱਗਦਾ। ਖ਼ੌਰੇ ਕਿਸੇ ਬੇਗੁਨਾਹੀ ਵਿੱਚ ਫੜਿਆ ਗਿਆ ਸੀ ...ਮੈਂ ਉਸ ਵੇਲੇ ਆਪਣੇ ਆਪ ਨੂੰ ਕਿੰਨਾ ਕੱਲਾ ਤੇ ਬੇਵੱਸ ਮਹਿਸੂਸ ਕੀਤਾ। ਮਜ਼ਬੂਰੀ ਤੇ ਵਿਚਾਰਗੀ ਦੇ ਏਹਨਾਂ ਪਲਾਂ ਵਿੱਚ ਵੀ ਉਹਨਾਂ ਦੀ ਸਾਂਝ ਕਿੰਨੀ ਪੱਕੀ ਸੀ ਤੇ ਉਹ ਕਿੰਨੇ ਨਾਲ਼-ਨਾਲ਼ ਸਨ।

ਕੱਲ੍ਹ ਪਰਸੋਂ ਇੱਕ ਥਾਂ ਤੇ ਟਰੈਫਿਕ ਫਸੀ ਹੋਈ ਸੀ। ਇੱਕ ਅੱਧਖੜ ਉਮਰ ਦਾ ਬੰਦਾ, ਜਿਹਦੀ ਬਾਂਹ ਉਹਦੇ ਬਾਰ੍ਹਾਂ ਤੇਰ੍ਹਾਂ ਸਾਲ ਦੇ ਪੁੱਤਰ ਨੇ ਫੜੀ ਹੋਈ ਸੀ ਛੇਤੀ ਕਰਕੇ ਸੱਜੇ ਖੱਬੇ ਵੇਖਿਆਂ ਬਗੈਰ ਸੜਕ ਲੰਘਣ ਲੱਗਾ ਤੇ ਇੱਕ ਮੋਟਰ ਸਾਈਕਲ ਵਾਲੇ ਜਵਾਨ ਨੂੰ ਆ ਵੱਜਿਆ। ਉਹਦੇ ਹੱਥੋਂ ਸਲੂਣੇ ਵਾਲਾ ਡੋਂਗਾ ਡਿੱਗ ਪਿਆ। ਮੋਟਰ ਸਾਈਕਲ ਵਾਲੇ ਦਾ ਭਾਵੇਂ ਕੋਈ ਕਸੂਰ ਨਹੀਂ ਸੀ, ਪਰ ਅੱਧਖੜ ਉਮਰ ਵਾਲੇ ਨੇ ਉਸ ਜਵਾਨ ਨੂੰ ਦੋ-ਤਿੰਨ ਥੱਪੜ ਕੱਢ ਮਾਰੇ। ਜਵਾਨ ਨੇ ਪਹਿਲਾਂ ਤੇ ਲਿਹਾਜ਼ ਕੀਤਾ ਫੇਰ ਉਹ ਵੀ ਚਮਕ ਪਿਆ ਤੇ ਬਾਬੇ ਦੇ ਹੱਥ ਫੜ ਲਏ। ਬਾਲ ਨੇ ਘਬਰਾ ਕੇ ਸੋਚਿਆ, ਖ਼ੌਰੇ ਉਹ ਜਵਾਨ ਉਹਦੇ ਪਿਉ ਨੂੰ ਮਾਰਨ ਲੱਗਾ ਏ ਤੇ ਉਹ ਇੱਕ ਦਮ ਹਾਲ ਪਾਹਰਿਆ ਪਾ ਛੱਡਿਆ। ਮੈਨੂੰ ਇੰਜ ਲੱਗਾ ਜਾਂ ਤੇ ਉਹ ਅੱਧਖੜ ਉਮਰ ਵਾਲਾ ਮੈਂ ਵਾਂ ਜਾਂ ਫ਼ੇਰ ਉਹ ਬਾਲ ਮੈਂ ਵਾਂ, ਜਾਂ ਖ਼ਬਰੇ ਦੋਵੇਂ ਥਾਵਾਂ ਤੇ ਮੈਂ ਈ ਆਂ।

ਕਿਸੇ ਮੈਨੂੰ ਏਹ ਗੱਲ ਸੁਣਾਈ ਸੀ ਤੇ ਉਦੋਂ ਵੀ ਇੰਜ ਹੀ ਮਹਿਸੂਸ ਕੀਤਾ ਸੀ। ਉਰਦੂ ਜ਼ਬਾਨ ਦਾ ਇੱਕ ਵੱਡਾ ਸ਼ਾਇਰ ਸੀ ਨਰੇਸ਼ ਕੁਮਾਰ ਸ਼ਾਦ। ਉਹ ਜਦੋਂ ਮਸ਼ਹੂਰ ਹੋ ਗਿਆ ਤੇ ਪੈਸੇ ਵੀ ਵਲ ਆਣ ਲੱਗੇ, ਉਦੋਂ ਭੂਤਰ ਗਿਆ ਤੇ ਔਕਾਤੋਂ ਬਾਹਰ ਹੋਣ ਲੱਗਾ। ਉਹਦਾ ਪਿਉ ਸ਼ਰਾਬ ਦਾ ਸਹਿਕਿਆ ਹੋਇਆ ਸੀ। ਸ਼ਾਦ ਉਹਨੂੰ ਵੀ ਨਾਲ ਬਿਠਾ ਲੈਂਦਾ, ਪਰ ਸ਼ਰਾਬੀ ਹੋ ਕੇ ਟਿਚਕਰਾਂ ਕਰਦਾ, ਪਿਉ ਦੀ ਬੇਇੱਜ਼ਤੀ ਕਰਦਾ। ਇੱਕ ਸ਼ਾਮੀਂ ਗਰੀਬੀ ਤੇ ਅਣਖ ਦਾ ਮਾਰਾ ਉਹਦਾ ਪਿਉ ਜਮਨਾ ਵਿੱਚ ਡੁੱਬ ਮਰਿਆ। ਏਸ ਬਿਪਤਾ ਤੋਂ ਬਾਅਦ ਸ਼ਾਦ ਉੱਕਾ ਈ ਖਿੱਲਰ ਗਿਆ। ਕੁਝ ਵਰ੍ਹੇ ਹੋਰ ਜਿਉਂਦਾ ਰਿਹਾ, ਪਰ ਮੋਇਆਂ ਵਾਂਗੂੰ ਤੇ ਅਖੀਰ ਇੱਕ ਸਵੇਰ ਉਹਦੀ ਲਾਸ਼ ਜਮਨਾ ਦੇ ਕੰਢੇ ਤੇ ਪਈ ਮਿਲੀ।

ਲਾਸ਼ ਤੇ ਮੇਰੀ ਵੀ ਡਿੱਗੀ ਪਈ ਏ, ਪਰ ਲੋਕੀਂ ਕਹਿੰਦੇ ਨੇ ਮੈਂ ਜਿਉਂਦਾ ਵਾਂ। ਪਹਿਲਾਂ ਮੈਂ ਉਦੋਂ ਮਰਿਆ ਸਾਂ, ਜਦੋਂ ਮੈਨੂੰ ਇਹ ਖਿੱਚ ਮੇਰੇ ਪਿਓ ਵੱਲ ਲੈ ਗਈ ਸੀ ਕਿ ਮੈਂ ਵੇਖਾਂ, ਪਿਓ ਕਿਹੋ-ਜਿਹਾ ਹੁੰਦਾ ਏ....ਉਹਦਾ ਪਿਆਰ, ਉਹਦੀ ਸ਼ਫ਼ੱਕਤ ਤੇ ਉਹਦੀ ਛਤਰ ਛਾਂ ਕਿਹੋ, ਜਿਹੀ ਹੁੰਦੀ ਏ..... ਤਿੰਨਾਂ ਵਰ੍ਹਿਆਂ ਦੇ ਬਾਲ ਨੂੰ ਤੇ ਕੋਈ ਸ਼ਕਲ ਯਾਦ ਨਹੀਂ ਹੁੰਦੀ ਪਰ ਹੁਣ ਤੇ ਮੈਂ ਵੀਹਾਂ ਵਰ੍ਹਿਆਂ ਦਾ ਹੋ ਗਿਆ ਸਾਂ। ਕੱਲਿਆਂ ਰਹਿ ਰਹਿ ਕੇ ਮੇਰਾ ਪਿਓ ਬੜਾ ਈ ਚੁੱਪ-ਚਪੀਤਾ ਹੋ ਗਿਆ। ਮੇਰੀ ਮਾਂ ਨੇ ਦੱਸਿਆ ਸੀ ਉਹ ਵਲਾਇਤ ਦਾ ਪੜ੍ਹਿਆ ਹੋਇਆ ਸੀ ਤੇ ਬੜਾ ਈ ਵੱਡਾ ਅਫ਼ਸਰ ਸੀ। ਮੇਰੇ ਚਾਚੇ-ਤਾਏ ਦੂਜੇ ਲੱਗਦੇ ਲਾਣੇ ਵੀ ਵੱਡੇ-ਵੱਡੇ ਅਹੁਦਿਆਂ ਤੇ ਮੁਕਾਮਾਂ 'ਤੇ ਸਨ। ਮੇਰੀ ਮਾਂ ਕਾਨਵੈਂਟ ਦੀ ਪੜ੍ਹੀ ਸੀ ਤੇ ਮੇਰੇ ਨਾਨਕੇ ਵੀ ਵੱਡੀ ਹੈਸੀਅਤ ਵਾਲੇ ਸਨ। ਏਹਨਾਂ ਦੋਹਾਂ ਵੱਡਿਆਂ ਘਰਾਂ ਦੀ ਅਣਖ ਈ ਤੇ ਦੋ ਘਰ ਨਹੀਂ ਉਜਾੜੇ ਸਨ, ਪੂਰੀਆਂ ਨਸਲਾਂ ਵੰਜਾ ਛੱਡੀਆਂ......ਮੇਰਾ ਪਿਓ ਸੋਚਦਾ ਹੁੰਦਾ ਏ ਕਿ ਉਹਦੇ ਵਿੱਚ ਕੀ ਕਮੀ ਸੀ...ਮੇਰੀ ਮਾਂ ਨੂੰ ਵੀ ਏਹ ਖ਼ਿਆਲ ਆਉਂਦਾ ਹੋਵੇਗਾ...ਮੈਂ ਵੀ ਸੋਚਦਾ ਸਾਂ, ਸੋਚਦਾ ਹਾਂ...ਮੈਨੂੰ ਵੀ ਖਿਆਲ ਆਂਦਾ ਸੀ....ਤੇ ਆਉਂਦਾ ਵੇ....ਤਕਦੀਰ ਨੇ ਕੀ ਘੁੰਮਣਘੇਰੀ ਹਿਲਾਈ ਸੀ.....ਮੇਰੇ ਪਿਉ ਦਾ ਕੀ ਦੋਸ਼ ਸੀ....ਮੇਰਾ ਕੀ ਕਸੂਰ ਏ....ਤੇ ਮੇਰੇ ਪੁੱਤਰ ਨੂੰ ਕਾਹਦੀ ਸਜ਼ਾ ਮਿਲ ਰਹੀ ਏ...ਏਹ ਗੱਲ ਮੈਂ ਆਪਣੀ ਮਾਂ ਪਾਰੋਂ ਵੀ ਸੋਚ ਸਕਨਾ ਵਾਂ....ਸੋਚਦਾ ਰਹਿਨਾਂ ਵਾਂ।

ਮੈਂ ਆਪਣੇ ਪਿਓ ਦਾ ਅਤਾ-ਪਤਾ ਲੱਭਿਆ....ਉਥੇ ਅਪੜ ਕੇ ਉਹਨੂੰ ਮਿਲਿਆ ਤੇ ਅਸੀਂ ਤਿੰਨ-ਚਾਰ ਘੰਟੇ ਇਕੱਠੇ ਰਹੇ, ਪਰ ਰੱਬ ਜਾਣਦਾ ਏ ਅਸਾਂ ਰੱਜ ਕੇ ਤਿੰਨ-ਚਾਰ ਗੱਲਾਂ ਵੀ ਨਹੀਂ ਸਨ ਕੀਤੀਆਂ। ਲੰਮੀ ਖਾਮੋਸ਼ੀ ਤੋਂ ਬਾਅਦ ਪਿਓ ਨੇ ਪੁੱਛਿਆ ਸੀ (ਅੰਗਰੇਜ਼ੀ ਜ਼ਬਾਨ ਵਿੱਚ) "ਹੁਣ ਤੈਨੂੰ ਕੀਹ ਲੋੜੀਂਦਾ ਏ....? "ਮੇਰਾ ਸਾਹ ਸੰਘ ਵਿੱਚ ਫਸ ਗਿਆ ਸੀ। ਜ਼ਬਾਨ ਥਿੜਕਣ ਲੱਗੀ ਸੀ, ਤੇ ਮੈਂ ਆਖਿਆ "ਕੁਝ ਵੀ ਨਹੀਂ...ਮੈਨੂੰ ਕੁਝ ਵੀ ਨਹੀਂ ਚਾਹੀਦਾ.....ਇੱਕ ਬਦਕਿਸਮਤ ਪੁੱਤਰ ਨੂੰ ਪਿਓ ਕੋਲੋਂ ਭਲਾ ਕੀਹ ਚਾਹੀਦਾ ਏ....?"

ਮੇਰਾ ਪੁੱਤਰ ਆਉਂਦਾ ਰਹਿੰਦਾ ਏ। ਮੈਨੂੰ ਇੰਜ ਮਿਲਦਾ ਏ ਜਿਵੇਂ ਕੋਈ ਜਾਣੂ ਕਿਸੇ ਜਾਣੂ ਨੂੰ ਮਿਲਦਾ ਏ। ਮੇਰੇ ਵਾਂਗੂ ਉਹਦੇ ਕਾਗ਼ਜ਼ਾਂ ਵਿੱਚ ਵੀ ਉਹਦੇ ਪਿਓ ਦੇ ਨਾਂ ਦੀ ਥਾਂ ਮੇਰਾ ਈ ਨਾਂ ਲਿਖਿਆ ਹੋਇਆ ਏ, ਪਰ ਉਹਦੀ ਸਾਂਝ ਤੇ ਮਾਂ ਨਾਲ ਏ, ਤੇ ਉਹਦੀ ਮਾਂ ਸਮਝਦੀ ਏ ਮੈਂ ਘਰ ਛੱਡ ਕੇ ਭਾਰਾ ਜ਼ੁਲਮ ਕਮਾਇਆ ਏ। ਉੱਥੇ ਰਹਿੰਦਾ, ਇੱਟ-ਖੜੱਕਾ ਲਾਈ ਰੱਖਦਾ। ਆਪੂੰ ਜ਼ਲੀਲ ਹੁੰਦਾ ਤੇ ਉਹਨੂੰ ਮਾਰਦਾ-ਕੁੱਟਦਾ ਰਹਿੰਦਾ ਤੇ ਸਭੇ ਠੀਕ ਸੀ। ਸੱਤੇ ਖ਼ੈਰਾਂ ਸਨ।

ਧੀ ਰਾਣੀ ਸੱਚੀ ਏ....ਉਹਦਾ ਇਕੋ ਇੱਕ ਭਰਾ ਏ, ਉਹਨੇ ਉਹਦੇ ਸ਼ਗਨ ਮਨਾਣੇ ਨੇ ਤੇ ਨਾਲੇ ਉਹ ਮੈਨੂੰ ਵੀ ਸੁਖੀ ਵੇਖਣਾ ਚਾਹੁੰਦੀ ਏ....ਪਰ ਭਾਗਾਂ ਵਾਲੀ ਨੂੰ ਕੀ ਪਤਾ ਹੋਵੇ, ਮੇਰੀ ਲਾਸ਼ ਤੇ ਖੌਰੇ ਕਦੋਂ ਦੀ ਰਾਵੀ ਕੰਢਿਉਂ ਚੁੱਕ ਕੇ ਕਿਸੇ ਲਾਵਾਰਸ ਜਾਣ ਕੇ ਦਫ਼ਨਾ ਛੱਡੀ ਏ...ਪਿਓ ਪੁੱਤਰ ਦੀ ਸਾਂਝ ਤੇ ਇੰਜ ਹੁੰਦੀ ਏ, ਜਿਵੇਂ ਭੀੜ ਵਿਚੋਂ ਲੰਘਦਿਆਂ ਤੇ ਜ਼ਿਲ੍ਹਾ ਕਚਿਹਰੀ ਵਿੱਚ ਟੁਰਦਿਆਂ ਇੰਜ ਇੱਕ ਦੂਜੇ ਦੀਆਂ ਬਾਹਵਾਂ ਫੜੀਆਂ ਹੋਣ ਕਿ ਵਿੱਚੋਂ ਹਵਾ ਵੀ ਨਾ ਲੰਘ ਸਕੇ ਤੇ ਖ਼ੁਦਾ ਵੀ ਉਹਨਾਂ ਨੂੰ ਵੱਖ ਕਰਨ ਲੱਗਿਆਂ ਸੋਚੀਂ ਪੈ ਜਾਵੇ....

ਮੇਰੇ ਪੁੱਤਰ ਦਾ ਵਿਆਹ ਹੋਵੇਗਾ.....ਉਹਨੇ ਸੋਹਣਾ ਸਿਹਰਾ ਬੰਨ੍ਹਿਆ ਹੋਵੇਗਾ....ਉਹ ਘੋੜੀ ਚੜ੍ਹੇਗਾ...ਸਜੀ ਹੋਈ ਕਾਰ ਵਿੱਚ ਬੈਠੇਗਾ ਤੇ ਫੁੱਲਾਂ ਵਰਗੀ ਵਹੁਟੀ ਲੈ ਕੇ ਘਰ ਆਵੇਗਾ। ਏਹ ਤੇ ਏਹੋ ਜਿਹੀਆਂ ਕਿੰਨੀਆਂ ਸੋਹਣੀਆਂ-ਸੋਹਣੀਆਂ ਗੱਲਾਂ ਮੈਂ ਖ਼ਿਆਲਾਂ ਵਿੱਚ ਲਿਆਵਾਂਗਾ....ਉੱਕਾ-ਮੁੱਕਾ ਉਂਜ ਹਾਰ ਜਿਵੇਂ ਕਦੀ ਮੇਰੇ ਪਿਉ ਨੇ ਸੋਚਿਆ ਹੋਵੇਗਾ ਤੇ ਏਹੋ ਜਿਹੇ ਖ਼ਿਆਲ ਸਜਾਏ ਹੋਣਗੇ।੦

**ਪਤਾ : ਮਹੀਨਵਾਰ 'ਤਖ਼ਲੀਕ, ਭਗਵਾਨ ਦਾਸ ਸਟਰੀਟ, ਪੁਰਾਣੀ ਅਨਾਰ ਕਲੀ, ਲੌਹਰ।**

***ਲੇਖਕਾਂ ਨੂੰ ਅਪੀਲ ਹੈ ਕਿ ਉਹ 'ਕਹਾਣੀ ਧਾਰਾ' ਨੂੰ ਪੁਸਤਕ ਪੜਚੋਲ ਲਈ ਕਿਤਾਬ ਦੀਆਂ ਦੋ ਕਾਪੀਆਂ ਭੇਜਣ, ਕਵਿਤਾ ਨੂੰ ਛੱਡ ਕੇ ਬਾਕੀ ਸਾਰੀਆਂ ਵਿਧਾਵਾਂ ਦੀਆਂ ਪੁਸਤਕਾਂ, ਪੜਚੋਲ ਲਈ ਸਵੀਕਾਰ ਕੀਤੀਆਂ ਜਾਣਗੀਆਂ।***

***ਸੰਪਾਦਕ***



## ਵਟਾਂਦਰਾ/ ਖ਼ਾਲਿਦ ਫ਼ਰਹਾਦ ਧਾਰੀਵਾਲ

"ਧੀਏ ਵੇਖ ! ਭਰਾ ਤੇਰੇ ਦਾ ਘਰ ਵਸ ਜਾਊ ਹੋਰ ਕੀ ਚਾਹੀਦਾ ਏ।" ਤਾਈ ਜੰਨਤੇ ਨੇ ਤਾਜੋ ਨੂੰ ਕਿਹਾ ਜੋ ਵਿਹੜੇ ਦੀ ਇਕ ਨੁੱਕਰੇ ਮੰਜੀ ਤੇ ਗ਼ਮ ਦੀ ਮੂਰਤ ਬਣੀ ਬੈਠੀ ਸੀ। ਤੇ ਮੰਜੀ ਦੀ ਪਵਾਂਦੀ ਪਾਵੇ ਨਾਲ਼ ਲੱਗੀ ਉਸ ਦੀ ਦੁੱਧ-ਵਰੇਸੀ ਬਾਲੜੀ ਭੁੱਖ ਵਜੋਂ ਰਿਹਾੜੇ ਪਈ ਹੋਈ ਸੀ। ਤਾਈ ਨੇ ਬਾਲੜੀ ਨੂੰ ਕੁੱਛੜ ਚੁੱਕਿਆ, ਆਪਣੇ ਦੁਪੱਟੇ ਦੇ ਪੱਲੇ ਨਾਲ਼ ਉਹਦਾ ਮੂੰਹ ਪੂੰਝਿਆ ਤੇ ਫੇਰ ਉਹਨੂੰ ਤਾਜੋ ਦੀ ਝੋਲੀ 'ਚ ਪਾਉਂਦੀ ਹੋਈ ਬੋਲੀ, "ਲੈ ਫੜ ਦੁੱਧ ਦੇਹ ਇਹਨੂੰ।" ਹੰਝੂ ਜੋ ਅੱਜ ਸਵੇਰ ਦੇ ਈ ਤਾਜੋ ਦੀਆਂ ਅੱਖਾਂ ਵਿੱਚ ਪਏ ਤਰਦੇ ਸੀ, ਵਹਿ ਪਏ। ਬਾਲੜੀ ਨੂੰ ਚੁੱਪ ਕਰਾਉਂਦੀ ਹੋਈ ਉਹ ਆਪ ਵਿਲਕ ਪਈ। ਅੱਖੀਆਂ 'ਚੋਂ ਵਗਦੇ ਹੰਝੂਆਂ ਤੋਂ ਪਰੇ ਕਿੱਧਰੇ ਮਨ ਦੇ ਪਾਤਾਲ ਵਿੱਚ, ਲੱਗਦਾ ਸੀ ਕੋਈ ਦੁੱਖ ਹੈ ਜਿਸਦਾ ਪਰਛਾਵਾਂ ਤਾਜੋ ਦੇ ਚਿਹਰੇ ਤੇ ਸਾਫ਼ ਵਖਾਲ਼ੀ ਦਿੰਦਾ ਸੀ।

"ਨਾ ਪਈ ਇੰਜ ਤੇ ਨਹੀਂ ਸਰਨਾ।" ਘਰ ਨਾਲ਼ ਜੁੜਵੇਂ, ਡੰਗਰਾਂ ਦੇ ਵਾੜੇ ਵੱਲ ਝਾਕਦਿਆਂ ਤਾਈ ਜੰਨਤੇ ਨੇ ਰੋਂਦੀ ਹੋਈ ਤਾਜੋ ਦੇ ਸਿਰ ਤੇ ਹੱਥ ਰੱਖ ਦਿੱਤਾ ਤੇ ਫੇਰ ਉਹਨੂੰ ਸਮਝਾਉਣ ਦੇ ਢੰਗ ਵਿੱਚ ਬੋਲੀ, "ਇੰਜ ਖ਼ਸ਼ੋਮਤ ਲਾ ਕੇ ਤੈਨੂੰ ਬੈਠੀ ਹੋਈ ਨੂੰ ਭਰਾ ਤੇਰੇ ਜੇ ਵੇਖ ਲਿਆ ਤਾਂ...।"

ਤਾਜੋ ਚੁੱਪ ਕਰ ਗਈ। ਝੱਟ ਰੋ ਲੈਣ ਨਾਲ਼ ਮਨ ਉਹਦਾ ਹੌਲ਼ਾ ਹੋ ਗਿਆ ਜਾਪਦਾ ਸੀ ਜਾਂ ਫੇਰ ਤਾਈ ਜੰਨਤੇ ਦੀ ਅੱਧੋਰਾਣੀ ਗੱਲ ਦਾ ਕੋਈ ਅਸਰ ਹੋ ਗਿਆ ਲੱਗਦਾ ਸੀ।

ਦੁੱਧ ਪੀ ਲੈਣ ਮਗਰੋਂ ਹੁਣ ਉਸਦੀ ਬਾਲੜੀ ਵੀ ਵਿਹੜੇ ਵਿੱਚ ਮੁੜ ਖੇਡਣ ਲੱਗ ਪਈ ਸੀ। ਤਾਈ ਜੰਨਤੇ ਨੇ ਬਾਜ਼ੂ ਤੋਂ ਫੜਕੇ ਖੜਾ ਕਰਦੇ ਹੋਏ ਤਾਜੋ ਨੂੰ ਹੱਥ ਮੂੰਹ ਧੋ ਲੀੜਾ ਲੱਤਾ ਬਦਲਣ ਦਾ ਕਿਹਾ ਕਿ ਅੱਜ ਕੁੱਝ ਲੋਕ ਏਥੇ ਪ੍ਰਾਹੁਣੇ ਆਵਣ ਵਾਲ਼ੇ ਸੀ।

ਤਾਜੋ ਦਾ ਇਹ ਪੇਕਾ ਘਰ ਸੀ ਤੇ ਮਾਪੇ ਪੇਕੇ ਤਦ ਈ ਅਖਵਾਂਦੇ ਹਨ ਜਦ ਸਹੁਰੇ ਵੀ ਹੋਵਣ ਕਿੱਧਰੇ। ਪਰ ਤਾਜੋ ਦੇ ਸਹੁਰੇ ਸਾਲ ਕੁ ਹੋਇਆ ਛੁੱਟ ਗਏ ਹੋਏ ਸੀ। ਛੁੱਟੇ ਕੀ ਸਨ ਆਪ ਛੁਡਾਏ ਗਏ ਸੀ। ਲੋੜ ਮੂਜਬ।

ਉਹਦੇ ਭਰਜਾਈ ਦੇ ਪਲੇਠੀ ਦਾ ਬਾਲ ਹੋਣ ਵਾਲ਼ਾ ਸੀ। ਜਦ ਆਪਣੀ ਬਾਲੜੀ ਨਾਲ਼ ਉਹ ਏਥੇ ਆਈ। ਪੇਕੇ ਘਰ ਦੀਆਂ ਖ਼ੁਸ਼ੀਆਂ 'ਚ ਸ਼ਾਮਲ ਹੋਵਣ ਤੇ ਫੇਰ ਪੇਕੇ ਘਰ ਦੀ ਈ ਹੋ ਕੇ ਰਹਿ ਗਈ ਸੀ। ਮੁੜ ਜਾ ਈ ਨਹੀਂ ਸੀ ਸਕੀ। ਖ਼ੁਸ਼ੀ ਵਾਲ਼ੇ ਦਿਹਾੜੇ ਨੂੰ ਉਡੀਕਦਿਆਂ ਤਾਜੋ ਨੂੰ ਕੀ ਪਤਾ ਸੀ ਕਿ ਏਸ ਘਰ ਆਵਣ ਵਾਲ਼ਾ ਬਾਲ ਉਹਦੀ ਭਰਜਾਈ ਨੂੰ ਲੈਣ ਵਾਸਤੇ ਆਇਆ ਕੋਈ ਮੌਤ ਦਾ ਫ਼ਰਿਸ਼ਤਾ ਈ ਹੋਵੇਗਾ।

ਤੇ ਉਹ ਵਿਹੜਾ ਜਿੱਥੇ ਚਾਵਾਂ ਦੇ ਮੂੜ੍ਹੇ ਡਾਹੇ ਜਾਣੇ ਸਨ ਉੱਥੇ ਗ਼ਮ ਦੀ ਫੂੜੀ ਵਿੱਛ ਗਈ ਸੀ ਤੇ ਇਕ ਬਾਲਕ ਦੇ ਜੰਮਣ ਦੀ ਵਧਾਈ ਕਬੂਲਣ ਦੀ ਥਾਂ ਇਕੱਠੀਆਂ ਦੋ ਮੌਤਾਂ ਦਾ ਸੋਗ ਮੰਨਣਾ ਪੈ ਗਿਆ ਸੀ ਉਹਨਾਂ ਨੂੰ।

ਫੂੜੀ ਚੁੱਕੇ ਜਾਣ ਪਿੱਛੋਂ ਤਾਜੋ ਦੇ ਸਹੁਰਿਆਂ ਜਦ ਉਹਨੂੰ ਨਾਲ਼ ਲੈ ਜਾਵਣ ਦੀ ਗੱਲ ਕੀਤੀ ਤਾਂ ਅੱਗੋਂ, "ਮਰਨ ਵਾਲ਼ੀ ਜੇ ਜਿਉਂਦੀ ਰਹਿੰਦੀ ਤਾਂ ਵੀ ਤੇ ਏਹਨੇ ਛਿਲੇ ਤੀਕ ਰਹਿਣਾ ਈ ਸੀ, ਥੋੜਾ ਹੋਰ ਰਹਿ ਲਏ ਫੇਰ ਆਪ ਛੱਡ ਆਵਾਂਗੇ ਅਸੀਂ।" ਦਾ ਵਲਦਾ ਮਿਲਿਆ। ਛੱਡਕੇ ਆਵਣ ਵਾਲ਼ਾ ਕੋਈ ਦਿਨ ਨਾ ਆਉਣਾ ਸੀ ਨਾ ਆਇਆ। ਪਰ ਉਧਰੋਂ ਕਈ ਫੇਰੇ ਘੱਤੇ ਉਹਨਾਂ ਤੇ ਹਰ ਵਾਰ ਖ਼ਾਲੀ ਈ ਮੁੜੇ। ਉਹਦਾ ਭਰਾ ਫੱਜਾ ਟੀਰਾ ਹਰ ਫੇਰੇ ਈ ਮੁਹਲਤ ਮੰਗ ਲੈਂਦਾ, ਕੋਈ ਨਾ ਕੋਈ ਉਜ਼ਰ-ਬਹਾਨਾ ਘੜ ਲੈਂਦਾ।

ਟਾਲ਼ ਮਟੋਲ਼ ਈ ਕਰਦਾ ਰਿਹਾ। ਉਹਨਾਂ ਅੱਕਿਆਂ ਨੇ ਫੱਜੇ ਕਿਆਂ ਦੇ ਬੂਹੇ ਤੇ ਪਰ੍ਹਿਆ ਲਿਆ ਬਿਠਾਈ ਤੇ ਫੱਜਾ ਜੋ ਪਹਿਲੋਂ ਈ ਪੱਜ ਭਲ਼ਦਾ ਸੀ ਪਰ੍ਹਿਆ ਤੋਂ ਵੱਟ ਖਾ ਗਿਆ।

ਅਖੇ, "ਸਾਨੂੰ ਭੰਡ ਨਹੀਂ ਨੇਂ ਦਿੱਤਾ ਇਹ ਪਰ੍ਹਿਆ ਲਿਆ ਕੇ।"

"ਤੋਰਨ ਤੋਂ ਇਨਕਾਰੀ ਸਾਂ ਅਸੀਂ ਕੋਈ ਭਲਾ।"

"ਬੁਰਿਆਂ ਬਣਾਇਆ ਈ ਨੇ ਜੇ ਹੁਣ, ਤਾਂ ਚਲੋ ਅਸੀਂ ਬੁਰੇ ਈ ਸਹੀ।"

"ਜਾਓ ਵਗ ਜਾਓ ਅਸਾਂ ਨਹੀਂ ਜੇ ਘੱਲਣੀ ਕੁੜੀ।"

ਫੱਜਾ ਤਿੜਿਆ ਤਾਂ ਉਹ ਵੀ ਤਣ ਗਏ ਤੇ ਫੇਰ ਦੋਨਾਂ ਪਾਸੇ ਦੇ ਅਕੜਾਅ ਨਾਲ਼ ਕੁੱਝ ਟੁੱਟਣਾ ਈ ਸੀ ਸੋ ਤਾਜੋ ਦਾ ਰਿਸ਼ਤਾ ਟੁੱਟ ਗਿਆ। ਤੇ ਉਹਨੂੰ ਤਲਾਕ ਹੋ ਗਈ ਭਾਵੇਂ ਉਹ ਤਲਾਕ ਨਹੀਂ ਸੀ ਚਾਂਹੁੰਦੇ ਤੇ ਇਹ ਉਹਦੀ ਮਰਜ਼ੀ ਦੇ ਖ਼ਿਲਾਫ਼ ਈ ਹੋਇਆ ਸੀ।

ਤਾਜੋ ਨੂੰ ਜਦੋਂ ਅਜੇ ਤਲਾਕ ਨਹੀਂ ਸੀ ਮਿਲ਼ੀ ਉਹ ਸੋਚ ਦੀ ਕਿ ਉਹ ਆਪ ਮੁਹਾਰੀ ਸਹੁਰੇ ਚਲੀ ਜਾਵੇ ਪਰ ਉਹ ਏਸ ਦੇ ਸਿੱਟੇ ਤੋਂ ਡਰ ਜਾਂਦੀ। ਘਰ ਵਾਲ਼ਿਆਂ ਦੀ ਮਨਸ਼ਾ ਦੇ ਵਿਰੁੱਧ ਆਪ ਮੁਹਾਰੇ ਸਹੁਰੇ ਟੁਰ ਜਾਣ ਦਾ ਮਤਲਬ ਸੀ, ਸਦਾ ਲਈ ਪੇਕੇ ਘਰ ਤੋਂ ਛੁੱਟੀ। ਅਤੇ ਪੇਕੇ ਘਰ ਨਾਲ਼ ਮੁਹੱਬਤ ਤਾਂ ਖ਼ੌਰੇ ਹਰ ਔਰਤ ਦੀ ਮਿੱਟੀ ਵਿੱਚ ਈ ਰਚੀ ਹੁੰਦੀ ਏ ਤੇ ਜਿਉਂਦੇ ਜੀਅ ਕੋਈ ਵੀ ਔਰਤ ਪੇਕੇ ਘਰ ਨਾਲੋਂ ਟੁੱਟਣਾ ਨਹੀਂ ਚਾਹੁੰਦੀ। ਇਹੀ ਮੋਹ ਤਾਜੋ ਨੂੰ ਆਪ ਮੁਹਾਰੇ ਚਲੇ ਜਾਵਣ ਤੋਂ ਰੋਕਦਾ ਰਿਹਾ। ਨਾਲ਼ੇ ਪੇਕੇ ਕੰਡ ਤੇ ਨਾ ਹੋਵਣ ਤਾਂ ਸਹੁਰੇ ਘਰ ਵੀ ਕਿਹੜੀ ਕਦਰ ਹੁੰਦੀ ਏ ਤੀਵੀਂ ਦੀ, ਇਹੀ ਸੋਚ ਉਹਨੂੰ ਵਰਜਦੀ ਰਹੀ।

ਤਾਜੋ ਤੇ ਉਹਦੇ ਭਰਾ ਫੱਜੇ ਦਾ ਵਿਆਹ ਦੋ-ਢਾਈ ਵਰ੍ਹੇ ਪਹਿਲੋਂ ਇਕੱਠਾ ਈ ਹੋਇਆ ਸੀ, ਇੱਕੋ ਘਰੇ। ਤੇ ਬੜੀ ਔਖਤ ਨਾਲ਼ ਹੋਈ ਸੀ ਇਹ ਕੁੜਮਾਈ। ਤਾਜੋ ਲਈ ਰਿਸ਼ਤਿਆਂ ਦੀ ਕੋਈ ਥੁੜ੍ਹ ਨਹੀਂ ਸੀ। ਰਿਸ਼ਤੇ ਦੀ ਘਾਟ ਸੀ ਤਾਂ ਬਸ ਉਹਦੇ ਭਰਾ ਫੱਜੇ ਟੀਰੇ ਲਈ ਈ। ਜਿਹਦੀਆਂ ਅੱਖੀਂ ਚੁੰਨ੍ਹੀਆਂ ਸਨ ਨਾਲ਼ੇ ਇਕ ਅੱਖੋਂ ਟੀਰਾ ਵੀ ਸੀ। ਤੇ ਅੱਖ ਜ਼ਰੀ ਪਲੰਗਾਕੇ ਵੇਖਣ ਪਾਰੋਂ ਈ ਲੋਕ ਉਹਨੂੰ ਫੱਜਾ ਟੀਰਾ ਬੋਲਦੇ ਸਨ। ਏਸ ਬੱਜ ਤੋਂ ਛੁੱਟ ਉਹਦਾ ਇਕ ਵਸਬ ਹੋਛਾ ਹੋਵਣ ਤੇ ਸੁਭਾਅ ਆਪਣੇ ਦਾ ਕੌੜਾਪਣ ਵੀ ਸੀ। ਐਬਾਂ ਦੀ ਟੋਹ ਵਿੱਚ ਰਹਿਣ ਵਾਲ਼ੇ ਸ਼ਰੀਕੇ ਲਈ ਏਨਾ ਕੁਝ ਕਾਫ਼ੀ ਸੀ। ਅੱਵਲ ਤਾਂ ਏਸ ਹਾਲ ਕੋਈ ਰਿਸ਼ਤਾ ਮਿਲਣਾ ਈ ਔਖਾ ਸੀ, ਭਲਾ ਅੱਖੀਂ ਡਿੱਠਾ ਥੁੱਕ ਕੌਣ ਚੱਟੇ। ਪਰ ਜੇ ਕੋਈ ਆ ਵੀ ਜਾਂਦਾ ਤਾਂ ਸ਼ਰੀਕ ਭਾਨ ਮਾਰ ਦੇਂਦੇ।

ਏਸੇ ਗੇੜ ਫੱਜੇ ਦਾ ਰਿਸ਼ਤਾ ਭਾਲ਼ਦਿਆਂ ਤਾਜੋ ਲਈ ਵੀ ਕਈ ਰਿਸ਼ਤੇ ਆਏ ਜੋ ਮਾਕੂਲ ਵੀ ਸਨ ਪਰ ਰੱਦੇ ਗਏ, ਸਿਰਫ਼ ਏਸੇ ਕਾਰਨ ਕਿ ਤਾਜੋ ਦੀ ਅਜੇ ਵਾਰੀ ਨਹੀਂ ਸੀ। ਫੱਜਾ ਕਿਉਂ ਜੋ ਵੱਡਾ ਸੀ ਤੇ ਘਰ ਵਾਲ਼ੇ ਪਹਿਲੇ ਉਹਦਾ ਈ ਵਿਆਹ ਚਾਹੁੰਦੇ ਸਨ। ਮਰਯਾਦਾ ਦੇ ਉਲ਼ਟ ਆਪਣੀ ਵਾਰੀ ਤੋਂ ਪਹਿਲੇ ਤਾਜੋ ਦਾ ਵਿਆਹ ਇਕ ਅਚਰਜ ਗੱਲ ਹੁੰਦੀ। ਲੋਕ ਉਹਦੀ ਪਵਿੱਤਰਤਾ ਤੇ ਸ਼ੱਕ ਕਰਦੇ ਕਿ ਪਿੰਡਾਂ ਵਿੱਚ ਅਜਿਹਾ ਵਿਆਹ ਉਸ ਕੁੜੀ ਦਾ ਕੀਤਾ ਜਾਂਦਾ ਹੈ, ਜਿਹਦੇ ਤੋਂ ਮਾਪਿਆਂ ਦੀ ਪੱਗ ਨੂੰ ਦਾਗ਼ ਲੱਗਣ ਦਾ ਖ਼ੌਫ਼ ਹੋਵੇ। ਪਰ ਤਾਜੋ ਤੋਂ ਉਹਦੇ ਮਾਪਿਆਂ ਨੂੰ ਅਜਿਹਾ ਕੋਈ ਡਰ-ਖ਼ੌਫ਼ ਨਹੀਂ ਸੀ, ਉਹ ਨਚਿੰਤ ਸਨ ਤੇ ਉਹਨਾਂ ਦਾ ਮਤਾ ਫੱਜੇ ਦੇ ਵਿਆਹ ਦਾ ਈ ਸੀ ਤੇ ਉਹ ਅਜੇ ਫੱਜੇ ਦਾ ਰਿਸ਼ਤਾ ਈ ਭਾਲ਼ਦੇ ਫਿਰਦੇ ਸਨ।

ਗੱਲ ਹਮੇਸ਼ ਕੁੜੀ ਵਾਲ਼ਿਆਂ ਪਾਸੋਂ ਰਹਿ ਜਾਂਦੀ ਸੀ। ਉਹ ਆ ਕੇ ਵੇਖਦੇ ਤੇ ਵੇਖਕੇ ਚਲੇ ਜਾਂਦੇ, ਪਿੱਛੋਂ ਕੁਝ ਦਿਨਾਂ ਬਾਦ, "ਨਾਂਹ" ਦਾ ਜਵਾਬ ਆ ਜਾਂਦਾ। ਕਈ ਲੋਕਾਂ ਨੂੰ ਫੱਜਾ ਪਸੰਦ ਨਾ ਆਉਂਦਾ, ਬਾਅਜ਼ ਥਾਂ ਸ਼ਰੀਕ ਭਾਨ ਮਾਰ ਦੇਂਦੇ। ਇਕ-ਦੋ ਵਾਰ ਜਦ ਮੰਗੇਵਾਂ ਹੁੰਦਾ-ਹੁੰਦਾ ਰਹਿ ਗਿਆ,



ਤਾਂ ਫੱਜੇ ਨੇ ਕੁੜੀਜ ਕੇ ਗਲ਼ੀ -ਮਹੱਲੇ ਨੂੰ ਗਾਹਲ਼-ਮੰਦਾ ਚਾ ਕੀਤਾ, "ਕਿਸੇ ਨੇ ਕੁੜੀ ਦੇਣੀ ਏ ਆਪਣੀ ਤਾਂ ਸਿੱਧੀ ਤਰ੍ਹਾਂ ਗੱਲ ਕਰੇ...।" ਉਹ ਵਿਹੜੇ 'ਚ ਖੜਾ ਕਿੰਨੀ ਦੇਰ ਅਬਾ-ਤਬਾ ਬੋਲਦਾ ਰਿਹਾ। ਉਹਨੂੰ ਉੱਚੀ ਉੱਚੀ ਬੋਲਦਾ ਵੇਖ ਆਂਢ-ਗਵਾਂਢ ਆ ਇੱਕਠਾ ਹੋਇਆ।

"ਕਿਸੇ ਨੂੰ ਤੇਰਾ ਸਾੜਾ ਏ ਬੀਬਾ।"

"ਲੋਕਾਂ ਕੋਈ ਭਲਾ ਮਰਲੇ ਸਾਂਭਣੇ ਨੇਂ ਤੇਰੇ।"

"ਡਿੱਗਾ ਖੋਤੀ ਤੋਂ ਗੁੱਸਾ ਘੁਮਿਆਰ ਤੇ।"

"ਲੈ ਖਾਂ ਪਸੰਦ ਆਪ ਨਾ ਆਵੇ ਗਾਹਲ਼ਾਂ ਲੋਕਾਂ ਨੂੰ।"

ਫੱਜੇ ਦੇ ਚੁੱਪ ਹੋਣ ਸਾਰ ਈ ਇੰਜ ਬੁੜ ਬੁੜ ਕਰਦੀ ਇਹ ਭੀੜ ਖਿੰਡ ਗਈ ਸੀ।

ਏਸ ਗਾਹਲ਼-ਮੰਦੇ ਪਿੱਛੋਂ ਸਾਕ ਮਿਲਣ ਦੀ ਰਹੀ-ਸਹੀ ਆਸ ਵੀ ਮੁੱਕ ਗਈ ਤੇ ਫੱਜੇ ਕਿਆਂ ਰਿਸ਼ਤੇ ਭਾਲਣੇ ਛੱਡ ਦਿੱਤੇ। ਓੜਕ ਕੋਈ ਪੁੱਗਦਾ ਤੇ ਹੈ ਨਹੀਂ ਸੀ।

"ਮੈਂ ਤੇ ਆਖਦਾਂ ਕਿੱਧਰੇ ਆਹ ਢੇਰੀ ਔਂਤਰ ਈ ਨਾ ਜਾਊ।" ਫੱਜੇ ਦੇ ਸਾਰੇ ਹਾਣੀ ਜਦੋਂ ਦੋ ਦੋ ਚਾਰ ਚਾਰ ਬਾਲਾਂ ਦੇ ਪਿਓ ਬਣ ਗਏ ਤਾਂ ਉਸ ਘਰ ਵਾਲ਼ਿਆਂ ਨੂੰ ਇਹ ਕਹਿਣਾ ਸ਼ੁਰੂ ਕਰ ਦਿੱਤਾ। ਉਹਨਾਂ ਨੂੰ ਵੀ ਏਸ ਗੱਲ ਦੀ ਚਿੰਤਾ ਹੋਈ ਤਾਂ ਫੇਰ ਤਾਜੋ ਦੇ ਵੱਟੇ ਵਿੱਚ ਫੱਜੇ ਦਾ ਰਿਸ਼ਤਾ ਢੂੰਡਿਆ ਜਾਵਣ ਲੱਗਾ, ਜੋ ਛੇਤੀ ਈ ਮਿਲ਼ ਗਿਆ। ਜੇ ਕਿਸੇ ਨੇ ਚੁੰਨ੍ਹੇ ਤੇ ਟੀਰੇ ਨੂੰ ਕੁੜੀ ਦਾ ਸਾਕ ਦਿੱਤਾ ਸੀ ਤਾਂ ਆਪਣੇ ਅਧਖੜ ਤੇ ਥੱਬੇ ਲਈ ਤਾਜੋ ਦਾ ਰਿਸ਼ਤਾ ਲਿਆ ਵੀ ਸੀ। ਆਪਣੇ ਵਲੋਂ ਦੋਵੇਂ ਧਿਰਾਂ ਸਾਂਵੀਆਂ ਰਹੀਆ ਸਨ। ਕਸਰ ਕਿੱਧਰੇ ਜੇ ਲੱਗੀ ਸੀ ਤਾਂ ਤਾਜੋ ਨੂੰ ਜਾਂ ਫੇਰ ਉਹਦੀ ਹੋਵਣ ਵਾਲ਼ੀ ਭਰਜਾਈ ਨੂੰ।

"ਹੋਰ ਤੇ ਸਭ ਠੀਕ ਏ ਮੁੰਡਾ ਜਰੀ ਗੱਲ ਲਮਕਾ ਕੇ ਕਰਦਾ ਏ।" ਉਹਦੇ ਵਰ ਬਾਰੇ ਜਦ ਦੱਸਿਆ ਗਿਆ ਤਾਂ ਉਹ ਮਨ ਈ ਮਨ ਵਿੱਚ ਬੜਾ ਝੁਰੀ। ਉਸ ਹਮੇਸ਼ ਆਪਣੀਆਂ ਸੱਜ ਵਿਆਹੀਆਂ ਸਹੇਲੀਆਂ ਨੂੰ ਉਹਨਾਂ ਦੇ ਖੌਂਦਾਂ ਬਾਰੇ ਮਜ਼ਾਕ ਕੀਤੇ ਸੀ। ਉਹਨਾਂ ਨੂੰ ਚੋਂਭੜਾਂ ਲਾਈਆਂ ਸਨ। ਤੇ ਆਪਣੇ ਲਈ ਸਦਾ ਇਕ ਚੰਗੇ ਵਰ ਦੀ ਆਸ ਕੀਤੀ ਸੀ। ਕਿਸੇ ਵੀ ਬੱਜ ਤੋਂ ਪਾਕ ਵਰ ਦੀ, ਇਕ ਅਜਿਹਾ ਵਰ ਜਿਹਦੇ ਤੇ ਸਖੀਆਂ ਵਿੱਚ ਮਾਣ ਕੀਤਾ ਜਾ ਸਕੇ। ਉਹਨੂੰ ਅਜ਼ੀਜ਼ ਮਿਸਰ ਦੀ ਤਰੀਮਤ, ਯੂਸਫ਼-ਜ਼ੁਲੈਖ਼ਾਂ ਦੇ ਕਿੱਸੇ ਵਿਚਲੀ ਤ੍ਰੀਮਤ ਤੇ ਬੜਾ ਰਸ਼ਕ ਆਂਵਦਾ। ਉਸ ਤ੍ਰੀਮਤ ਆਪਣੀਆਂ ਸਹੇਲੀਆਂ ਨੂੰ ਜਦੋਂ ਯੂਸਫ਼ ਦੇ ਦਰਸ਼ਨ ਕਰਵਾਂਦੇ ਤਾਂ ਬੇਸੁਰਤੀ 'ਚ ਉਹਨਾਂ ਆਪਣੀਆਂ ਉਂਗਲ਼ੀਆਂ ਵੱਢ ਲਈਆਂ ਸਨ। ਤਾਜੋ ਵੀ ਚਾਂਹਦੀ ਸੀ ਕਿ ਉਹਦੀਆਂ ਸਖੀਆਂ ਸਹੇਲੀਆਂ ਜਦ ਉਹਦੇ ਸਿਰ ਦੇ ਸਾਈਂ ਨੂੰ ਵੇਖਣ ਤਾਂ ਆਪਣੀਆਂ ਉਂਗਲਾਂ ਤਾਂ ਉਹ ਬੇਸ਼ਕ ਨਾ ਵੱਢਣ ਪਰ ਇਹ ਜ਼ਰੂਰ ਹੋਵੇ ਕਿ ਉਹਨਾਂ ਦੀਆਂ ਜੀਭਾਂ ਗੁੰਗ ਹੋ ਜਾਵਣ ਤੇ ਉਹ ਉਹਦੀ ਖਿੱਲੀ ਨਾ ਉਡਾ ਸਕਣ।

ਤਾਜੋ ਦੀ ਜਾਚੇ ਅਜਿਹਾ ਵਰ ਜੇ ਕੋਈ ਹੈ ਸੀ ਤਾਂ ਇਕ, ਉਹਦੀ ਖ਼ਾਲਾ (ਮਾਸੀ) ਦਾ ਮੁੰਡਾ ਈ ਸੀ। ਜਿਹਦੇ ਉਹਨੇ ਸੁਫ਼ਨੇ ਵੇਖੇ ਸਨ। ਤੇ ਆਪਣੇ ਮਨ ਵਿੱਚ ਜਿਹਦੀ ਖਿੱਚ ਮਹਿਸੂਸ ਕੀਤੀ ਸੀ। ਸ਼ਾਇਦ ਉਹਦੇ ਇਹ ਸੁਫ਼ਨੇ ਪੂਰੇ ਵੀ ਹੋ ਜਾਂਦੇ ਜੇ ਇਹ ਵੱਟੇ-ਸੁੱਟੇ ਵਾਲ਼ੀ ਅੜਚਣ ਨਾ ਪੈਂਦੀ। ਖ਼ਾਲਾ ਨੇ ਕਿੰਨਾ ਜ਼ੋਰ ਲਾਇਆ ਸੀ ਤਾਜੋ ਦੇ ਸਾਕ ਲਈ ਪਰ ਉਹਦੇ ਆਪਣੇ ਘਰ ਵਾਲ਼ਿਆਂ ਦੀ, "ਦੇ ਵੀ ਦਓ ਤੇ ਲੈ ਵੀ ਲਓ" ਵਾਲ਼ੀ ਜਿਦ ਆੜੇ ਆ ਗਈ ਸੀ।

"ਨਾ ਬਈ ਮੈਂ ਜੋ ਭਲ਼ਕ ਨੂੰ ਏਸ ਮੇਲ਼-ਮੁਲਾਕਾਤ ਤੋਂ ਵੀ ਜਾਊਂ ਸੌ ਗੱਲਾਂ ਨਿੱਕਲ਼ ਆਉਂਦੀਆਂ ਓੜਕ ਏਸ ਵੱਟੇ ਸੱਟੇ ਵਿੱਚ।" ਖ਼ਾਲਾ ਨੇ ਕਿਹਾ ਸੀ ਤੇ ਅਖ਼ੀਰ "ਫੱਜਾ ਮੇਰੀ ਕੁੜੀ ਦੇ ਹਾਣ ਈ ਨਹੀਂ, ਜੋੜ ਈ ਨਹੀਂ ਬਣਦਾ ਕੋਈ।" ਆਖਦਿਆਂ ਖ਼ਾਲਾ ਨੇ ਰਿਸ਼ਤੇ ਵਾਲ਼ੀ ਗੱਲ ਠੱਪ ਕਰ ਦਿੱਤੀ ਸੀ।

ਵਿਆਹ ਪਿੱਛੋਂ ਦੋਨਾਂ ਪਾਸੇ ਨਣਾਨ-ਭਰਜਾਈ ਦਾ ਰਿਸ਼ਤਾ ਹੋਣ ਘਰੋਂ ਜੋ ਗੱਲਾਂ ਨਿੱਕਲਣੀਆਂ

ਚਾਹੀਦੀਆਂ ਸਨ ਉਹ ਨਹੀਂ ਸੀ ਨਿੱਕਲ਼ੀਆਂ। ਆਖ਼ਰ ਇਹ ਗੱਲਾਂ ਨਿੱਕਲਣੀਆਂ ਕਿਸ ਵਲੋਂ ਸੀ, ਤਾਜੋ ਤੋਂ ਜਾਂ ਉਹਦੀ ਭਰਜਾਈ ਤੋਂ।

ਤਾਜੋ ਨੂੰ ਤੇ ਵਿਆਹ ਤੋਂ ਪਹਿਲੇ ਈ ਆਪਣੀ ਹੋਣ ਵਾਲ਼ੀ ਭਰਜਾਈ ਨਾਲ਼ ਹਮਦਰਦੀ ਜਿਹੀ ਹੋ ਗਈ ਸੀ। ਤੇ ਵਿਆਹ ਤੋਂ ਪਿੱਛੋਂ ਉਹਦੀ ਭਰਜਾਈ ਦਾ ਵਰਤਾਰਾ ਵੀ ਉਹਦੇ ਨਾਲ਼ ਸਖੀਆਂ-ਸਹੇਲੀਆਂ ਵਾਲ਼ਾ ਈ ਰਿਹਾ ਸੀ ਨਣਾਨ-ਭਰਜਾਈ ਵਾਲ਼ਾ ਨਹੀਂ। ਏਸ ਦਾ ਕਾਰਨ ਸ਼ਾਇਦ ਦੋਨਾਂ ਦੇ ਦੁੱਖ ਦੀ ਸਾਂਝ ਸੀ ਕਿ ਉਹ ਦੋਵੇਂ ਈ ਸਮਾਜ ਦੇ ਚਾਲੂ ਵਿਹਾਰ ਹੱਥੋਂ ਧਰੋਹ ਦਾ ਸ਼ਿਕਾਰ ਹੋਈਆਂ ਸਨ।

ਤਾਜੋ ਦੇ ਘਰ ਵਾਲ਼ਾ ਥੱਥਾ ਵੀ ਸੀ ਤੇ ਉਮਰੋਂ ਢੇਰ ਵੱਡਾ ਵੀ, "ਨੀ ਤੈਨੂੰ ਉਹਦੀ ਗੱਲ ਦੀ ਸਮਝ ਕਿਵੇਂ ਆਉਂਦੀ ਏ, ਤ...ਤਤ... ਤਤ ਆ ... ਜੋ।" ਮੁਕਲਾਵੇ ਤੇ ਜਦ ਇਕ ਸਹੇਲੀ ਨੇ ਉਹਦੇ ਖੌਂਦ ਦਾ ਸਾਂਗ ਲਾ ਕੇ ਕਿਹਾ ਤਾਂ ਉੱਥੇ ਮੌਜੂਦ ਸਾਰੀਆਂ ਈ ਕੁੜੀਆਂ ਤਾੜੀ ਮਾਰਕੇ ਹੱਸ ਪਈਆਂ ਸੀ ਤੇ ਉਸ ਤੋਂ ਅੱਗੋਂ ਜਵਾਬ ਵਿੱਚ ਝੂਠਾ ਵੀ , "ਚੱਲ ਨੀ ਚੱਲ" ਕਹਿ ਨਹੀਂ ਹੋਇਆ।

ਪਰ ਜੋ ਵੀ ਸੀ ਤਾਜੋ ਹੁਣ ਆਪਣਾ ਘਰ ਬਣਾ ਕੇ ਬਹਿ ਗਈ ਹੋਈ ਸੀ, ਬਿਲਕੁਲ ਆਪਣੀ ਭਰਜਾਈ ਦੀ ਤਰ੍ਹਾਂ। ਤੇ ਫੇਰ ਉਹੀ ਘਰ ਅਜਿਹਾ ਛੁੱਟਿਆ ਕਿ ਮੁੜ ਮੂੰਹ ਵੇਖਣ ਵੀ ਨਾ ਹੋਇਆ ਉਹਦਾ। ਤੇ ਹੁਣ ਪੇਕੇ ਘਰ ਆਪਣੀ ਬਾਲੜੀ ਦੇ ਆਹਰੇ ਦਿਨ ਪਈ ਕੱਟਦੀ ਸੀ। ਤਾਜੋ ਦੇ ਭਾਣੇ ਇਹ ਉਹਦੇ ਸਹੁਰਿਆਂ ਦਾ ਉਹਦੇ ਨਾਲ਼ ਕੀਤਾ ਹੋਇਆ ਇਕ ਭਲਾ ਈ ਸੀ ਕਿ ਉਹਨਾਂ ਬਾਲੜੀ ਉਹਨੂੰ ਲਿਖ ਕੇ ਦੇ ਦਿੱਤੀ ਹੋਈ ਸੀ। ਉਹ ਨਹੀਂ ਜਾਣਦੀ ਕਿ ਬਾਲੜੀ ਨੂੰ ਅਗਲਿਆਂ ਕੀ ਕਰਨਾ ਸੀ, ਮੁੰਡਾ ਹੁੰਦਾ ਤਾਂ ਰੱਖ ਵੀ ਲੈਂਦੇ ਆਪਣੇ ਵਲੋਂ ਤੇ ਉਹਨਾਂ ਆਪਣਾ ਪੱਲਾ ਪਾਕ ਕੀਤਾ ਸੀ ਤਾਂ ਜੋ ਅਗਦੋਂ ਸਾਕ ਮਿਲਣ ਵਿੱਚ ਸੌਖ ਰਵ੍ਹੇ, ਨਾਲ਼ੇ ਖ਼ਰਚੇ ਦੇ ਦਾਅਵੇ ਤੋਂ ਵੀ ਚੁੰਡ ਛੁੱਟੀ।

ਤਾਜੋ ਨੂੰ ਤਲਾਕ ਮਿਲਦੇ ਈ ਇਹਦੇ ਵੱਟੇ ਵਿੱਚ ਦੁਬਾਰਾ ਫੱਜੇ ਲਈ ਨਵੇਂ ਰਿਸ਼ਤੇ ਦੀ ਭਾਲ਼ ਹੋਣ ਲੱਗੀ। ਹੁਣ ਕੋਈ ਰਿਸ਼ਤਾ ਮਿਲਣਾ ਔਖਾ ਸੀ ਪਹਿਲੇ ਨਾਲੋਂ ਵੀ ਕਿੱਧਰੇ ਔਖਾ ਕਿ ਉਹਦੇ ਪਿਛਲੇ ਐਬਾਂ 'ਚ ਢਲ਼ਦੀ ਹੋਈ ਉਮਰ ਹੁਣ ਇਕ ਹੋਰ ਬੱਜ ਦਾ ਵਾਧਾ ਸੀ। ਮੁੰਡਿਆਂ ਵਾਲ਼ੀ ਤਾਂ ਅਸਲੋਂ ਉਹਦੇ ਵਿੱਚ ਕੋਈ ਗੱਲ ਈ ਨਹੀਂ ਰਹਿ ਗਈ ਹੋਈ। ਏਸ ਹਾਲ ਜੇ ਕੋਈ ਅੜਿਆ-ਬੁੜਿਆ ਆ ਵੀ ਜਾਂਦਾ ਜਾਂ ਅੱਗੋਂ ਤਾਜੋ ਦੀ ਬਾਲੜੀ ਵੇਖ ਜਰਕ ਜਾਂਦਾ। ਅਖੇ !

"ਕੀ ਪਤਾ ਅਗਲੇ ਦਾ ਖ਼ੂਨ ਕਿੰਜ ਦਾ ਸੀ, ਕੱਲ ਨੂੰ ਖੌਰੇ ਜਵਾਨ ਹੋ ਕੇ ਬਾਲੜੀ ਕਿੰਜ ਦੀ ਨਿਕਲ਼ੇ।" ਤੇ ਰਿਸ਼ਤਾ ਵੇਖਣ ਆਏ ਆਪਣੇ ਆਪ ਨੂੰ ਭਲ਼ਕ ਦੇ ਏਸ ਕਲੰਕ ਤੋਂ ਬਚਾ ਕੇ ਚਲੇ ਜਾਂਦੇ।

ਤੇ ਅੱਜ ਫੇਰ ਕੁਝ ਲੋਕ ਤਾਜੋ ਤੇ ਉਹਦੇ ਭਰਾ ਫੱਜੇ ਨੂੰ ਵੇਖਣ ਲਈ ਆ ਰਹੇ ਸੀ। ਉਹਨਾਂ ਨਾਲ਼ ਰਿਸ਼ਤੇ ਦੀ ਗੱਲ ਕਿੰਨ੍ਹੇ ਦਿਨਾਂ ਤੋਂ ਚੱਲਦੀ ਪਈ ਸੀ। ਫੱਜੇ ਹੋਰੀਂ ਝਾਤੀ ਮਾਰ ਆਏ ਸਨ ਤੇ ਆਪਣੇ ਵਲੋਂ "ਹਾਂ" ਦਾ ਇਸ਼ਾਰਾ ਵੀ ਕਰ ਆਏ ਸੀ। ਐਦਕੀਂ ਅਗਲਿਆਂ ਨੂੰ ਤਾਜੋ ਦੀ ਬਾਲੜੀ ਦਾ ਅਗਦੋਂ ਈ ਦੱਸ ਦਿੱਤਾ ਗਿਆ ਸੀ। ਤੇ ਉਹਨਾਂ ਨੂੰ ਵੀ ਤਾਜੋ ਦੇ ਨਾਲ਼ ਉਹਦੀ ਬਾਲੜੀ ਦੇ ਹੋਵਣ ਤੇ ਕੋਈ ਇਕਤਰਾਜ਼ ਨਹੀਂ ਸੀ। ਕਿਉਂ ਜੋ ਫੱਜੇ ਕਿਆਂ ਦੇ ਗ਼ਰਜ਼ਮੰਦ ਹੋਵਣ ਦੀ ਤਰ੍ਹਾਂ ਉਹ ਵੀ ਕੋਈ ਲੋੜਵੰਦ ਈ ਸੀ। ਫੱਜੇ ਦੀ ਹੋਵਣ ਵਾਲ਼ੀ ਤੀਵੀਂ ਨੂੰ ਕਿੱਧਰੇ ਪਹਿਲੋਂ ਤਲਾਕ ਮਿਲ਼ੀ ਹੋਈ ਸੀ। ਤੇ ਫੱਜੇ ਦੇ ਹਾਣ ਉਹ ਵੀ ਅਧਖੜ ਈ ਸੀ। ਤਾਜੋ ਦਾ ਜੋੜ ਐਦਕੀਂ ਥੱਥਾ ਤੇ ਭਾਵੇਂ ਨਹੀਂ ਸੀ ਪਰ ਉਹਦੇ ਤੋਂ ਦੂਣੀ ਉਮਰ ਦਾ ਜ਼ਰੂਰ ਸੀ, ਜਿਹਦੇ ਘਰ ਵਾਲ਼ੀ ਨੂੰ ਮੋਇਆ ਅਜੇ ਥੋੜਾ ਚਿਰ ਈ ਹੋਇਆ ਸੀ।

ਇਕ ਵਾਰ ਫੇਰ ਇਹ ਸਭ ਉਹਦੀ ਮਰਜ਼ੀ ਦੇ ਖ਼ਿਲਾਫ਼ ਹੋ ਰਿਹਾ ਸੀ। ਕੁਝ ਲੋਕ ਏਥੇ ਪ੍ਰਾਹੁਣੇ ਆਵਣ ਵਾਲ਼ੇ ਸੀ ਤੇ ਤਾਜੋ ਵਿਹੜੇ ਦੀ ਇਕ ਨੁੱਕਰੇ ਗ਼ਮ ਦੀ ਮੂਰਤ ਬਣੀ ਬੈਠੀ ਸੀ। ਉਹ ਅਹਿਤਜਾਜ (ਵਿਰੋਧ) ਨਹੀਂ ਸੀ ਕਰ ਸਕਦੀ। ਹੱਥ-ਛੁੱਟ ਫੱਜੇ ਤੋਂ ਹੱਡੀਆਂ ਨਹੀਂ ਸੀ ਤੁੜਵਾ ਸਕਦੀ। ਅਹਿਤਜਾਜ



ਤੇ ਉਸ ਕਦੀ ਬਾਲਪੁਣੇ ਵਿੱਚ ਕਦੀ ਕੀਤਾ ਹੋਵੇ ਤਾਂ ਸ਼ਾਇਦ। ਜਦ ਉਹਦੇ ਅਹਿਤਜਾਜ ਨੂੰ ਉਹਦੀ ਜ਼ਿਦ ਆਖ ਕੇ ਟਾਲ਼ ਦਿੱਤਾ ਜਾਂਦਾ ਸੀ। ਚਾਰ ਜੀਆਂ ਦੀ ਕਬੀਲਦਾਰੀ ਵਿੱਚ ਜਦ ਸਭ ਕੁਝ ਹੁੰਦੇ-ਸੁੰਦੇ ਵੀ ਉਹਨੂੰ ਕਦੀ ਰੱਜਵਾਂ ਟੁੱਕ ਨਹੀਂ ਸੀ ਜੁੜਿਆ, ਕਦੇ ਚੰਗਾ ਲੀੜਾ-ਲੱਤਾ ਨਹੀਂ ਸੀ ਮਿਲਿਆ, ਕਿਸੇ ਮੇਲੇ-ਠੇਲ੍ਹੇ ਤੇ ਨਹੀਂ ਸੀ ਲਜਾਇਆ ਗਿਆ ਤੇ ਕਿੱਧਰੇ ਵਾਂਢੇ ਨਹੀਂ ਸੀ ਰਹਿਣ ਦਿੱਤਾ ਗਿਆ। ਸਿਰਫ਼ ਦੇਸ਼ ਲਈ ਕਿ ਉਹ ਇਕ ਕੁੜੀ ਸੀ ਤੇ ਉਹਦੇ ਉਲਟ ਇਹ ਸਭ ਕੁਝ ਫੱਜੇ ਨੂੰ ਹਾਸਲ ਸੀ ਬਸ ਏਸ ਲਈ ਕਿ ਉਹ ਇਕ ਮੁੰਡਾ ਸੀ। ਬਾਲਪੁਣੇ ਵਿੱਚ ਉਹ ਫੱਜੇ ਨਾਲ਼ ਸਾਵਿਆਂ ਹੋਵਣ ਦੀ ਜ਼ਿਦ ਕਰਦੀ ਤੇ ਅੱਗੋਂ ਫੱਜਾ, "ਤੈਨੂੰ ਪਤਾ ਨਹੀਂ ਤੂੰ ਕੁੜੀ ਏਂ।" ਆਖਦਿਆਂ ਉਹਨੂੰ ਪਟੱਕ ਕਰ ਦੀ ਚਪੇੜ ਕੱਢ ਮਾਰਦਾ। "ਨਹੀਉਂ ਵੱਜੀ, ਤੇਰੀ ਕਾਣੀ ਅੱਖ ਭੱਜੀ।" ਕਦੀ ਉਹ ਵਾਰ ਬਚਾਕੇ ਆਖਦੀ ਤੇ ਫੱਜਾ ਟੀਰਾ ਏਸ ਕਾਣੀ ਅੱਖ ਵਾਲ਼ੀ ਚੋਂਬੜ ਤੋਂ ਚਿੜ ਕੇ ਹੋਰ ਮਾਰਦਾ।

ਔਰਤ ਤੋਂ ਵਧ ਕੇ ਵੀ ਕੋਈ ਸੰਤੋਖੀ ਹੋਣਾ ਏ ਭਲਾ? ਘਰ ਦੀ ਚਾਰ-ਦੀਵਾਰੀ ਵਿੱਚ ਬਾਲਪੁਣੇ ਤੋਂ ਈ ਜਦ ਉਹਦੀਆਂ ਨਿੱਕੀਆਂ-ਨਿੱਕੀਆਂ ਸੱਧਰਾਂ ਨੂੰ "ਤੂੰ ਕੁੜੀ ਏਂ" ਆਖ ਕੇ ਵਰਜਿਆ ਜਾਂਦਾ ਏ ਤਾਂ ਜਵਾਨ ਹੋ ਕੇ ਘਰ ਤੋਂ ਬਾਹਰ ਸਮਾਜ ਦੇ ਵਿਸ਼ਾਲ ਘੇਰੇ ਵਿੱਚ ਫੇਰ ਆਪਣੇ ਨਾਲ਼ ਹੋਵਣ ਵਾਲ਼ੇ ਧਰੋਅ ਨੂੰ ਸਹਿ ਜਾਣ ਦੀ ਆਦਤ ਜਿਹੀ ਹੋ ਜਾਂਦੀ ਏ ਔਰਤ ਨੂੰ। ਅਹਿਤਜਾਜ ਨਹੀਂ ਸੀ ਕਰ ਸਕਦੀ ਪਰ ਤਾਜੋ ਝੁਰ ਸਕਦੀ ਸੀ । ਉਹ ਵੀ ਮਨ ਈ ਮਨ ਅੰਦਰ ਤੇ ਰੋ ਸਕਦੀ ਪਰ ਬੁੱਲ੍ਹ ਚਿੱਥ ਕੇ।

ਤਾਈ ਜੰਨਤੇ ਨੇ ਤਾਜੋ ਨੂੰ ਉਠਾਲ ਦਿੱਤਾ ਤਾਂ ਉਹ ਨਿੱਕ-ਨਿੱਕੇ ਡਗ ਭਰਦੀ, ਮੂੰਹ-ਹੱਥ ਧੋਣ ਲਈ ਖੁਰੇ 'ਚ ਆਣ ਖਲੋਤੀ। ਉਸ ਬਾਲੜੀ ਨੂੰ ਵੇਖਿਆ ਉਹ ਹੁਣ ਆਪਣੇ ਧਿਆਨ ਵਿਹੜੇ ਵਿੱਚ ਖੇਡ ਰਹੀ ਸੀ।

ਘਰ 'ਚ ਇਕ ਸੋਗ ਭਿੰਨੀ ਡੌਰ-ਭੌਰੀ ਚੁੱਪ ਸੀ। ਏਨੀ ਚੁੱਪ ਕਿ ਘਰ ਨਾਲ਼ ਜੁੜਵੇਂ ਡੰਗਰਾਂ ਦੇ ਵਾੜੇ 'ਚ ਹੋਵਣ ਵਾਲ਼ੀ ਗੱਲਬਾਤ ਖੁਰੇ 'ਚ ਵੀ ਸਾਫ਼ ਸੁਣੀ ਜਾਂਦੀ ਸੀ।

ਉਧਰੋਂ ਨਵੀਂ ਲਿਆਂਦੀ ਮੱਝ ਕੋਲ਼ ਖੜੋਤਾ ਕੋਈ ਬੰਦਾ ਫੱਜੇ ਨਾਲ਼ ਗੱਲਾਂ 'ਚ ਰੁੱਝਾ ਸੀ,

"ਲਵੇਰੀ ਤਾਂ ਚੰਗੀ ਏ ਪਈ ਕਿੰਨੇ ਦੀ ਲਿਆਂਦੀ ਊ? "

"ਬਸ ਢੋਅ ਲੱਗ ਗਿਆ ਸਮਝ।"

"ਫੇਰ ਵੀ ਕੁਝ ਪਤਾ ਤੇ ਲੱਗੇ।"

"ਉਹ ਮੀਣੇ ਸਿੰਗਾਂ ਵਾਲ਼ੀ ਬੂਰੀ ਨਹੀਂ ਸੀ ਆਪਣੀ? "

"ਆਹੋ।"

"ਉਹਦੇ ਤੋਂ ਵਟਾਂਦਰਾ ਲਾਇਆ ਏ। "

ਤਾਜੋ ਦਾ ਮਨ ਪੀੜ ਨਾਲ਼ ਭਰ ਗਿਆ ਤੇ ਅੱਖੀਆਂ 'ਚ ਤਰਦੇ ਹੰਝੂਆਂ ਤੋਂ ਪਰੇ ਮਨ ਦੇ ਪਾਤਾਲ ਵਿਚਲੇ ਦੁੱਖ ਦਾ ਪਛਾਵਾਂ ਚਿਹਰੇ ਤੇ ਹੋਰ ਗੂੜ੍ਹਾ ਹੋ ਗਿਆ। ਏਸ ਪਲ ਔਰਤ ਉਹਨੂੰ ਬੜੀ ਈ ਹੀਣੀ ਜਾਪੀ। ਉਹਨੂੰ ਲੱਗਾ ਜਿਵੇਂ ਉਹ ਕੋਈ ਮੱਝ ਗਾਂ ਹੋਵੇ ਜਿਹਦਾ ਕਿਸੇ ਵੀ ਦੂਜੀ ਮੱਝ ਗਾਂ ਨਾਲ ਵਟਾਂਦਰਾ ਹੋ ਸਕਦਾ ਏ। ਏਸ ਨਰ ਪ੍ਰਧਾਨ ਸਮਾਜ ਦੀ ਚਾਲੂ ਮੰਡੀ ਵਿੱਚ...। ੦

**ਪਤਾ : ਮਾਰਫ਼ਤ ਮੁਸ਼ਤਾਕ ਅਹਿਮਦ ਕੁਰੈਸ਼ੀ,**
**ਮੁਹੱਲਾ ਸੱਯਦਾਂ, ਪਸਰੂਰ, ਜਿਲ੍ਹਾ ਸਿਆਲਕੋਟ।**

## ਨਾਸ਼ਪਾਤੀ/ ਸਨਾਵਰ ਚੱਧੜ

ਸਾਈਂ ਕੌਣ ਸੀ ਤੇ ਕਿੱਧਰੋਂ ਆਇਆ ਕਿਸੇ ਨੂੰ ਕੁਝ ਪਤਾ ਨਹੀਂ ਸੀ, ਬਸ ਇਕ ਦਿਹਾੜੇ ਨਿਆਣਿਆਂ ਦੀ ਜੰਜ ਉਹਦੇ ਮਗਰ ਲੱਗੀ ਸੀ ਤੇ ਉਹ ਲੱਕੋਂ ਨੰਗਾ ਤੇ ਗਲ਼ ਤੀਕਰ ਲੰਮਾ ਕੁੜਤਾ ਪਾਈ ਬਾਜ਼ਾਰਾਂ 'ਚ ਟੁਰਿਆ ਫਿਰਦਾ ਸੀ। ਦੋ-ਚਾਰ ਦਿਨ ਬਾਲਾਂ ਉਹਦਾ ਪਿੱਛਾ ਕੀਤਾ ਤੇ ਫੇਰ ਆਪੇ ਈ ਹੌਲ਼ੀ ਹੌਲ਼ੀ ਉਹਦਾ ਖਹਿੜਾ ਛੱਡ ਗਏ। ਉਹ ਵੀ ਕੁਝ ਦਿਨ ਵੱਡੇ ਬਾਜ਼ਾਰ, ਕਦੀ ਏਥੇ ਕਦੀ ਉਥੇ ਨਜ਼ਰੀਂ ਆਉਂਦਾ। ਇਕ-ਦੋ ਨਿਆਣੇ ਉਹਦੇ ਮਗਰ ਲੱਗੇ ਹੁੰਦੇ ਜੇ ਨਿਆਣੇ ਨਾ ਹੁੰਦੇ ਤੇ ਕੋਈ ਸਿਆਣਾ ਉੱਠ ਕੇ ਉਹਦੇ ਪਿੱਛੋਂ ਕੁੜਤਾ ਚੁੱਕ ਕੇ ਉਹਨੂੰ ਛੇੜਦਾ ਤੇ ਉਹ ਗੁੱਸੇ ਨਾਲ ਅਗੋਂ ਕੁੜਤਾ ਚੱਕ ਕੇ ਬੰਦਿਆਂ ਮਗਰ ਭੱਜਦਾ ਤੇ ਲੋਕ ਵੇਖਕੇ ਹੱਸਦੇ। ਖ਼ਬਰੇ ਉਹ ਲੋਕਾਂ ਦਾ ਤਾਇਆ ਈ ਇਕ ਦਿਨ ਜਿਉਂ ਭੀੜੇ ਬਾਜ਼ਾਰ ਵੜਿਆ ਤੇ ਏਧਰ ਈ ਟਿੱਕੀ ਹੋ ਰਿਹਾ, ਕਿਉਂ ਜੋ ਏਧਰ ਲੋਕਾਂ ਦਾ ਲਾਂਘਾ ਬੜਾ ਈ ਥੋੜ੍ਹਾ ਸੀ। ਨਾ ਏਧਰ ਮਸੀਤ ਤੇ ਨਾ ਈ ਸਕੂਲ ਸੀ। ਹੋਰ ਵੀ ਵੱਡੀ ਗੱਲ ਇਹ ਸੀ ਕਿ ਅਖ਼ੀਰ ਤੇ ਜਾ ਕੇ ਬਾਜ਼ਾਰ ਬੰਦ ਹੋ ਜਾਂਦਾ ਸੀ।

ਖਾਣ-ਪੀਣ ਨੂੰ ਅੰਨ-ਪਾਣੀ ਦੀ ਵੀ ਉਹਨੂੰ ਥੋੜ੍ਹ ਨਹੀਂ ਸੀ। ਕਦੀ ਮਾਈ ਜੱਨਤੇ ਆਪਣੀ ਹੱਟੀ 'ਚੋਂ ਮਰੂੰਡਾ ਫੜਾ ਦੇਂਦੀ ਤੇ ਕਈ ਉਹਨੂੰ ਵੱਡੇ ਅੱਬਾ ਜੀ ਕੋਈ ਚੀਜ਼ ਘੱਲ ਦੇਂਦੇ। ਹੋਰ ਵੀ ਲੋਕ ਸਾਈਂ ਨੂੰ ਭੁੱਲਦੇ ਨਹੀਂ ਸਨ। ਮਾਈਆਂ-ਬੁੱਢੀਆਂ ਵੀ ਸਾਈਂ ਦੀ ਏਸ ਲਈ ਸੇਵਾ ਕਰਦੀਆਂ ਸਨ ਬਈ ਉਹ ਸਮਝਦੀਆਂ ਸਨ ਅੱਲ੍ਹਾ ਲੋਕ ਦੀ ਖ਼ਿਦਮਤ ਕੀਤਿਆਂ ਘਰ ਵਿੱਚ ਬਰਕਤ ਹੁੰਦੀ ਏ। ਇੰਜ ਸਾਈਂ ਦੀ ਵਾਹਵਾ ਮੌਜ ਲੱਗੀ ਸੀ।

ਮੇਰਾ ਲਾਂਘਾ ਵੀ ਬਹੁਤਾ ਭੀੜੇ ਬਾਜ਼ਾਰ ਹੁੰਦਾ ਸੀ ਕਿਉਂ ਜੋ ਵੱਡੇ ਬਾਜ਼ਾਰ ਜਾਂਦਿਆਂ ਦੂਜੀ ਲਾਹਮੋਂ ਜਾਂਦਾ ਤਾਂ ਢੇਰ ਵਲ਼ਾ ਪੈਂਦਾ ਸੀ ਤੇ ਏਨੇ ਚਿਰ ਵਿੱਚ ਮੈਂ ਭੀੜੇ ਬਾਜ਼ਾਰ ਵਲੋਂ ਦੋ ਵਾਰੀ ਆ ਜਾ ਸਕਦਾ ਸਾਂ। ਪਹਿਲਾਂ-ਪਹਿਲਾਂ ਤੇ ਸਾਈਂ ਕਿਸੇ ਇਕ ਠਾਹਰ ਨਹੀਂ ਸੀ ਹੁੰਦਾ, ਜਿੱਥੇ ਕਿਸੇ ਖਾਣ ਨੂੰ ਦਿੱਤਾ ਉਤੇ ਬੈਠਾ ਰਿਹਾ ਤੇ ਜੇ ਉਥੋਂ ਕਿਸੇ ਬਾਲ ਛੇੜਿਆ ਤੇ ਦੂਜੀ ਥਾਵੇਂ ਜਾ ਬੈਠਾ। ਜਾਂ ਫਿਰਦਾ ਰਿਹਾ। ਫੇਰ ਹੌਲ਼ੀ ਹੌਲ਼ੀ ਉਹਨੇ ਲੰਬੜਾਂ ਦੇ ਘਰ ਦਵਾਲ਼ੇ ਛਾਉਣੀ ਪਾ ਛੱਡੀ। ਮੈਂ ਜਦੋਂ ਵੀ ਲੰਘਦਾ ਆਉਂਦਿਆਂ-ਜਾਂਦਿਆਂ ਸਾਈਂ ਲੰਬੜਾਂ ਦੇ ਘਰ ਦਵਾਲ਼ੇ ਬੈਠਾ-ਖਲੋਤਾ ਜਾਂ ਫਿਰਦਾ ਨਜ਼ਰੀਂ ਆਉਂਦਾ।

ਇਕ ਦਿਨ ਸਿਖਰ ਦੁਪਹਿਰੇ ਮੈਂ ਮਾਸਟਰਾਂ ਘਰੋਂ ਪੜ੍ਹ ਕੇ ਆਪਣੇ ਘਰ ਪਿਆ ਜਾਂਦਾ ਸਾਂ ਤਾਂ ਉਸ ਦਿਨ ਧੁੱਪ ਏਡੀ ਤੱਤੀ ਤਾਈ ਹੋਈ ਸੀ ਬਈ ਭੋਇੰ ਤਾਂਬੇ ਵਾਕਣ ਤਪਦੀ ਪਈ ਸੀ ਤੇ ਗਰਮੀ ਨਾਲ ਭੋਇੰ 'ਚੋਂ ਸੇਕ ਲਹਿਰਾਂ ਬਣ ਬਣ ਪਿਆ ਉੱਠਦਾ ਸੀ। ਬਾਜ਼ਾਰ ਇੰਜ ਸੁੰਝਾ ਪਿਆ ਸੀ ਜਿਵੇਂ ਦਿਉ ਫੇਰਾ ਮਾਰ ਗਿਆ ਹੋਵੇ। ਹਰ ਸ਼ੈਅ ਆਪਣੀ ਥਾਵੇਂ ਕਿੱਲੇ ਤਰ੍ਹਾਂ ਗੱਡੀ ਜਾਪਦੀ ਸੀ। ਸਿਰਫ਼ ਲੰਬੜਾਂ ਦੇ ਬੂਹੇ ਅੱਗੇ ਲੱਗੀ ਚਿੱਕ ਸੀ, ਜਿਹੜੀ ਹਿਲਣ ਡਹੀ ਸੀ। ਮੈਂ ਜਾਣਿਆ ਬਈ ਕੋਈ ਬਾਲ ਪਿਆ ਖੇਡਦਾ ਏ ਪਰ ਜਿਵੇਂ ਈ ਮੈਂ ਲਾਗੇ ਅਪੜਿਆ ਸਾਈਂ ਚਿੱਕ ਦੇ ਮਗਰੋਂ ਨਿੱਕਲਿਆ ਤੇ ਮੈਨੂੰ ਵੇਖਦਾ ਮੂੰਹ ਪਿੱਛੇ ਮੇਰੇ ਵੱਲ ਕੀਤੀ, "ਹੈ ਹੈ ... ਹੈ ਹੈ।" ਕਰਕੇ ਹੱਸਦਾ ਅੱਗੇ ਨੂੰ ਭੱਜਿਆ। ਉਹ ਅੱਗੇ-ਅੱਗੇ ਭੱਜੀ ਜਾਂਦਾ ਸੀ ਕਿ ਮੇਰੇ ਕੰਨਾਂ ਵਿੱਚ ਲੰਬੜਾਂ ਦਾ ਬੂਹਾ ਖੁੱਲ੍ਹਣ ਦੀ ਵਾਜ ਪਈ, ਜਿੱਥੋਂ ਸਾਈਂ ਭੱਜਿਆ ਸੀ। ਮੈਂ ਐਵੇਂ ਈ ਮੁੜਕੇ



ਵੇਖਿਆ ਤੇ ਉਸੇ ਚਿੱਕ ਦੇ ਮਗਰ ਬੂਹੇ ਵਿੱਚ ਨੱਗੋ ਥੋੜੀ ਜਿਹੀ ਚਿੱਕ ਚੁੱਕ ਕੇ ਖਲ੍ਹੀ ਸੀ। ਉਹੋ ਈ ਨੱਗੋ, ਜਿਹੜੀ ਸਾਡੇ ਸਕੂਲੇ ਪੜ੍ਹਣ ਆਉਂਦੀ ਸੀ। ਮੈਂ ਪੰਜਵੀਂ ਪੜ੍ਹਦਾ ਸਾਂ ਤੇ ਉਹ ਅੱਠਵੀਂ ਦੀਆਂ ਕਿਤਾਬਾਂ ਲੈ ਕੇ ਸਾਡੇ ਮਾਸਟਰਾਂ ਕੋਲ਼ੋਂ ਪੜ੍ਹਦੀ ਸੀ, ਜਿਹੜਾ ਨੱਗੋ ਦੇ ਪਿਓ ਵੱਡੇ ਲੰਬੜਦਾਰ ਦਾ ਰਿਸ਼ਤੇਦਾਰ ਵੀ ਸੀ ਤੇ ਉਹਨੇ ਈ ਪੰਜਵੀਂ ਤੀਕਰ ਦੇ ਸਕੂਲ ਵਿੱਚ ਅੱਠਵੀਂ ਦੀ ਕੁੜੀ ਏਸ ਲਈ ਪੜ੍ਹਣ ਬਿਠਾਈ ਸੀ ਬਈ ਸਾਡੇ ਪਿੰਡ ਕੁੜੀਆਂ ਦਾ ਸਕੂਲ ਈ ਨਹੀਂ ਸੀ। ਨੱਗੋ ਮੇਰੇ ਅੱਗੇ ਬਹਿੰਦੀ ਹੁੰਦੀ ਸੀ ਤੇ ਬੜੀ ਸ਼ਰਾਰਤੀ ਹੁੰਦੀ ਸੀ। ਇਕ ਦਿਨ ਉਹਨੇ ਮੈਥੋਂ ਪੁੱਛਿਆ, "ਵੇ ਨਾਸ਼ਪਾਤੀ ਬਣਾ ਲੈਨਾ ਏਂ? "

"ਨਹੀਂ ਕਿੱਸਰਾਂ ਬਣਾਈ ਦੀ ਏ।" ਮੈਂ ਪੁੱਛਿਆ ਤੇ ਉਹਨੇ ਝੱਟ ਮੇਰੀ ਕਾਪੀ ਫੜੀ ਤੇ ਨਾਸ਼ਪਾਤੀ ਬਣਾ ਕੇ ਆਖਣ ਲੱਗੀ, "ਇਹ ਹੁੰਦੀ ਊ ਨਾਸ਼ਪਾਤੀ।" ਉਹਦੀਆਂ ਅੱਖਾਂ ਵਿੱਚ ਸ਼ਰਾਰਤ ਦੀ ਚਮਕ ਸੀ, ਜਿਹਨੂੰ ਮੈਂ ਉਸ ਵੇਲੇ ਨਾ ਸਮਝ ਸਕਿਆ। ਤੇ ਨਾਲ਼ੇ ਉਦੋਂ ਕੁਝ ਸਮਝਾਂ ਵੀ ਤੇ ਘੱਟ ਈ ਸਨ। ਫੇਰ ਉਹਨੇ ਮੈਨੂੰ ਨਾਸ਼ਪਾਤੀ ਲਕੀਰਨ ਦੀ ਜਾਚ ਦੱਸੀ ਤੇ ਮੈਂ ਘਰ ਜਾ ਕੇ ਵੱਡੇ ਅੱਬਾ ਜੀ ਨੂੰ ਨਾਸ਼ਪਾਤੀ ਬਣਾ ਕੇ ਵਖਾਈ ਤੇ ਉਹਨਾਂ ਬੜੀ ਡੂੰਘੀਆਂ ਨਜ਼ਰਾਂ ਨਾਲ਼ ਮੈਨੂੰ ਵੇਖਿਆ ਤੇ ਫੇਰ ਪੁੱਛਿਆ, "ਪੁੱਤਰਾ ਇਹ ਨਾਸ਼ਪਾਤੀ ਲਕੀਰਨ ਤੈਨੂੰ ਕਿਹਨੇ ਦੱਸਿਆ ਏ? "

"ਨੱਗੋ ਨੇ... ਲੰਬੜਾਂ ਦੀ ਕੁੜੀ ਏ ਨਾ ਜਿਹੜੀ... ਉਹਨੇਂ ਦੱਸਿਆ ਏ। "

ਉਹਨਾਂ ਨੇ ਮੇਰੀ ਲਕੀਰੀ ਨਾਸ਼ਪਾਤੀ ਤੇ ਨੱਗੋ ਦੀ ਲਕੀਰੀ ਨਾਸ਼ਪਾਤੀ ਮੇਰੀ ਕਾਪੀ ਵਿੱਚੋਂ ਪਾੜ ਲਈ ਤੇ ਮੈਨੂੰ ਆਖਿਆ, "ਪੁੱਤਰ ਤੇਰੀ ਉਮਰ ਪੜ੍ਹਣ ਦੀ ਏ, ਵੱਡਾ ਹੋਏਂਗਾ ਤੇ ਤਸਵੀਰਾਂ ਵੀ ਬਣਾ ਲਈਂ। ਜੇ ਹੁਣ ਤਸਵੀਰਾਂ ਬਣਾਈਆਂ ਤੇ ਫੇਰ ਤੈਨੂੰ ਮਾਰ ਪਏਗੀ।"

ਵੱਡੇ ਅੱਬਾ ਜੀ ਨੇ ਤਸਵੀਰਾਂ ਦਾ ਪਤਾ ਨਹੀਂ ਸੀ ਕੀਤਾ ਪਰ ਅਗਲੇ ਦਿਨ ਨੱਗੋ ਸਕੂਲੇ ਨਾ ਆਈ ਤੇ ਉਹ ਈ ਨੱਗੋ ਅੱਜ ਭਰ ਜਵਾਨੀ ਵਿੱਚ ਖਲ੍ਹੀ ਵੇਖੀ ਤੇ ਮੈਨੂੰ ਉਹ ਝੂਠ ਤੋਂ ਵੀ ਵੱਧ ਸੋਹਣੀ ਜਾਪੀ। ਮੈਂ ਸਾਈਂ ਨੂੰ ਵਿਸਾਰ ਕੇ ਕਈ ਵਾਰੀ ਮੁੜਕੇ ਪਿਛਾਂਹ ਵੇਖਿਆ। ਨੱਗੋ ਟਿੱਕ ਕੇ ਖਲ੍ਹੀ ਪਤਾ ਨਹੀਂ ਮੈਨੂੰ ਪਈ ਵੇਖਦੀ ਸੀ ਜਾਂ ਸਾਈਂ ਨੂੰ। ਮੈਂ ਵੀ ਤੇ ਹੁਣ ਦਸਵੀਂ ਵਿੱਚ ਪੜ੍ਹਦਾ ਸਾਂ ਤੇ ਉਹਦੀ ਬਣਾਈ ਨਾਸ਼ਪਾਤੀ ਦਾ ਮਤਲਬ ਸਮਝ ਗਿਆ ਸਾਂ, ਜਿਹਦੇ ਤੋਂ ਉਹਨੂੰ ਸਕੂਲੋਂ ਹਟਣਾ ਪਿਆ ਸੀ।

ਮੈਂ ਬੜੀਆਂ ਔਕੜਾਂ ਨਾਲ਼ ਘਰ ਅੱਪੜਿਆ ਤੇ ਰਾਤੀਂ ਛੱਤ ਉੱਤੇ ਸੁੱਤਿਆਂ ਨੱਗੋ ਦੀ ਬਣਾਈ ਨਾਸ਼ਪਾਤੀ ਤੇ ਨੱਗੋ ਮੇਰੀ ਸੋਚ ਵਿੱਚ ਤੱਕਲ਼ਾ ਬਣ ਕੇ ਖੁੱਭੀਆਂ ਰਹੀਆਂ ਤੇ ਰਾਤੀਂ ਮੈਂ ਉੱਠ ਕੇ ਨੱਗੋ ਦੇ ਘਰ ਵੱਲ ਕਈ ਵਾਰੀ ਵੇਖਿਆ। ਖ਼ਬਰੇ ਕਿਸ ਵੇਲੇ ਮੈਨੂੰ ਨੀਂਦਰ ਪਈ, ਮੈਨੂੰ ਨਹੀਂ ਪਤਾ।

ਸਵੇਰ ਨੂੰ ਮੈਂ ਭੀੜੇ ਬਾਜ਼ਾਰੋਂ ਬਹੁਤਾ ਈ ਆਉਣ-ਜਾਣ ਸ਼ੁਰੂ ਕਰ ਦਿੱਤਾ। ਜੇ ਘਰੋਂ ਲੂਣ ਵੀ ਲੈਣ ਨਿੱਕਲਦਾ ਤੇ ਭੀੜੇ ਬਾਜ਼ਾਰ ਮਾਈ ਜੱਨਤੇ ਦੀ ਹੱਟੀ ਤੇ ਜਾਂਦਾ, ਜਿਹੜੀ ਲੰਬੜਾਂ ਦੇ ਘਰ ਦੇ ਸਾਹਮਣੇ ਸੀ। ਕਦੀ ਮੈਂ ਮੂੰਗਫਲ਼ੀ ਲੈਣ ਲਈ ਜਾ ਅਪੜਦਾ, ਕਦੀ ਮਰੂੰਡੇ ਦੇ ਬਹਾਨੇ ਟੁਰ ਜਾਂਦਾ ਤੇ ਲੈ ਕੇ ਵੀ ਬਹੁਤਾ ਮਾਈ ਦੀ ਹੱਟੀ ਦੇ ਬੂਹੇ ਵਿੱਚ ਖਲੋ ਕੇ ਲੰਬੜਾਂ ਦੇ ਬੂਹੇ ਵਿੱਚ ਤਾੜ ਲਾ ਕੇ ਵੇਖਦਾ ਰਹਿੰਦਾ। ਮੈਂ ਭਾਵੇਂ ਜਿੰਨਾ ਵੀ ਚਿਰ ਖਲੋਂਦਾ, ਮਾਈ ਮੈਨੂੰ ਕਦੀ ਨਾ ਆਖਿਆ ਕਿ ਤੂੰ ਕਿਉਂ ਏਥੇ ਖਲੋਨਾ ਏਂ ਜਾਂ ਹੱਟੀ ਦਾ ਬੂਹਾ ਮੱਲ ਕੇ ਨਾ ਖਲੋਇਆ ਕਰ। ਖ਼ਬਰੇ ਮੈਂ ਉਹਦਾ ਗਾਹਕ ਸਾਂ ਜਾਂ ਉਹਨੂੰ ਕੋਈ ਡਰ ਸੀ।

ਭੀੜੇ ਬਾਜ਼ਾਰ ਇੱਕ ਕਮਲ਼ਾ ਸਾਈਂ ਸੀ ਤੇ ਦੂਜਾ ਕਮਲ਼ਾ ਮੈਂ ਸਾਂ। ਉਹ ਵੀ ਲੰਬੜਾ ਦੇ ਘਰ ਦਵਾਲ਼ੇ ਫਿਰਦਾ ਸੀ ਤੇ ਮੈਂ ਵੀ। ਫ਼ਰਕ ਏਨਾ ਸੀ ਮੈਂ ਬਾਜ਼ਾਰ ਵਿਹਲਾ ਲੋੜਦਾ ਸਾਂ ਕਿ ਉਸ ਵੇਲੇ ਨੱਗੋ

ਸਾਹਮਣੇ ਆਵੇ ਤੇ ਫੇਰ ਗੱਲ ਕਰਾਂ ਤੇ ਸਾਈਂ ਏਸ ਤੋਂ ਨਿਚੰਤ ਸੀ।

ਨਾ ਬਾਜ਼ਾਰ ਕਦੀ ਉਸ ਦਿਨ ਤਰ੍ਹਾਂ ਸੁੰਞਾ ਹੋਇਆ ਨਾ ਮੈਂ ਹਿੰਮਤ ਕੀਤੀ ਗਈ ਬਈ ਇਕ-ਅੱਧੇ ਬਾਲ ਦੇ ਹੁੰਦਿਆਂ ਗੱਲ ਕਰ ਲਵਾਂ। ਬਸ ਇਹ ਈ ਡਰ ਸੀ ਬਈ ਘਰੋਂ ਬੜੇ ਪੌਲੇ ਪੈਣਗੇ। ਪਰ ਇਕ ਦਿਨ ਮੈਂ ਜਦੋਂ ਮਾਈ ਜੰਨਤੇ ਦੀ ਹੱਟੀ ਵਿੱਚ ਡੱਠੀ ਮੰਜੀ ਤੇ ਬੈਠਾ ਸਾਂ ਤੇ ਮਾਈ ਲੋਕਾਂ ਨੂੰ ਦਿੱਤੇ ਉਧਾਰ ਸੌਦੇ ਮੇਰੇ ਕੋਲੋਂ ਲਿਖਵਾਂਦੀ ਪਈ ਸੀ ਕਿ ਬਾਜ਼ਾਰ ਵਿੱਚ ਸਾਈਂ ਦੀ, "ਹੈ ਹੈ... ਹੈ ਹੈ।" ਦੀ 'ਵਾਜ ਮੇਰੇ ਕੰਨੀਂ ਪਈ। ਤੇ ਨਾਲ਼ ਈ ਲੰਬੜਾਂ ਦਾ ਬੂਹਾ ਖੁਲ੍ਹਣ ਦੀ ਵਾਜ ਵੀ ਤੇ ਮੈਂ ਚੋਰ ਅੱਖੀਂ ਨਾਲ਼ ਬਾਹਰ ਵੇਖਿਆ, ਖ਼ੌਰੇ ਨੱਗੋ ਈ ਦਿਸ ਪਏ।

"ਵੇ ਕਾਕਾ ਤੂੰ ਲਿਖ... ।" ਮੈਂ ਮਾਈ ਵੱਲੇ ਤੱਕਿਆ ਤੇ ਉਹਦੇ ਮੂੰਹ ਉੱਤੇ ਉਮਰਾਂ ਦਾ ਤਜਰਬਾ ਪਿਆ ਬੋਲਦਾ ਸੀ। ਮੈਨੂੰ ਜਾਪਿਆ ਬਈ ਜਿਵੇਂ ਮਾਈ ਸਭ ਕੁਝ ਜਾਣਦੀ ਏ ਤੇ ਫੇਰ ਉਹਨੇ ਇਹ ਆਖ ਕੇ ਬਈ, "ਜਦੋਂ ਵੇਖਣ ਵਾਲ਼ੀ ਚੀਜ਼ ਆਏਗੀ, ਮੈਂ ਤੈਨੂੰ ਆਪ ਦੱਸ ਦਿਆਂਗੀ ਤੇ ਤੂੰ ਲਿਖ... ਫੱਤਾ, ਪੰਜਾਂ ਦੀ ਦਾਲ਼।"

"ਉਹ ਵੇਖ ਟੁੱਟ ਪੈਣੀ!"

ਮੈਂ ਧੌਣ ਲੰਮੀ ਕਰਕੇ ਵੇਖਣ ਲੱਗਾ ਤੇ ਮਾਈ ਪੱਖੀ ਝੱਲਦਿਆਂ ਮੈਨੂੰ ਹਟਕਿਆ, "ਗਿੱਚੀ ਬਾਹਰ ਨਾ ਕੱਢ ਜੇ ਕੁਝ ਵੇਖਣਾ ਈ ਤੇ... ਬੂਹੇ ਦੀਆਂ ਦਰਜ਼ਾਂ ਵਿੱਚੋਂ ਵੇਖ।"

ਮੈਂ ਖਲੋ ਕੇ ਬੂਹੇ ਦੀਆਂ ਦਰਜ਼ਾਂ ਨਾਲ ਅੱਖੀਂ ਲਾ ਦਿੱਤੀਆਂ ਤੇ ਵੇਖਿਆ। ਸਾਈਂ ਲੰਬੜਾਂ ਦੇ ਬੂਹੇ ਅੱਗੇ ਬਾਲਾਂ ਤਰ੍ਹਾਂ ਕਿਲਕਾਰੀਆਂ ਪਿਆ ਮਾਰਦਾ ਸੀ ਤੇ ਥੋੜੇ ਕੁ ਚਿਰ ਮਗਰੋਂ ਚਿੱਕ ਹਿੱਲੀ ਤੇ ਫੇਰ ਨੱਗੋ ਨੇ ਗਿੱਚੀ ਕੱਢ ਕੇ ਬਾਜ਼ਾਰ ਦੇ ਦੋਵੇਂ ਲਾਮ੍ਹੇ ਨਜ਼ਰ ਮਾਰ ਕੇ ਵੇਖਿਆ। ਚੰਗੀ ਤਰ੍ਹਾਂ ਤਸੱਲੀ ਕਰਕੇ ਬਈ ਉਹਨੂੰ ਕੋਈ ਵੇਖਦਾ ਤੇ ਨਹੀਂ ਪਿਆ। ਵੇਖਕੇ ਉਹਨੇ ਸਾਈਂ ਵੱਲ ਮਿੱਠਿਆਂ ਚਾਵਲਾਂ ਦੀ ਥਾਲ਼ੀ ਕੀਤੀ ਨਾਲ਼ੇ ਸਾਈਂ ਨੂੰ ਆਖਿਆ, "ਵੇ ਝੋਲੀ ਉੱਤੇ ਕਰ।"

ਸਾਈਂ ਚਾਵਲਾਂ ਲਈ ਝੋਲੀ ਬਣਾਉਂਦਿਆਂ ਝੱਗਾ ਅੱਗੋਂ ਉੱਤੇ ਕੀਤਾ ਪਰ ਨੱਗੋ ਉਹਦੀ ਝੋਲ਼ੀ ਚਾਵਲ ਨ ਪਾਏ ਉੱਤੋਂ ਆਖਿਆ, "ਵੇ ਝੋਲ਼ੀ ਵੀ ਕਰ।"

ਸਾਈਂ ਨੇ ਝੱਗਾ ਹੋਰ ਉਤਾਂਹ ਕੀਤਾ ਨੇ ਨੱਗੋ ਨੇ ਉਹਦੀ ਝੋਲ਼ੀ ਵਿੱਚ ਚਾਵਲਾਂ ਦੀ ਥਾਲ਼ੀ ਇੰਜ ਪਲਟੀ ਬਈ ਸਾਰੇ ਚਾਵਲ ਭੋਇੰ ਤੇ ਜਾ ਪਏ ਤੇ ਉਹ ਇਸ ਕਰਕੇ ਕਿ ਉਹਦੀਆਂ ਨਜ਼ਰਾਂ ਤੇ ਸਾਈਂ ਦੀ ਅੱਡੀ ਝੋਲ਼ੀ ਦੇ ਥੱਲੇ ਸਨ ਤੇ ਝੋਲ਼ੀ ਉੱਤੇ ਸੀ। ਮੈਨੂੰ ਇਹ ਵੇਖਕੇ ਨੱਗੋ ਦੀ ਬਣਾਈ ਉਹ ਨਾਸ਼ਪਾਤੀ ਯਾਦ ਆ ਗਈ, ਜਿਹੜੀ ਮੈਨੂੰ ਉਹਨੇ ਲਕੀਰਨੀ ਦੱਸੀ ਸੀ ਤੇ ਮੈਨੂੰ ਦੁਬਾਰਾ ਬਨਾਣ ਤੋਂ ਮਨ੍ਹਾ ਕਰ ਦਿੱਤਾ ਗਿਆ ਸੀ ਤੇ ਉਹਨੂੰ ਸਕੂਲ ਆਵਣ ਤੋਂ ਹਟਾ ਦਿੱਤਾ ਗਿਆ ਸੀ।

ਮੈਂ ਬੂਹੇ ਦੀਆਂ ਦਰਜ਼ਾਂ ਤੋਂ ਹਟ ਕੇ ਹੱਟੀ ਵਿੱਚ ਡੱਠੀ ਮੰਜੀ ਤੇ ਇੰਜ ਡਿੱਗਿਆ ਜਿਵੇਂ ਢੇਰ ਪੰਧ ਕੀਤਾ ਹੋਵੇ। ਖ਼ਬਰੇ ਬਚਪਨ ਦੀ ਨਾਸ਼ਪਾਤੀ ਬਣਾਵਣ ਵੇਲੇ ਤੋਂ ਸਾਈਂ ਦੀ ਨਾਸ਼ਪਾਤੀ ਤੱਕ ਦਾ ਸਫ਼ਰ ਮੈਂ ਦਰਜ਼ਾਂ ਪਿੱਛੇ ਖਲ੍ਹੋ-ਖਲ੍ਹੋ ਈ ਕਰ ਲਿਆ ਸੀ।

ਮਾਈ ਜੰਨਤੇ ਆਪਣੀ ਹੱਟੀ ਵਿੱਚ ਰੱਖੇ ਪੀਪਿਆਂ ਪਿੱਛੇ ਬੈਠੀ ਮੈਨੂੰ ਇੰਜ ਲੱਗੀ ਜਿਵੇਂ ਪੱਥਰ ਦਾ ਬੁੱਤ ਹੋਵੇ। ਬਸ ਏਨਾ ਈ ਸੀ ਬਈ ਉਹਦੇ ਮੂੰਹ ਉੱਤੇ ਨਫ਼ਰਤ ਦੀਆਂ ਲਕੀਰਾਂ ਡੂੰਘੀਆਂ ਹੋ ਗਈਆਂ ਸਨ। ਮੈਨੂੰ ਅੱਜ ਵੀ ਯਕੀਨ ਏ ਬਈ ਮਾਈ ਨੂੰ ਮੇਰੇ ਪਹਿਲੇ ਈ ਇਸ਼ਕ ਦੇ ਕਤਲ ਦਾ ਇਲਮ ਸੀ।



"ਜਵਾਨੀ ਮੂੰਹ ਜ਼ੋਰ ਹੁੰਦੀ ਏ... ਕਾਕਾ ... ਸੰਭਲ਼ ... ਤੇ ਜੋ ਵੇਖਿਆ ਈ ਏਥੇ ਈ ਸੁੱਟ ਜਾਈਂ... ਜੇ ਇਹ ਗੱਲ ਅੱਗੇ ਕੀਤੀਉ ਈ ਤੇ ਲੰਬੜਾਂ ਤੇਰੇ ਨਾਲ਼ ਆਢਾ ਲਾ ਲੈਣਾ ਈ। ਉਹ ਤੇ ਅੱਗੇ ਈ ਮੋਢਿਆਂ ਉੱਤੋਂ ਥੁੱਕਦੇ ਨੇਂ। ਭੈਣ ਏਸ ਤੋਂ ਨਹੀਂ ਵਿਆਂਹਦੇ ਕਿ ਕੋਈ ਉਹਨਾਂ ਨੂੰ ਸਾਲ਼ਾ ਸੱਦੇਗਾ।"

ਮੈਂ ਨੱਗੋ ਦੀ ਕਰਤੂਤ ਤੇ ਆਪਣੇ ਇਸ਼ਕ ਦਾ ਚੋਲਾ ਲਾਹ ਕੇ ਮਾਈ ਦੀ ਹੱਟੀ ਵਿੱਚ ਸਿੱਟ ਆਇਆ ਤੇ ਮੁੜ ਕਦੀ ਨੱਗੋ ਦਾ ਖ਼ਿਆਲ ਵੀ ਦਿਲ ਵਿੱਚ ਨਾ ਆਵਣ ਦਿੱਤਾ। ਭੀੜਾ ਬਾਜ਼ਾਰ ਵੀ ਛੱਡ ਦਿੱਤਾ ਤੇ ਮਾਈ ਦੀ ਹੱਟੀ ਵੀ ਛੱਡ ਦਿੱਤੀ ਤੇ ਇਕ ਦਿਨ ਸਵੇਰੇ ਸਵੇਰੇ ਪਤਾ ਲੱਗਾ ਬਈ ਸਾਈਂ ਕਤਲ ਹੋ ਗਿਆ ਏ ਤੇ ਉਸੇ ਸ਼ਾਮੀਂ ਲੰਬੜਾਂ ਘਰ ਪੰਜ-ਸੱਤ ਪਰਾਹੁਣੇ ਆਏ ਤੇ ਨੱਗੋ ਨੂੰ ਨਿਕਾਹ ਕੇ ਲੈ ਗਏ।

ਨੱਗੋ ਫੇਰ ਪਿੰਡ ਨਜ਼ਰ ਨਾ ਆਈ ਤੇ ਸਾਈਂ ਦੀ ਕਬਰ ਉੱਤੇ ਝੰਡੇ ਲੱਗਦੇ ਨੇਂ। ਲੋਕ ਚੜ੍ਹਾਵੇ ਚੜ੍ਹਾਉਂਦੇ ਤੇ ਮੰਨਤਾਂ ਮੰਨਦੇ ਨੇਂ। ੦

**ਪਤਾ- 100, ਸਾਬਰੀ ਸਟਰੀਟ,ਪਿੱਛੇ ਤਾਜ ਕੰਪਨੀ,**
**ਫ਼ਿਰੋਜ਼ ਕਲੋਨੀ, ਆਊਣ ਫਾਲ ਰੋਡ, ਲਹੌਰ।**

*ਪ੍ਰੇਮ ਪ੍ਰਕਾਸ਼ ਦੀ ਆਤਮ ਕਥਾ*

## *ਆਤਮ ਮਾਯਾ*

*ਇਹ ਪ੍ਰੇਮ ਪ੍ਰਕਾਸ਼ ਦੀ ਆਤਮ ਕਥਾ ਹੈ, ਜਿਸ ਨੂੰ ਉਹ ਆਤਮ ਮਾਯਾ ਕਹਿੰਦਾ ਹੈ। ਕਿਉਂ ਕਹਿੰਦਾ ਹੈ? ... ਕੀ ਉਹਨੂੰ ਆਪਣੀ ਯਾਦ ਸ਼ਕਤੀ 'ਤੇ ਵਿਸ਼ਵਾਸ ਨਹੀਂ? ਜਾਂ ਸੱਚ ਦੱਸਣ ਦਾ ਹੌਸਲਾ ਨਹੀਂ? ਜਾਂ ਸੱਚ ਦੱਸ ਕੇ ਵੀ ਸੱਚ ਮੰਨ ਲਏ ਜਾਣ ਤੋਂ ਡਰਦਾ ਹੈ? ... ਇਹ ਰੱਬ ਹੀ ਜਾਣੇ ਜਾਂ ਜਾਣੇਗਾ ਪਾਠਕ, ਜਿਹੜਾ ਇਹਨੂੰ ਪੜ੍ਹੇਗਾ।*

*- ਪ੍ਰਕਾਸ਼ਕ*

*ਲੋਕਗੀਤ ਪ੍ਰਕਾਸ਼ਨ,*
*ਚੰਡੀਗੜ੍ਹ ਮੁੱਲ 150 ਰੁਪਏ*

## ਸੂਰ ਦਾ ਵਾਲ਼ / ਪ੍ਰੋ. ਨਸੀਰ ਅਹਿਮਦ ਚੀਮਾ

ਨਵਾਜ਼ ਤੇ ਉਹਦੀ ਨੂੰਹ ਸੁਰੱਈਆ ਸ਼ਹਿਰੋਂ ਆਪਣੇ ਪਿੰਡ ਨੂੰ ਮੁੜੇ ਆਉਂਦੇ ਨੇਂ ਸੁਰੱਈਆ ਦੇ ਕੁੱਛੜੇਂ ਉਹਦਾ ਮਾੜਕੂ ਜਿਹਾ ਦੋ-ਤਿੰਨ ਵਰ੍ਹਿਆਂ ਦਾ ਮੁੰਡਾ ਵੀ ਏ। ਸਹੁਰਾ ਤੇ ਨੂੰਹ ਦੋਵੇਂ ਏਸ ਮੁੰਡੇ ਨੂੰ ਸ਼ਹਿਰ ਦੇ ਸਰਕਾਰੀ ਹਸਪਤਾਲ ਦੇ ਵੱਡੇ ਡਾਕਟਰ ਨੂੰ ਵਖਾਲਣ ਗਏ ਸਨ। ਏਸ ਬਾਲ ਦੇ ਕੰਨਾਂ ਦੇ ਪਿੱਛੇ ਤੇ ਗਰਦਨ ਤੇ ਕਾਕੜਾ-ਲਾਕੜਾ ਜਿਹਾ ਨਿੱਕਲਿਆ ਹੋਇਆ ਸੀ। ਪਹਿਲੋਂ ਪਿੰਡ ਦੇ ਹਕੀਮ ਹੋਰਾਂ ਨੇ ਜਤਨ ਨਾਲ ਇਹਦਾ ਇਲਾਜ਼ ਕੀਤਾ ਪਰ ਜਦ ਇਹ ਉਹਨਾਂ ਦੀ ਲਿਆਕਤ ਤੋਂ ਅਗਾਂਹ ਲੰਘ ਗਿਆ, ਤਦ ਉਹ ਬਾਲ ਨੂੰ ਲੈ ਕੇ ਸ਼ਹਿਰ ਆਵਣ ਲੱਗ ਪਏ। ਅੱਜ ਇਹ ਉਹਨਾਂ ਦਾ ਤਰੀਜਾ ਜਾਂ ਚੌਥਾ ਫੇਰਾ ਸੀ... ਉਹ ਬਾਲ ਆਪਣੀ ਮਾਂ ਕੋਲ਼ ਐਨਾ ਕੁ ਗਿੱਝਿਆ ਹੋਇਆ ਸੀ ਕਿ ਕੀ ਮਜਾਲ ਏ ਕਿ ਉਸਦੇ ਸਿਵਾ ਜੇ ਹੋਰ ਕਿਸੇ ਦੇ ਕੋਲ਼ ਜ਼ਰਾ ਵੀ ਟੁਰ ਜਾਏ। ਆਂਹਦੇ ਨੇ ਕਿ ਬਾਂਦਰੀ ਦਾ ਬੱਚਾ ਏਸੇ ਤਰ੍ਹਾਂ ਈ ਕਰਦਾ ਏ, ਭੁਗਤੋ ਫੇਰ, ਲੱਭਿਆ ਜੂ ਜੇ ਕਿ ਸਾਡੀ ਲੜੀ ਬਾਂਦਰਾਂ ਤੋਂ ਟੁਰਦੀ ਏ।

ਨਵਾਜ਼ ਇਕ ਬੁੱਢਾ ਤੇ ਦੂਜਾ ਖੜਕਿਆ ਹੋਇਆ! ਉਹ ਬਾਰਾਂ ਵਰ੍ਹਿਆਂ ਦਾ ਸੀ ਤੇ ਬਲ਼ਦਾਂ ਮਗਰ ਜੋਤਰਿਆਂ ਤੇ ਲੱਗਾ... ਗਰਮੀ ਹੋਵੇ ਸਰਦੀ, ਦਿਨ ਚੜ੍ਹਦਾ ਤੇ ਉਹ ਅੱਧੀ ਰਾਤ ਦਾ ਟੁਰਿਆ ਦੋ ਬਿੱਘੇ ਜ਼ਮੀਨ ਵਾਹ ਕੇ ਉਸ ਵੇਲੇ ਬੰਨੇ ਤੇ ਬੈਠਾ ਆਪਣੇ ਪੌਲੇ ਪਰਾਣੀ ਨਾਲ਼ ਪਿਆ ਝਾੜਦਾ ਹੁੰਦਾ, ਤੇ ਵੱਤ ਇਹ ਹੋਣਾ ਈ ਸੀ ਕਿ ਉਹਦੀਆਂ ਚੂਲ਼ਾਂ ਖੜਕ ਗਈਆਂ ਸਨ, ਉਹ ਟੁਰਦਾ ਤੇ ਉਹਦੇ ਜੋੜ ਅੱਗੇ-ਪਿੱਛੇ ਹਿੱਲਦੇ, ਇਹ ਤੇ ਮੁੜ ਟਰੈਕਟਰ ਆ ਗਏ ਤੇ ਉਹਦੀ ਜਾਨ ਹਲ਼ ਵਾਹਣ ਤੋਂ ਛੁੱਟੀ ਨਹੀਂ ਤੇ ਹਲ਼ ਵਾਂਹਦਿਆਂ-ਵਾਂਹਦਿਆਂ ਹੁਣ ਤੀਕਰ ਉਹ ਆਪ ਵੀ ਜ਼ਮੀਨ ਵਿੱਚ ਪੈ ਗਿਆ ਹੋਣਾ ਸੀ!

ਰਾਹ ਵਿੱਚ ਇਕ ਥਾਂ ਬੜੀ ਈ ਗੂੜ੍ਹੀ ਛਾਂ ਸੀ। ਦੋ-ਤਿੰਨ ਪਿੱਪਲ਼ ਤੇ ਇਕ ਸ਼ਰੀਂਹ ਨਾਲ਼ੋ-ਨਾਲ਼ ਉੱਗੇ ਹੋਏ ਸਨ, ਕਿਸੇ ਨੇ ਏਥੇ ਇਕ ਢਾਰਾ ਜਿਹਾ ਵੀ ਪਾਇਆ ਹੋਇਆ ਸੀ। ਇਕ ਪਾਸੇ ਪੱਠੇ ਕੁਤਰਨ ਵਾਲ਼ੀ ਚਾਲ ਲੱਗੀ ਹੋਈ ਸੀ... ਪਰ੍ਹਾਂ ਦੋ ਤਿੰਨ ਖੁਰਲੀਆਂ ਤੇ ਕੁਝ ਮੱਝਾਂ ਤੇ ਗਾਵਾਂ ਬੈਠੀਆਂ-ਖਲੋਤੀਆਂ ਜੁਗਾਲੀ ਪਈਆਂ ਕਰਦੀਆਂ ਸਨ, ਦੋ-ਤਿੰਨ ਬੱਕਰੀਆਂ ਵੀ ਨੇੜੇ ਈ ਬੱਝੀਆਂ ਹੋਈਆਂ ਸਨ... ਗੂੜ੍ਹੀ ਛਾਂ ਥੱਲੇ ਦੋ ਡਿੰਗ-ਬੜਿੰਗੀਆਂ ਤੇ ਹੰਢੀਆਂ-ਹੰਢਾਈਆਂ ਮੰਜੀਆਂ ਵੀ ਡੱਠੀਆਂ ਸਨ... ਏਥੋਂ ਜ਼ਰਾ ਹਟ ਕੇ ਇਕ ਪਾਸੇ ਇਕ ਰਲ-ਗੱਡ ਜਿਹਾ ਗੱਦੀ ਕੁੱਤਾ ਵੀ ਸੰਗਲ਼ ਨਾਲ਼ ਬੱਧਾ ਹੋਇਆ ਸੀ। ਏਸ ਡੇਰੇ ਵਾਲ਼ੇ ਏਸ ਵੇਲੇ ਚੂੰਕਿ ਦੁਪਹਿਰ ਸੀ ਤੇ ਉਹ ਵੀ ਭਰ ਗਰਮੀਆਂ ਦੀ ਜ਼ਰੂਰ ਆਪਣੇ ਘਰ ਰੋਟੀ-ਟੁੱਕ ਖਾਣ ਗਏ ਹੋਣੇ ਨੇਂ... ਠੰਢੀ ਗੂੜ੍ਹੀ ਛਾਂ ਥੱਲੇ ਪਈਆਂ ਦੋ ਮੰਜੀਆਂ ਵੇਖਕੇ ਨਾਵਜ਼ ਆਪਣੀ ਨੂੰਹ ਨੂੰ ਆਖਣ ਲੱਗਾ, "ਕੁੜੀਏ! ਜ਼ਰਾ ਏਥੇ ਬਹਿ ਨਾ ਜਾਈਏ, ਗਰਮੀ ਬਹੁਤ ਏ ਨਾਲ਼ੇ ਥਕੇਵਾਂ ਹੋ ਗਿਆ ਏ।" ਸੁਰੱਈਆ ਦੇ ਪੈਰ ਵਗਦੀ ਵੱਟ ਤੋਂ ਨਿੱਕਲ ਕੇ ਛਾਂ ਵਾਲ਼ੇ ਪਾਸੇ ਮੁੜੇ ਈ ਸਨ ਕਿ ਡੱਬੂ ਕੁੱਤਾ ਇਕੋ ਵਾਰੀਂ ਉੱਠ ਕੇ ਖਲੋ ਗਿਆ, ਪੂਰਾ ਗਲ਼ਾ ਪਾੜ ਕੇ ਗੁੱਸੇ ਤੇ ਅਹਿਤਜਾਜ ਨਾਲ਼ ਭੌਂਕਣ ਡਹਿ ਪਿਆ ਕਿ ਬਈ ਕੀ ਲੱਗਦੇ ਓ ਏਥੇ ਆ ਵੜਣ ਦੇ, ਆਪਣੀ ਰਾਹੀਂ ਟੁਰੇ ਚੱਲੋ। ਸੁਰੱਈਆ ਨੇ ਆਪਣੇ ਗਲ਼ੀਂ ਚੰਮੜਿਆ ਬੱਚਾ ਹੋਰ ਵੀ ਘੁੱਟ ਕੇ ਸੀਨੇ ਨਾਲ਼ ਲਾ ਲਿਆ ਤੇ ਲਾਅਨਤਾਂ ਪਾਣ ਲੱਗ ਪਈ, "ਦੂਰ ਫਿੱਟੇ ਮੂੰਹ ਤੇਰਾ ਕੁੱਤਿਆ!" ਨਾਲ਼ੇ ਉਹਨੇ ਆਪਣੇ ਸਹੁਰੇ ਵੱਲ ਵੇਖਿਆ ਜਿਵੇਂ ਆਖਦੀ ਹੋਵੇ ਏਥੇ ਕੀ ਬਹਿਣਾ! ਗਾਂਹ



ਚੱਲੀਏ। ਪਰ ਏਨੇ ਚਿਰ ਨੂੰ ਨਵਾਜ਼ ਅੱਗੇ ਵਧ ਕੇ ਇਕ ਮੰਜੀ ਤੇ ਬਹਿ ਗਿਆ ਹੋਇਆ ਸੀ, ਆਖਣ ਲੱਗਾ, "ਆ ਜਾ! ਬਹਿ ਜਾ! ਕੁੱਤਾ ਸਾਨੂੰ ਕੁਝ ਨਹੀਂ ਆਂਹਦਾ! ਮੈਂ ਵੇਖ ਲਿਆ ਏ ਇਹਨੂੰ, ਇਹ ਭੈੜੀ ਨਸਲ ਦਾ ਏ, ਹੁਣੇ ਇਹਨੇ ਚੁੱਪ ਕਰ ਜਾਣਾ ਏਂ।" ਉਹੋ ਕੁਝ ਹੋਇਆ ਜੋ ਨਵਾਜ਼ ਨੇ ਆਖਿਆ ਸੀ, ਥੋੜੀ ਦੇਰ ਭੌਂਕ-ਭਾਂਕ ਕੇ ਕੁੱਤਾ ਆਪ ਈ ਚੁੱਪ ਕਰ ਗਿਆ। ਆਪਣੇ ਕਿੱਲੇ ਕੋਲ਼ ਬਹਿ ਗਿਆ ਤੇ ਆਪਣੀ ਜ਼ਬਾਨ ਨਾਲ਼ ਇਹਨੂੰ ਭਵਾਂ-ਭਵਾਂ ਕੇ ਆਪਣੀ ਗਰਦਨ ਨੂੰ ਜਿੱਥੇ ਉਹਨੂੰ ਸੰਗਲ਼ ਦੀ ਖਿੱਚ ਲੱਗਦੀ ਸੀ ਚੱਟਣ ਲੱਗ ਪਿਆ।

ਸੁਰੱਈਆ ਵੀ ਹੁਣ ਆਪਣੇ ਸਹੁਰੇ ਦੇ ਸਾਹਮਣੇ ਵਾਲ਼ੀ ਮੰਜੀ ਤੇ ਬਹਿ ਗਈ ਮੁੰਡੇ ਨੂੰ ਉਹਨੇ ਕੁੱਛੜੋਂ ਲਾਹ ਕੇ ਆਪਣੇ ਗੋਡਿਆਂ ਤੇ ਬਹਾ ਲਿਆ ਤੇ ਉਹਦੇ ਕੰਨਾਂ ਦੇ ਪਿੱਛੇ ਜਿਹੜੇ ਫੱਟ ਸਨ ਤੇ ਜਿਹਨਾਂ ਤੇ ਹਸਪਤਾਲ ਵਾਲਿਆਂ ਨੇ ਇਕ ਪੀਲ਼ੇ ਜਿਹੇ ਰੰਗ ਦੀ ਮੱਲ੍ਹਮ ਥੱਪ ਦਿੱਤੀ ਸੀ, ਵੇਖਣ ਲੱਗ ਪਈ ਤੇ ਕਲੋਲ ਜਿਹੇ ਨਾਲ਼ ਆਖਣ ਲੱਗੀ, "ਮੇਰੇ ਕੰਨ-ਮਨੰਨਿਆ! ਇਹ ਤੈਨੂੰ ਕੀ ਬੱਜ ਲੱਗ ਗਈ ਊ...।"

ਨਵਾਜ਼ ਨੇ ਨੂੰਹ ਵੱਲ ਨਜ਼ਰ ਘੁਮਾਈ ਤੇ ਕੂਇਆ, "ਤੂੰ ਵੱਡੇ ਡਾਕਟਰ ਕੋਲੋਂ ਇਹ ਕੀ ਪੁੱਛਣ ਲੱਗ ਪਈ ਸੈਂ ਕਿ ਡਾਕਰਟ ਜੀ, ਕੰਨਾਂ ਦੇ ਪਿੱਛੋਂ ਇਹ ਜਿਹੜਾ ਪੱਕ ਗਿਆ ਏ, ਇਹਦੇ ਨਾਲ਼ ਇਹਦਾ ਸੁਣਨਾ ਤੇ ਨਾ ਘਟ ਜਾਏਗਾ, ਝੱਲੀ ਨਾ ਹੋਵੇ ਤੇ! ਏਸ ਤਰ੍ਹਾਂ ਵੀ ਕਦੀ ਸੁਣਨਾ ਘਟਿਆ ਏ। ਕੰਨ ਦੇ ਅੰਦਰ ਨੁਕਸ ਬਣ ਜਾਵੇ ਤੇ ਉਹਦੇ ਨਾਲ਼ ਸੁਣਨਾ ਘਟਦਾ ਏ।"

"ਤਾਇਆ! ਤੂੰ ਸੱਚ ਆਹਨਾ ਏਂ, ਪਰ ਮਾਂ ਦਾ ਦਿਲ ਬੜਾ ਨਾਜ਼ਕ ਤੇ ਡਰਪੋਕ ਹੁੰਦਾ ਏ।"

ਤਾਇਆ ਅੱਗੋਂ ਹੱਸਿਆ, ਅਖੇ , "ਭਲੀਏ! ਤੂੰ ਕਿਤਨੀ ਕੁ ਵੱਡੀ ਮਾਂ ਏਂ, ਇਹ ਤੇਰਾ ਜੇਠਾ ਤੇ ਬੱਚਾ ਏ।"

"ਤਾਇਆ! ਤੂੰ ਸੁਣਿਆ ਨਹੀਂ ਕਿ ਆਖਦੇ ਨੇਂ ਜ਼ਨਾਨੀ ਤੇ ਜਮਾਂਦਰੂ ਈ ਮਾਂ ਹੁੰਦੀ ਏ।"

ਦੋਨਾਂ ਵਿਚਕਾਰ ਵਾਹਵਾ ਚਿਰ ਚੁੱਪ-ਚਾਣ ਰਹੀ, ਸੁਰੱਈਆ ਨੇ ਇੱਕ ਲੰਮੀ ਜਿਹੀ ਨਜ਼ਰ ਉਥੇ ਬੈਠੇ ਡੰਗਰਾਂ ਤੇ ਮਾਰੀ ਤੇ ਬੋਲੀ, "ਉਹ ਗਾਂ ਵੇਖੀ ਜੇ ਤੇਲੀਏ ਰੰਗ ਦੀ, ਕੇਡੀ ਫਬੀ ਏ ਉਹ! ਵੇਖਕੇ ਦਿਲ ਕਰਦਾ ਏ ਕਿ ਬੰਦਾ ਇਹਨੂੰ ਵੇਖਦਾ ਈ ਰਵ੍ਹੇ, ਵੇਖਦਾ ਈ ਰਵ੍ਹੇ, ਸਹੀ ਸਾਹੀਵਾਲ਼ ਨਸਲ ਦੀ ਲੱਗਦੀ ਏ। ਇਹਦੇ ਮਗਰ ਜਾਅ ਵੀ ਹੈ ਜੇ, ਏਸੇ ਦੇ ਰੰਗ ਦਾ ਜਾਮਾ ਜਿਹੜਾ ਪਰਾਂਹ ਜਾਵਾਂ ਵਿੱਚ ਨਜ਼ਰੀਂ ਪਿਆ ਆਉਂਦਾ ਏ, ਏਸੇ ਦਾ ਈ ਹੋਣਾ ਏ।"

ਸੁਰੱਈਆ ਨੇ ਏਨੀ ਕੁ ਗੱਲ ਕੀਤੀ ਹੋਣੀ ਏ ਕਿ ਨਵਾਜ਼ ਆਪਣੀ ਚਾਰਪਾਈ ਤੋਂ ਉੱਠਿਆ, ਜਾਵਾਂ ਕੋਲ਼ ਜਾ ਕੇ ਤੇਲੀਏ ਰੰਗ ਦੇ ਜਾਮਾ ਨੂੰ ਪੈਰ ਨਾਲ਼ ਠਗੂੰਰਿਆ ਸੂ। ਜਾਮਾ ਉੱਠ ਖਲੋਤਾ ਉਹਨੇ ਲੰਮੀ ਅਕੜਾਅ ਲੈ ਕੇ ਆਪਣਾ ਲੱਕ ਸਿੱਧਾ ਕੀਤਾ ਤੇ ਫੇਰ ਇਹ ਸਮਝਕੇ ਕਿ ਚੁੰਘਣ ਦਾ ਵੇਲਾ ਹੋ ਗਿਆ ਏ ਇੱਕੋ ਵਾਰੀ ਆਪਣੀ ਮਾਂ ਵੱਲ ਦੌੜ ਲਾ ਦਿੱਤੀ ਲੇਕਿਨ ਰੱਸੇ ਦੀ ਕੈਦ ਨੇ ਰੁਕਾਵਟ ਜੋ ਦਿੱਤੀ ਤੇ ਗੋਡਿਆਂ ਭਾਰ ਥੱਲੇ ਆ ਪਿਆ। ਇਹ ਜਾਮਾ ਤੇਲੀਏ ਰੰਗ ਵਾਲ਼ੀ ਗਾਂ ਦਾ ਈ ਸੀ ਕਿ ਉਹ ਗਾਂ ਅੱਭੜਵਾਹੀਂ ਉੱਠਕੇ ਖੱਲੋ ਗਈ, ਨਵਾਜ਼ ਵੱਲ ਨੂੰ ਦੌੜੀ ਪਰ ਰੱਸੇ ਤੇ ਕਿੱਲੇ ਨੇ ਉਹਨੂੰ ਜੂੜ ਲਿਆ, ਉਹਨੇ ਮੂੰਹੋਂ 'ਤੇ ਨਾਸਾਂ ਤੋਂ ਗੁੱਸੇ ਦੀ ਫ਼ਨਕਾਰ ਜੋ ਮਾਰੀ ਤੇ ਭੁੰਜਿਉਂ ਮਿੱਟੀ ਦਾ ਗ਼ੁਬਾਰ ਉੱਡਿਆ, ਉਹਦੇ ਡੇਲੇ ਬਾਹਰ ਪਏ ਆਉਂਦੇ ਸਾ ਸੂ ਤੇ ਸਿੰਗ ਏਸ ਤਰ੍ਹਾਂ ਤਿਆਰ ਸਾ ਸੂ ਜਿਵੇਂ ਸਾਹਮਣੇ ਵਾਲ਼ੇ ਨੂੰ ਚੁੱਕ ਕੇ

ਪਰਾਂਹ ਸੁੱਟ ਦੇਵੇਗੀ, ਕੁੱਤਾ ਵੀ ਉੱਠ ਕੇ ਵੱਤ ਖਲੋ ਗਿਆ ਸੀ। ਹੁਣ ਉਹ ਪਹਿਲੇ ਤੋਂ ਵੀ ਬਹੁਤੀ ਗ਼ੁਸੈਲੀ ਤੇ ਵੱਢ ਖਾਣ ਵਾਲੀ ਆਵਾਜ਼ ਵਿੱਚ ਭੌਂਕ ਰਿਹਾ ਸੀ ਬਲਕਿ ਝਪਟੀਆਂ ਤੇ ਝਪਟੀਆਂ ਮਾਰੀ ਜਾਂਦਾ ਸੀ, ਉਸ ਵੇਲੇ ਅਗਰ ਉਹਦਾ ਸੰਗਲ਼ ਟੁੱਟ ਜਾਂਦਾ ਤੇ ਉਹਨੇ ਸੱਚੀ ਮੁੱਚੀ ਨਵਾਜ਼ ਤੇ ਉਹਦੇ ਪਰਿਵਾਰ ਤੇ ਹਮਲਾ ਕਰ ਦੇਣਾ ਸੀ।

ਸੁਰੱਈਆ ਇਕੋ ਦੇਣੇ ਉੱਠ ਕੇ ਖਲੋ ਗਈ ਤੇ ਆਪਨੇ ਸਹੁਰੇ ਨੂੰ ਆਖਣ ਲੱਗੀ, "ਆ ਜਾਓ ਉਰਾਂਹ ਦਫ਼ਾ ਕਰੋ ਨੇਂ, ਘੜੀ ਕੁ ਠਹਿਰ ਕੇ ਅਸਾਂ ਅਗਾਂਹ ਟੁਰ ਜਾਣਾ ਏਂ, ਅਸੀਂ ਏਥੇ ਕਿਉਂ ਫ਼ਸਾਦ ਰਚਾਈਏ।"

ਨਵਾਜ਼ ਮੁੜ ਆਇਆ, ਆਪਨੀ ਮੰਜੀ ਤੇ ਬਹਿ ਗਿਆ ਤੇ ਕਿਹਾ, "ਵੱਛਾ ਏ। ਵੱਛੀ ਹੁੰਦੀ ਤੇ ਮੁੱਲ ਬੜਾ ਹੋਣਾ ਸੀ।"

"ਤੁਸੀਂ ਛੱਡੋ ਵੱਛਾ-ਵੱਛਾ। ਅਗਲਿਆਂ ਦਾ ਮਾਲ ਏ, ਅਸਾਂ ਇਹਦੇ ਵਿੱਚੋਂ ਕੀ ਕੱਢਣਾ?"

ਖ਼ਾਮੋਸ਼ੀ ਵਾਹਵਾ ਚਿਰ ਰਹੀ... ਏਸ ਖ਼ਾਮੋਸ਼ੀ ਦੇ ਦੌਰਾਨ ਸੁਰੱਈਆ ਆਪਨੇ ਬਾਲ ਨੂੰ ਜਿਹੜਾ ਹੁਣ ਸੌਂ ਜਿਹਾ ਗਿਆ ਸੀ ਹੱਥਾਂ ਨਾਲ਼ ਥਪਕਦੀ ਰਹੀ ਨਾਲ਼ੇ ਤੇਲੀ ਗਾਂ ਤੇ ਉਹਦੇ ਨਾਲ਼ ਬੱਝੇ ਦੂਜੇ ਡੰਗਰਾਂ ਵੱਲ ਵੇਖਦੀ ਰਹੀ, ਹੁੰਦਾ ਏ ਬਾਅਜ਼ੇ ਲੋਕਾਂ ਨੂੰ ਪਸ਼ੂਆਂ ਦਾ ਠਰਕ! ਨਵਾਜ਼ ਕਿਸੇ ਸੋਚ ਜਿਹੀ ਵਿੱਚ ਡੁੱਬਿਆ ਲੱਗਦਾ ਸੀ... ਆਪਨੀ ਨੂੰਹ ਨੂੰ ਆਖਣ ਲੱਗਾ, "ਸੁਰੱਈਆ! ਇਕ ਗੱਲ ਪੁੱਛਾਂ?" ਸੁਰੱਈਆ ਨੇ ਹਾਂ ਜਾਂ ਨਾਂਹ ਵਿੱਚ ਕੋਈ ਜਵਾਬ ਨਾ ਦਿੱਤਾ, ਬਸ ਆਪਨੀਆਂ ਅੱਖਾਂ ਨੂੰ ਜਿਹਨਾਂ ਦੇ ਬਾਰੇ ਉਹਨੂੰ ਪਤਾ ਸੀ ਕਿ ਕਮਾਲ ਦੀਆਂ ਸੋਹਣੀਆਂ ਨੇਂ, ਭਵਾਂ ਕੇ ਆਪਨੇ ਸਹੁਰੇ ਵੱਲ ਵੇਖਿਆ, ਜਿਵੇਂ ਆਖਦੀ ਹੋਵੇ ਪੁੱਛੋ!

ਨਵਾਜ਼ ਦੇ ਤਿੰਨ ਪੁੱਤਰ ਸਨ, ਦੋ ਨਿੱਕੇ ਪੁੱਤਰ ਤੇ ਉੱਕਾ ਪੜ੍ਹੇ ਲਿਖੇ ਨਹੀਂ ਸਨ ਤੇ ਬਸ ਪਿਉ ਨਾਲ਼ ਵਾਹੀ ਬੀਜੀ ਦਾ ਧੰਦਾ ਕਰਦੇ ਸਨ। ਵੱਡਾ ਪੁੱਤਰ ਅਸਗ਼ਰ ਸੀ। ਉਹਨੂੰ ਛੁੱਟਣੇ ਵਿੱਚ ਈ ਉਹਦੀ ਇਕ ਖ਼ਾਲਾ (ਮਾਸੀ) ਆਪਨੇ ਕੋਲ਼ ਆਪਨੇ ਸਹੁਰੇ ਪਿੰਡ ਲੈ ਗਈ ਸੀ। ਉਹਦੀ ਉਹ ਖ਼ਾਲਾ ਪਿੰਡ ਦੇ ਸਕੂਲ ਵਿੱਚ ਉਸਤਾਨੀ ਸੀ। ਉਹਨੇ ਅਸਗ਼ਰ ਨੂੰ ਪੜ੍ਹਾਇਆ-ਲਿਖਾਇਆ। ਉਹ ਮੈਟ੍ਰਿਕ ਪਾਸ ਕਰ ਗਿਆ। ਸਕੂਲ ਉਹਨੇ ਫ਼ਸਟ ਡਵੀਜ਼ਨ ਲਈ ਤੇ ਜ਼ਰਾਇਤ ਦੇ ਅਦਾਰੇ ਵਿੱਚ ਉਹਨੂੰ ਦਾਖ਼ਲਾ ਮਿਲ ਗਿਆ। ਉਥੋਂ ਫ਼ਾਰਗ਼ ਹੋ ਕੇ ਤੇ ਗੌਰਮਿੰਟ ਦੇ ਇਕ ਜ਼ਰੱਈ-ਫ਼ਾਰਮ ਵਿੱਚ ਫ਼ੀਲਡ ਅਸੈਸਟੈਂਟ ਲੱਗ ਗਿਆ। ਨਵਾਜ਼ ਜਿੰਨਾ ਕੁ ਜਾਬਰ ਤੇ ਚਾਲਬਾਜ਼ ਸੀ ਅਸਗ਼ਰ ਉਨਾ ਈ ਦੱਬੂ ਤੇ ਸਿੱਧੜਾ ਸੀ। ਕਿਤਨੀ ਅਚਰਜ ਗੱਲ ਏ ਕਿ ਨਵਾਜ਼ ਹਰ ਮਹੀਨੇ ਦੀ ਪਹਿਲੀ ਤਰੀਖ਼ ਨੂੰ ਅਸਗ਼ਰ ਦੇ ਦਫ਼ਤਰ ਆਣ ਅਪੜਦਾ। ਅਸਗ਼ਰ ਨੂੰ ਜਿਵੇਂ ਈ ਤਨਖ਼ਾਹ ਮਿਲਦੀ, ਉਹ ਅਸਗ਼ਰ ਦੇ ਹੱਥੋਂ ਸਾਰੀ ਦੀ ਸਾਰੀ ਲੈ ਲੈਂਦਾ, ਇਕ ਵਾਰੀ ਉਹ ਇਹ ਸਾਰੀ ਤਨਖ਼ਾਹ ਆਪਨੀ ਜੇਬ ਵਿੱਚ ਪਾਂਦਾ... ਵੱਤ ਉਹ ਰਕਮ ਬਾਹਰ ਕੱਢਕੇ ਗਿਣਦਾ, ਉਹਨਾਂ ਪੈਸਿਆਂ ਵਿੱਚੋਂ ਇਕ ਹਜ਼ਾਰ ਰੁਪੱਈਏ ਕੱਢ ਕੇ ਤੇ ਜਾਣੋ ਉਸ ਵੇਲੇ ਉਹ ਬੜਾ ਈ ਰੋਣਹਾਕਾ ਲੱਗਦਾ ਹੁੰਦਾ, ਅਸਗ਼ਰ ਨੂੰ ਦੇਂਦਾ ਤੇ ਆਖਦਾ, "ਪੁੱਤਰ! ਤੇਰੇ ਲਈ ਇਹ ਬਹੁਤ ਨੇ ਬਲਕਿ ਤੇਰੇ ਥਾਂ ਤੇ ਅਗਰ ਮੈਂ ਹੋਵਾਂ ਤੇ ਇਹਨਾਂ ਵਿੱਚੋਂ ਵੀ ਕੁਝ ਨਾ ਕੁਝ ਬਚਾ ਲਵਾਂ ...।" ਅਸਗ਼ਰ ਨੂੰ ਜੇ ਗੌਰਮਿੰਟ ਦੇ ਜ਼ਰੱਈ ਫ਼ਾਰਮ ਤੋਂ ਕੁਝ ਨਾ ਕੁਝ ਉੱਤੋਂ ਆਮਦਨੀ ਨਾ ਹੋ ਜਾਂਦੀ ਹੁੰਦੀ ਤੇ ਉਹਦਾ ਹਾਲ ਫ਼ਕੀਰਾਂ ਤੋਂ ਵੀ ਮੰਦਾ ਹੁੰਦਾ।

ਅਸਗ਼ਰ ਦੀ ਤਨਖ਼ਾਹ ਕੋਈ ਪੰਜ ਸਾਲ ਵਰਤਣ ਦੇ ਮਗਰੋਂ ਨਵਾਜ਼ ਨੂੰ ਖ਼ਿਆਲ ਆਇਆ



ਤੇ ਉਹਨੇ ਅਸਗ਼ਰ ਦਾ ਵਿਆਹ ਕਰ ਦਿੱਤਾ। ਨੂੰਹ ਲਿਆਂਦੀ ਸਕੀ ਭੈਣ ਦੀ ਸੀ। ਕੁੜੀ ਵਿਚਾਰੀ ਸ਼ਕਲੋਂ ਵਾਹਵਾ ਬੁਝੀ ਹੋਈ ਸੀ... ਪਾੜ ਪਹਿਲੇ ਦਿਨ ਈ ਪੈ ਗਈ ਜਦ ਅਸਗ਼ਰ ਨੇ ਇਕ ਪਤਰੇਰ ਨੂੰ ਜਿਹਨੇ ਪੁੱਛਿਆ ਸੀ ਕਿ ਰਾਤੀਂ ਫ਼ੇਰ ਖ਼ੂਬ ਗੱਲਾਂ ਹੋਈਆਂ ਰੱਜੋ (ਰਜ਼ੀਆ) ਨਾਲ਼ ਤੇਰੀਆਂ। ਅਸਗ਼ਰ ਅੱਗੋਂ ਆਖਿਆ, "ਮੇਰੀ ਵਹੁਟੀ ਨੇ ਸਾਰੀ ਰਾਤ ਵਿੱਚ ਬਸ ਇੱਕੋ ਈ ਗੱਲ ਪੁੱਛੀ ਏ ਕਿ ਸਾਡੀ ਤਨਖ਼ਾਹ ਕਿਤਨੀ ਏ।" ਇਹ ਗੱਲ ਹੁਲਦਿਆਂ ਹੁਲਦਿਆਂ ਨਵਾਜ਼ ਤੀਕ ਵੀ ਪਹੁੰਚ ਗਈ, ਨਵਾਜ਼ ਅੱਗੇ ਈ ਸੜਿਆ-ਭੁੱਜਿਆ ਹੋਇਆ ਸੀ ਕਿ ਉਹਦੀ ਭੈਣ ਨੇ ਘਰ ਆਪਨਾ ਜਾਣ ਕੇ ਦਾਜ ਹੱਡੋਂ ਮਾਮੂਲੀ ਦੇ ਕੇ ਕੁੜੀ ਘਰੋਂ ਕੱਢ ਦਿੱਤੀ ਸੀ। ਨਵਾਜ਼ ਨੇ ਆਪਨੀ ਚਾਦਰ ਦਾ ਪੱਲਾ ਖਿੱਚ ਕੇ ਮੋਢੇ ਤੇ ਸੁੱਟਿਆ ਤੇ ਆਖਣ ਲੱਗਾ, "ਸਾਨੂੰ ਕੋਈ ਚਾਅ ਨਹੀਂ ਜਦੋਂ ਚਾਹਵੋ ਆਪਨੀ ਕੁੜੀ ਸਾਡੇ ਬੂਹੇ ਤੋਂ ਲੈ ਜਾਏ।"

ਜਿਸ ਰਿਸ਼ਤੇ ਦਾ ਮੁੱਢ ਈ ਏਸ ਤਰ੍ਹਾਂ ਦਾ ਹੋਵੇ ਉਹ ਕਦੋਂ ਸਿਰੇ ਚੜ੍ਹਦਾ ਏ? ਨਵਾਜ਼ ਆਖੇ ਕਿ ਜਦ ਮੈਂ ਆਪਨੇ ਪੁੱਤਰ ਨੂੰ ਇਜਾਜ਼ਤ ਈ ਨਹੀਂ ਦਿੱਤੀ ਕਿ ਉਹ ਆਪਨੀ ਬੀਵੀ ਨੂੰ ਆਪਨੇ ਵੱਖਰੇ ਘਰ ਲੈ ਜਾਵੇ ਤੇ ਜਿੱਥੇ ਉਹਦੀ ਨੌਕਰੀ ਏ ਉੱਥੇ ਜਾ ਕੇ ਰਵ੍ਹੇ ਕਿ ਅਸੀਂ ਕੰਮੀ-ਕਮੀਰੇ ਨਹੀਂ ਕਿ ਸਾਡੀਆਂ ਜ਼ਨਾਨੀਆਂ ਆਪਨੇ ਪਿਛਲਿਆਂ ਦੇ ਘਰਾਂ ਵਿੱਚ ਨਹੀਂ ਰਹਿ ਸਕਦੀਆਂ ਤੇ ਫੇਰ ਉਹ ਇਹ ਗੱਲ ਈ ਕਿਉਂ ਕਰੇ ਕਿ ਸਾਡੀ ਤਨਖ਼ਾਹ ਕਿਤਨੀ ਏ। ਕੀ ਅਸੀਂ ਉਹਨੂੰ ਖਾਣ ਨੂੰ ਨਾ ਦਿੰਦੇ? ਜਾਂ ਉਹਨੂੰ ਕੱਪੜੇ ਨਾ ਲੈ ਕੇ ਦਿੰਦੇ? ਜਾਂ ਉਹਦੀਆਂ ਲੋੜਾਂ ਪੂਰੀਆਂ ਨਾ ਕਰਦੇ? ਦੋ ਸਾਲਾਂ ਦੀ ਖਿੱਚਾਤਾਈ। ਬਕ-ਬਕ। ਲਫ਼ਜ਼ੀ ਜੰਗਾਂ, ਤਕਰੀਰ ਬਾਜ਼ੀਆਂ ਤੇ ਇਲਜ਼ਾਮ ਤਰਾਸ਼ੀਆਂ ਦੇ ਬਾਅਦ ਆਖ਼ਰ ਇਹ ਰਿਸ਼ਤਾ ਤਲਾਕ ਦੇ ਅੰਜਾਮ ਨਾਲ਼ ਖ਼ਤਮ ਹੋ ਗਿਆ।

ਪਰ ਕੁੜੀ ਦੀ ਮਾਂ ਇਕ ਛਿੱਟ ਸੀ, ਉਹਨੇ ਮੂੰਹ ਤੇ ਹੱਥ ਫੇਰ ਕੇ ਆਪਨੀ ਭਰਜਾਈ ਨੂੰ ਚੈਲੰਜ ਕੀਤਾ ਕਿ ਮੇਰਾ ਵੀ ਪਿਉ ਕੋਈ ਨਹੀਂ ਜੇ ਮੈਂ ਤੇਰੇ ਪੁੱਤਰ ਦਾ ਕਿਸੇ ਹੋਰ ਥਾਂ ਰਿਸ਼ਤਾ ਹੋਣ ਦਿੱਤਾ! ਚੁਨਾਂਚਿ ਜਦੋਂ ਕਦੀ ਅਸਗ਼ਰ ਦੇ ਰਿਸ਼ਤੇ ਦੀ ਗੱਲ ਹੁੰਦੀ, ਇਹ ਫੁੱਫੀ ਉੱਪਰ ਜਾ ਅੱਪੜਦੀ। ਉਥੇ ਜਾ ਕੇ ਅਸਗ਼ਰ ਦੇ ਮਾਪਿਆਂ ਨੂੰ ਏਨਾ ਕੁ ਪੁਣਦੀ ਤੇ ਭੰਡਦੀ ਕਿ ਰਿਸ਼ਤਾ ਸਿਰੇ ਨਾ ਚੜ੍ਹਦਾ, ਲੋਕ ਅੱਖੀਂ ਵੇਖਕੇ ਤੇ ਜ਼ਹਿਰ ਨਹੀਂ ਨਾ ਖਾਂਦੇ। ਫੁੱਫੀ ਦੀ ਇਹ ਗੱਲ ਹਮੇਸ਼ਾ ਕਾਰਗਰ ਸਾਬਤ ਹੁੰਦੀ ਕਿ ਉਹ ਦੱਸਦੀ ਕਿ ਸਾਨੂੰ ਏਡੇ ਸਕੇ ਹੋਣ ਦੇ ਬਾਵਜੂਦ ਤਲਾਕ ਹੋ ਗਈ ਕਿ ਕੁੜੀ ਪੁੱਛ ਲਿਆ ਸੀ ਕਿ ਮੁੰਡੇ ਦੀ ਤਨਖ਼ਾਹ ਕਿਤਨੀ ਏ? ਤੁਸੀਂ ਵੀ ਉਹਨਾਂ ਕੋਲੋਂ ਇਹ ਪੁੱਛੋ, ਪੁੱਛਦੇ ਤੇ ਰਿਸ਼ਤਾ ਸੂਤਰ ਦੀ ਤੰਦੀ ਬਣ ਜਾਂਦਾ। ਨਵਾਜ਼ ਦੀ ਭੈਣ ਹੈ ਬੜੀ ਕਪੁੱਤੀ ਤੇ ਫਨਕਾਰ ਸੀ।

ਲੱਗਦਾ ਕਿ ਅਸਗ਼ਰ ਨੇ ਹੁਣ ਸਾਰੀ ਉਮਰ ਰੰਡਿਆਂ ਈ ਰਹਿਣਾ ਏ, ਹੁੰਦੇ ਨੇ ਕਿ ਕਈ ਕਿ ਬੀਵੀ ਮਰ ਗਈ ਜਾਂ ਨੱਸ ਗਈ ਜਾਂ ਤਲਾਕ ਲੈ ਗਈ ਤੇ ਮਗਰੋਂ ਕਿਸੇ ਨੇ ਸਾਕ ਈ ਨਾ ਦਿੱਤਾ। ਅਸਗ਼ਰ ਦੇ ਹਾਲਾਤ ਵੀ ਏਸੇ ਤਰ੍ਹਾਂ ਜਾ ਰਹੇ ਸਨ ਕਿ ਪਿੰਡ ਵਿੱਚ ਸੁਰੱਈਆ ਦੇ ਪਿਉ ਵਾਲ਼ਾ ਵਕੂਆ ਪੇਸ਼ ਆ ਗਿਆ। ਸੁਰੱਈਆ ਦਾ ਪਿਉ ਨਵਾਬ ਦੀਨ ਉਰਫ਼ ਨਵਾਬਾ ਪੋਤੜਿਆਂ ਤੋਂ ਵਿਗੜਿਆ ਹੋਇਆ ਸੀ। ਕੱਲਾ ਪੁੱਤਰ ਘੱਟ ਈ ਚੰਗਾ ਇਨਸਾਨ ਹੁੰਦਾ ਏ। ਨਵਾਬਾ ਤੇ ਪਰਲੇ ਦਰਜੇ ਦਾ ਬਦਕਾਰ ਤੇ ਸਿਆਹ ਦਿਲ ਸੀ, ਏਡਾ ਬਦਬਖ਼ਤ ਇਨਸਾਨਾਂ ਵਿੱਚ ਕੋਈ ਨਹੀਂ ਹੁੰਦਾ। ਇਕ ਦਿਨ ਉਹਦੀ ਬੀਵੀਂ ਰੋਂਦਿਆਂ ਆਪਨੇ ਪੇਕਿਆਂ ਵੱਲ ਜਿਹੜੇ ਉਸੇ ਪਿੰਡ ਵਿੱਚ ਵਸਦੇ ਸਨ, ਦੇ ਕਦਮਾਂ ਵਿੱਚ ਜਾ ਕੇ ਵਿਛ ਗਈ ਤੇ ਕਰਲਾਈ, "ਨਵਾਬੇ ਨੂੰ ਆਪਨੇ ਨੁਤਫ਼ੇ ਤੋਂ ਜੰਮੀ ਧੀ ਨਾਲ਼ ਮੂੰਹ ਕਾਲ਼ਾ ਕਰਦਾ ਮੈਂ ਫੜ ਲਿਆ ਏ।" ਉਹਦੇ ਲੱਗਦੇ

ਲਾਣੇ ਉਸੇ ਵੇਲੇ ਛੁਰੀਆਂ ਤੇ ਕੁਹਾੜੀਆਂ ਤੇ ਟੋਕੇ ਲੈ ਕੇ ਭੱਜ ਪਏ ਤੇ ਨਵਾਬੇ ਦੀਆਂ ਆਂਦਰਾਂ ਮਿੰਟਾਂ ਵਿੱਚ ਕੱਢਕੇ ਬਾਹਰ ਖਲਾਰ ਦਿੱਤੀਆਂ। ਪਿੰਡ ਦੇ ਕਿਸੇ ਵੀ ਬੰਦੇ ਨੇ ਨਵਾਬੇ ਦੇ ਹੱਕ ਵਿੱਚ ਬੋਲਣ ਜਾਂ ਇਹ ਮਾਮਲਾ ਥਾਣੇ ਕਚਰਿਹੀ ਤੀਕਰ ਖੜਨ ਦੀ ਗੱਲ ਨਹੀਂ ਕੀਤੀ ਹਲਾਂ ਪਿੰਡ ਵਿੱਚ ਬਹੁਤ ਤਰ੍ਹਾਂ ਦੇ ਧੜ੍ਹੇ ਨਾਲ਼ੇ ਕਈ ਮੁਖ਼ਾਲਫ਼ ਤੇ ਵੈਰੀ ਵਸਦੇ ਸਨ।

ਇਹ ਗੱਲ ਨਿੱਕਲਣ ਦੇ ਬਾਅਦ ਉਹਨਾਂ ਲੋਕਾਂ ਨੇ ਜਿੱਥੇ ਸੁਰੱਈਆ ਮੰਗੀ ਹੋਈ ਸੀ ਕੋਰਾ ਜਵਾਬ ਘੱਲ ਦਿੱਤਾ।

... ਤਿੰਨ-ਚਾਰ ਸਾਲ ਲੰਘ ਗਏ ਸਨ, ਸੁਰੱਈਆ ਦਾ ਕਿੱਧਰੋਂ ਵੀ ਕੋਈ ਤਾਲਬ ਨਹੀਂ ਸੀ ਬਣਿਆ। ਪਿੰਡ ਵਿੱਚ ਜ਼ਨਾਨੀਆਂ ਵਾਂਢਿਆਂ ਆਉਂਦੀਆਂ ਤੇ ਲੱਭ ਕੇ ਸੁਰੱਈਆ ਨੂੰ ਵਿਹੰਦੀਆਂ, ਪੱਟੀ ਵੱਲ ਟੁਰੀ ਜਾਂਦੀ ਨੂੰ ਜਾਂ ਆਪਣੇ ਮੁਰੱਬੇ ਆਉਂਦੀ-ਜਾਂਦੀ ਨੂੰ ਜਾਂ ਫੇਰੀ ਵਾਲ਼ੇ ਤੋਂ ਲੀੜੇ ਖ਼ਰੀਦਦੀ ਨੂੰ ਜਾਂ ਘਰ ਬੈਠੀ ਨੂੰ ਵੀ ਛੱਤਾਂ ਤੇ ਚੜ੍ਹਕੇ ਵੇਖਦੀਆਂ ਕਿ ਇਹ ਜੇ ਉਹ ਕੁੜੀ ਜਿਹਦਾ ਬਦਬਖ਼ਤ ਪਿਉ ਉਹਦੇ ਨਾਲ਼ ਕੁੱਤੇ-ਵਾਨੀ ਕਰਦਾ ਫੜਿਆ ਗਿਆ ਸੀ ਤੇ ਜਹੱਨਮ ਵਾਸਲ ਹੋਇਆ ਸੀ।

ਅਸਗ਼ਰ ਦੀ ਫੁੱਫੀ ਦੇ ਹੁੰਦਿਆਂ ਇਹ ਤੈਅ ਸੀ ਕਿ ਅਸਗ਼ਰ ਦਾ ਰਿਸ਼ਤਾ ਕਦੀ ਨਹੀਂ ਹੋਣਾ ਤੇ ਨਾ ਈ ਲੱਗਦਾ ਸੀ ਕਿ ਸੁਰੱਈਆ ਆਪਣੀ ਤੀਰਬਖ਼ਤੀ ਦਾ ਸ਼ਿਕਾਰ ਹੋਣ ਜੇ ਬਾਅਦ ਕਿੱਧਰੇ ਵਿਆਹੀ ਜਾਏਗੀ ਚੁਨਾਂਚਿ ਚੰਗਾ ਈ ਹੋਇਆ ਕਿ ਕੁਝ ਵੱਡਿਆਂ ਨੇ ਮਿਲ਼ ਕੇ ਇਹਨਾਂ ਦੋਨਾਂ ਦਾ ਸੰਜੋਗ ਕਰ ਦਿੱਤਾ ਤੇ ਏਸ ਸੰਜੋਗ ਦੇ ਕੋਈ ਸਾਲ ਡੇਢ ਬਾਅਦ ਏਹਨਾਂ ਦਾ ਬਾਲ ਵੀ ਹੋ ਗਿਆ।

........................

ਨਵਾਜ਼ ਨੇ ਇਕ ਘੂਰੀ ਪਾ ਕੇ ਸੁਰੱਈਆ ਵੱਲ ਵੇਖਿਆ ਤੇ ਬੜੀ ਨੀਵੀਂ ਆਵਾਜ਼ ਵਿੱਚ ਤੇ ਸਰਗੋਸ਼ੀ ਦੇ ਅੰਦਾਜ਼ ਨਾਲ ਪੁੱਛਿਆ, "ਸੁਰੱਈਆ! ਵੈਸੇ ਤੂੰ ਆਪਣੇ ਪਿਉ ਕੋਲ਼ ਟੁਰ ਕੇ ਗਈ ਸੈਂ ਜਾਂ ਉਹ ਟੁਰ ਕੇ ਤੇਰੇ ਕੋਲ਼ ਆਇਆ ਸੀ? "

ਸੁਰੱਈਆ ਤ੍ਰਭਕ ਗਈ, ਉਹਨੇ ਜ਼ਿੰਦਗੀ ਵਿੱਚ ਪਹਿਲੀ ਵਾਰ ਬੇਬਾਕੀ ਨਾਲ਼ ਨਵਾਜ਼ ਦੀਆਂ ਅੱਖਾਂ ਵਿੱਚ ਝਾਕ ਕੇ ਵੇਖਿਆ ਤੇ ਕਰੜੇ ਲਹਿਜੇ ਵਿੱਚ ਬੋਲੀ, "ਤਾਇਆ! ਤੇਰੀਆਂ ਅੱਖਾਂ ਵਿੱਚ ਮੈਂ ਹੁਣੇ-ਹੁਣੇ ਸੂਰ ਦਾ ਵਾਲ਼ ਤੱਕਿਆ ਏ।" o

**ਪਤਾ- ਮਾਰਫ਼ਤ 'ਪੰਚਮ' ਮਹੀਨਾਵਾਰ, 11-ਸ਼ਰਫ਼ ਮੈਂਸ਼ਨ, 16-ਕੂਈਨਜ਼ ਰੋਡ, ਲਹੌਰ।**



## ਪਰਛਾਈਂ / ਅਜ਼ਰਾ ਵਕਾਰ

ਸੁਲਤਾਨਾ ਨੇ ਖਿੜਕੀਆਂ ਤੋਂ ਪਰਦੇ ਹਟਾ ਦਿੱਤੇ। ਬਾਹਰ ਖੜਾ ਹੋ ਗਿਆ ਸੀ। ਉਸ ਸੁਖੀ ਮਨ ਨਾਲ਼ ਮੂੰਹ-ਮੂੰਹ ਵਿੱਚ ਗੁਣਗੁਣਾਇਆ, ਸਾਜਨ ਦੇ ਹੱਥ ਬਾਂਹ ਅਸਾਡੀ ਮੈਂ ਸਾਜਨ ਦੀ ਗੁੱਡੀ।" ਇਹ ਕੌਣ ਏ ਜਿਹੜਾ ਮੇਰੇ ਅੰਦਰੋਂ ਝਾਤੀ ਮਾਰਦਾ ਏ। ਜਿਹਦੇ ਨਾਲ਼ ਮੇਰਾ ਅੰਦਰ ਲਾਲੋ-ਲਾਲ ਏ। ਭਰੇ ਅੰਦਰ ਵਿੱਚੋਂ ਏਨੇ ਦਿਹੁੰ ਰੰਗ ਨਚੋੜ-ਨਚੋੜ ਕੇ ਆਪਣਾ ਬਾਹਰ ਰੰਗਦੀ ਰਹੀ। ਮੇਰੀ ਅੱਜ ਦਾ ਮੂੰਹ-ਮੁਹਾਂਦਰਾ ਉਸੇ ਦੇ ਕਾਰਣ ਏ, ਜਿਹੜਾ ਮੇਰੇ ਸੁਫ਼ਨਿਆਂ ਵਿੱਚੋਂ ਨਿਕਲ਼ ਕੇ ਮੇਰੇ ਸਾਹਮਣੇ ਆ ਖਲੋਂਦਾ ਏ। ਜਿਵੇਂ ਕੋਈ ਵੱਡ-ਵਡੇਰਾ ਸਿਆਣਾ। ਅਜਬ ਬੰਦਾ ਏ ਏਨਾ ਪਿਆਰ ਵੰਡਦਾ ਏ। ਜੀਅ ਕਰਦਾ ਏ ਹਰ ਵੇਲੇ ਉਹਦੇ ਗੋਡੇ ਨਾਲ਼ ਜੁੜੀ ਬੈਠੀ ਰਵ੍ਹਾਂ। ਉਹਦੀਆਂ ਗੱਲਾਂ ਸੁਣਦੀ ਰਵ੍ਹਾਂ ਉਹਦੇ ਪਿੱਛੇ-ਪਿੱਛੇ ਕੈਦਣ ਵਾਂਗੂੰ ਕਲਪਦੀ ਫਿਰਾਂ। ਉਹਦੇ ਸਾਹਮਣੇ ਸਵਾਲੀ ਬਣ-ਬਣ ਖਲੋਂਵਾਂ। ਕਦੇ ਆਪਣੇ ਤੇ ਉਹਦੇ ਵਿਚਕਾਰਲੀ ਵਿੱਥ ਵਿੱਚ ਲੁਕਣਮੀਟੀ ਖੇਡਾਂ ਤੇ ਕਦੇ ਚੁੱਪ-ਚੋਰ ਬਣਕੇ ਉਹਨੂੰ ਵਿੰਹਦੀ ਰਵ੍ਹਾਂ। ਔਰਤ ਮਰਦ ਦੇ ਜਿਨਸੀ ਰਿਸ਼ਤੇ ਵਿੱਚ ਤੇ ਪਿਆਰ ਦੇ ਦੂਜਿਆਂ ਰਿਸ਼ਤਿਆਂ ਵਿੱਚ ਬਸ ਰੱਤੀ ਕੁ ਫ਼ਰਕ ਹੁੰਦਾ ਏ। ਇਕ ਦਰਜੇ ਦਾ। ਉਹਦੇ ਨਾਲ਼ ਮੇਰਾ ਇਕ ਪਾਕ ਜਿਹਾ ਰਿਸ਼ਤਾ ਏ। ਪਰ ਕਦੇ ਕਦੇ ਉਹ ਮੈਨੂੰ ਆਪਣੀ ਛਾਂ ਲੱਗਦਾ ਏ। ਮੈਂ ਉਹਦੇ ਵਿੱਚੋਂ ਲੰਘ-ਲੰਘ ਪਾਰ ਆਨੀ ਜਾਨੀ ਆ। ਜਿਵੇਂ ਆਪਣੀਆਂ ਹੱਦਾਂ ਪਈ ਟੱਪਨੀ ਆਂ। ਉਸ ਵੇਲੇ ਉਹਦਾ ਤੇ ਮੇਰਾ ਵਜੂਦ ਇਕ ਦੂਜੇ ਨਾਲ਼ ਖਹਿ-ਖਹਿ ਜਾਂਦੇ ਨੇਂ।

ਨਾ ਪਰ ਬੰਦਾ ਕਿਉਂ ਸਰੀਰ ਦਾ ਸਵਾਦ ਛੱਡਕੇ ਜੀਵੇਂ। ਖਾਵਣ-ਪੀਵਣ, ਸੌਣ-ਜਾਗਣ, ਲਾਹਵਣ-ਪਾਵਣ, ਮਿਲਣ-ਮਿਲਾਣ ਤੇ ਸਰੀਰੀ ਮੇਲ਼ ਇਹ ਸਭ ਛੱਡਣ ਨਾਲ਼ ਤੇ ਸ਼ਹੁ ਨਹੀਂ ਲੱਭਦਾ। ਸਗੋਂ ਸਰੀਰ ਦੇ ਬੂਹੇ ਵੜਿਆਂ ਈ ਲੱਭਦਾ ਏ। ਸੁਲਤਾਨਾ ਨੇ ਆਪਣਾ ਪਿੰਡਾ ਕੱਸਿਆ ਮੁੜ ਢਿੱਲਾ ਛੱਡ ਦਿੱਤਾ। ਸ਼ਾਮੀਂ ਦੋ ਕਬੂਤਰ ਚਿੱਤਕਬਰੇ ਜਿਹੇ ਸਾਹਮਣੇ ਰੇਲਿੰਗ ਤੇ ਬਹਿ ਕੇ ਲਾਲ ਲਾਲ ਅੱਖਾਂ ਕੱਢ ਗੁੜਕੂੰ-ਗੁੜਕੂੰ ਕਰਦੇ ਰਹੇ।

ਸੁਲਤਾਨਾ ਨੇ ਜ਼ਮਾਨ ਨੂੰ ਕਿਹਾ, "ਇਹਨਾਂ ਨੂੰ ਫੜ ਨਾ ਲਾਂ?" ਸੁਲਤਾਨਾ ਬੋਲੀ, "ਕੈਦੀ ਹੋਣਾ, ਗ਼ੁਲਾਮ ਹੋਣਾ ਕਿੰਨੀ ਸੋਹਣੀ ਗੱਲ ਏ।"

"ਅੱਜ ਇੱਕੀਵੀਂ ਸਦੀ ਵਿੱਚ ਖਲੋਤੀ ਦੁਨੀਆਂ ਨੂੰ ਤੇਰੀ ਗੱਲ ਉੱਕਾ ਨਹੀਂ ਭਾਉਣੀ।" ਜ਼ਮਾਨ ਬੋਲਿਆ।

ਸੁਲਤਾਨਾ ਬੋਲੀ, "ਜਿਹੜੀ ਗੱਲ ਜਿਸ ਵੇਲੇ ਮਨ ਨੂੰ ਭਾ ਜਾਵੇ ਉਹੋ ਉਸ ਵੇਲੇ ਦਾ ਸੱਚ ਹੁੰਦਾ ਏ। ਮੇਰੇ ਅੰਦਰ ਕਈ ਵਜੂਦ ਨੇਂ। ਅਜ਼ਾਦ, ਕੈਦੀ, ਮੁਹੱਬਤੀ, ਹੰਕਾਰੀ, ਕ੍ਰੋਧੀ, ਮਿਲਣਸਾਰ, ਲੋਭੀ, ਦਿਆਲੂ। ਪਰ ਅੱਜ ਮੈਂ ਤੇਰੀ ਚਾਕਰ ਨਹੀਂ।"

ਉਸ ਜ਼ਮਾਨ ਦੇ ਵਾਲ਼ਾ ਵਿੱਚ ਉਂਗਲਾ ਫੇਰੀਆਂ। ਮੁੜ ਗ਼ੁਸਲਖ਼ਾਨੇ ਅੰਦਰ ਜਾ ਕੇ ਟੱਪ ਵਿੱਚ ਪਾਣੀ ਬਰ ਲਿਆਈ ਤੇ ਲਿਆਕੇ ਜ਼ਮਾਨ ਦੇ ਪੈਰਾਂ ਵਿੱਚ ਰੱਖ ਉਹਦੀ ਜੁੱਤੀ ਲਾਹਣ ਲੱਗੀ। ਨਿੱਘੇ ਨਿੱਘੇ ਪਾਣੀ ਵਿੱਚ ਪੈਰ ਡੋਬਕੇ ਉਹਨੂੰ ਬੜਾ ਸਰੂਰ ਆਇਆ। ਸੁਲਤਾਨਾ ਹੱਥਾਂ ਨੂੰ ਸਾਬਣ ਲਾ ਕੇ ਹੌਲ਼ੀ-ਹੌਲ਼ੀ ਉਹਦੇ ਪੈਰ ਮਲ਼ਦੀ ਰਹੀ। ਮੁੜ ਆਪਣੀ ਗੋਦੀ ਵਿੱਚ ਤੋਲੀਏ ਉੱਤੇ ਰੱਖ ਕੇ ਉਹਨਾਂ ਨੂੰ ਪੂੰਝਿਆ। ਫੇਰ ਪੋਲੇ-ਪੋਲੇ ਹੱਥਾਂ ਨਾਲ਼ ਉਹਦੇ ਵਾਲ਼ਾਂ ਦੀ ਮਾਲਸ਼ ਕਰਦੀ ਰਹੀ।

"ਅੱਜ ਬੜੀ ਖ਼ਾਤਰ ਪਈ ਹੁੰਦੀ ਏ। ਖ਼ੈਰ ਤੇ ਹੈ?" ਜ਼ਮਾਨ ਪੁੱਛਿਆ।

"ਇਕ ਗ਼ੁਲਾਮ ਵੇਚ ਰਹੀ ਆਂ, ਹੈ ਕੋਈ ਖ਼ਰੀਦਾਰ?" ਸੁਲਤਾਨਾ ਬੋਲੀ।

"ਪਹਿਲਾਂ ਮਾਲ ਵਿਖਾਓ।" ਜ਼ਮਾਨ ਬੋਲਿਆ।

"ਤੁਹਾਡੇ ਸਾਹਮਣੇ ਖਲੋਤਾ ਏ।" ਸੁਲਤਾਨਾ ਨੇ ਕਿਹਾ।

"ਕੀ ਕੀ ਕੰਮ ਕਰਨ ਜਾਣਦਾ ਏ।" ਜ਼ਮਾਨ ਨੇ ਆਖਿਆ।

"ਜਨਾਬ ਤੁਹਾਡੀ ਖ਼ਿਦਮਤ ਕਰਾਂਗੀ। ਪੈਰ ਧੋਵਾਂਗੀ। ਮਾਲਸ਼ ਕਰਾਂਗੀ।

ਗੰਦ ਹੂੰਝਾਂਗੀ। ਬੁਹਾਰੀ ਦੇਵਾਂਗੀ। ਤੁਹਾਡੀ ਬਾਂਦੀ ਰਵ੍ਹਾਂਗੀ।" ਸੁਲਤਾਨਾ ਬੋਲੀ ਤੇ ਦੋਵੇਂ ਹੱਸਣ ਲੱਗ ਪਏ।

"ਅੱਜ ਕੁਝ ਹੋਰ ਦੀਆਂ ਈ ਗੱਲਾਂ ਪਈ ਕਰਨੀ ਏਂ।" ਜ਼ਮਾਨ ਨੇ ਕਿਹਾ।

"ਬਸ ਮੇਰਾ ਜੀਅ ਕਰਦਾ ਏ ਕਿਸੇ ਨਾਲ਼ ਟੁੱਟ ਕੇ ਪੂਰੇ ਵਜੂਦ ਨਾਲ਼ ਆਪਣੇ ਅੰਗ-ਅੰਗ ਤੇ ਲੂੰ-ਲੂੰ ਨਾਲ਼ ਪਿਆਰ ਕਰਾਂ।" ਸੁਲਤਾਨਾ ਨੇ ਦਰਦ ਭਰੀ ਅਵਾਜ਼ ਨਾਲ਼ ਕਿਹਾ।

"ਕਿਹਦੇ ਨਾਲ਼, ਮੇਰੇ ਨਾਲ਼?" ਜ਼ਮਾਨ ਨੇ ਪੁੱਛਿਆ।

"ਤੂੰ ਵੀ ਹੋ ਸਕਨਾ ਏਂ।" ਸੁਲਤਾਨਾ ਨੇ ਅਟਕ ਅਟਕ ਕੇ ਰਿਹਾ।

"ਤੂੰ ਰੂਹ ਤੇ ਮੈਂ ਕਲਬੂਤ।" ਜ਼ਮਾਨ ਬੋਲਿਆ।

ਸੁਲਤਾਨਾ ਦੀ ਅਵਾਜ਼ ਇਕਦਮ ਉੱਚੀ ਹੋ ਗਈ, "ਰੂਹ ਤੇ ਕਲਬੂਤ ਕੋਈ ਵੱਖ ਸ਼ੈਵਾਂ ਨਹੀਂ। ਰੂਹ ਈ ਕਲਬੂਤ ਏ ਤੇ ਕਲਬੂਤ ਰੂਹ। ਬੁੱਤ ਤੋਂ ਵੱਖ ਹੋ ਕੇ ਰੂਹ ਦਾ ਕੋਈ ਵਜੂਦ ਨਹੀਂ ਹੋ ਸਕਦਾ। ਮੇਰੇ ਅੰਗ-ਸੰਗ ਵਿੱਚ ਭਰਿਆ ਸ਼ਹੁ ਦਾ ਰੰਗ ਮੇਰੇ ਆਂਦਰ ਦਾ ਰੰਗ ਏ। ਇਹ ਬਾਹਰ ਤੋਂ ਵੱਖ ਹੋ ਜਾਏ ਮੈਂ ਮੈਂ ਨਾ ਰਵ੍ਹਾਂ। ਬੁੱਤ ਈ ਆਪਣੇ ਤੋਂ ਵੱਖ ਹੋ ਕੇ, ਉੱਚਾ ਹੋ ਕੇ ਰੂਹ ਵਿੱਚ ਢਲ਼ ਜਾਂਦਾ ਏ ਤੇ ਮੁੜ ਬੁੱਤ ਵਿੱਚ ਆ ਲਹਿੰਦਾ ਏ।

"ਮੈਂ ਤੈਨੂੰ ਦੱਸਿਆ ਸੀ। ਜਦ ਮੈਂ ਪਿੱਛੇ ਜਿਹੇ ਨੇਪਾਲ ਗਈ ਸਾਂ ਮੈਂ ਵੇਖਿਆ ਉੱਥੇ ਕਦਮ-ਕਦਮ ਤੇ ਮੰਦਰ ਨੇਂ। ਬਹੁਤੇ ਮੰਦਰ ਪਹਾੜਾਂ ਦੀਆਂ ਚੋਟੀਆਂ ਤੇ ਨੇਂ। ਉਥੇ ਚੜ੍ਹਦਿਆਂ-ਚੜ੍ਹਦਿਆਂ ਬੰਦਾ ਹਫ਼ ਜਾਂਦਾ ਏ। ਬੰਦਾ ਉੱਤੇ ਈ ਉੱਤੇ ਚੜ੍ਹਨਾ ਚਾਹੁੰਦਾ ਏ ਸ਼ਹੁ ਨੂੰ ਮਿਲਣ ਲਈ। ਇਹ ਅਲਾਮਤ ਏ ਬੰਦੇ ਦੇ ਆਪ ਤੋਂ ਉੱਚਿਆਂ ਹੋਣ ਦੀ। ਨਹੀਂ ਤੇ ਸ਼ਹੁ ਅਸਮਾਨ ਵਿੱਚ ਤੇ ਨਹੀਂ।

"ਰੂਹ ਤੇ ਬੁੱਤ ਨੂੰ ਨਖੇੜ ਕੇ ਬੰਦੇ ਨੂੰ ਦੋ ਟੋਟੇ ਕਰ ਦਿੱਤਾ ਗਿਆ ਏ। ਉੱਚੇ ਤੇ ਹੀਣੇ ਵਜੂਦ ਵਿੱਚ ਬੰਦਿਆਂ ਵਿੱਚ ਵੰਡ ਪਾਣ ਲਈ। ਉਹਨਾਂ ਦੀ ਏਕਤਾ ਮੁਕਾਣ ਲਈ। ਏਕਤਾ ਤਾਂ ਈ ਜੁੜ ਸਕਦੀ ਏ ਜੇ ਬਰਾਬਰੀ ਹੋਵੇ। ਬਰਾਬਰ ਦਾ ਬਰਾਬਰ ਨਾਲ਼ ਮੇਲ਼ ਹੋਵੇ। ਬਰਾਬਰੀ ਸਭ ਨੂੰ ਜੋੜਦੀ ਏ। ਉੱਚੇ ਨੂੰ ਹੀਣੇ ਨਾਲ਼ ਛੋਟੇ ਨੂੰ ਵੱਡੇ ਨਾਲ਼ ਜ਼ਨਾਨੀ ਨੂੰ ਮਰਦ ਨਾਲ਼, ਬੰਦਿਆਂ ਨੂੰ ਬੰਦਿਆਂ ਨਾਲ਼, ਸ਼ਹਿਰਾਂ ਨੂੰ ਸ਼ਹਿਰਾਂ ਨਾਲ਼, ਮੁਲਕਾਂ ਨੂੰ ਮੁਲਕਾਂ ਨਾਲ਼, ਯਾਰਾਂ ਨੂੰ ਯਾਰਾਂ ਨਾਲ਼.......।"

"ਸਾਡਾ ਯਾਰ ਕਦੋਂ ਮਿਲੇਗਾ। ਜ਼ਮਾਨ ਨੇ ਸੁਲਤਾਨਾ ਨੂੰ ਬਾਹਵਾਂ ਵਿੱਚ ਲੈ ਲਿਆ। ਅੱਜ ਜ਼ਮਾਨ ਨੂੰ ਲੱਗਾ ਸੁਲਤਾਨਾ ਦਾ ਅੰਗ-ਅੰਗ ਉਹਨੂੰ ਚੁੰਮ ਰਿਹਾ ਸੀ। ਉਹਦੇ ਸਰੀਰ ਵਿੱਚੋਂ ਜਿਵੇਂ ਸੁਰ ਪਏ ਬੋਲਦੇ ਹੋਣ।

ਸਵੇਰੇ ਸੁਲਤਾਨਾ ਚਾਹ ਬਣਾ ਕੇ ਲਿਆਈ ਤੇ ਜ਼ਮਾਨ ਨੂੰ ਜਾਗਣ ਲੱਗੀ।

ਜ਼ਮਾਨ ਨੇ ਅੱਖ ਪੁੱਟੀ ਤੇ ਬੋਲਿਆ, "ਰੂਹ ਤੇ ਬੁੱਤ ਦਾ ਕੀ ਬਣਿਆ? "

ਮੈਂ ਸਰੀਰ ਨੂੰ ਵਸੀਲਾ ਬਣਾ ਕੇ ਸਰੀਰ ਤੋਂ ਉੱਚਾ ਹੋਣਾ ਚਾਹਨੀ ਆਂ।" ਸੁਲਤਾਨਾ ਉਹਦੇ ਕੋਲ਼ ਬਹਿ ਗਈ।

"ਹੂੰ।" ਜ਼ਮਾਨ ਨੇ ਚਾਹ ਦੀ ਚੁਸਕੀ ਲਈ ਮੁੜ ਛੇਤੀ ਛੇਤੀ ਚਾਹ ਦੇ ਘੁੱਟ ਭਰਕੇ ਉੱਠ



ਖਲੋਤਾ। "ਲਓ ਤੁਸੀਂ ਮੁੜ ਡੰਡੋਤ ਕਰੋ। ਮੈਂ ਜ਼ਰਾ ਦਫ਼ਤਰ ਹੋ ਆਵਾਂ।" ਜ਼ਮਾਨ ਹੱਸਦਾ ਹੱਸਦਾ ਉੱਠਿਆ ਤੇ ਤਿਆਰ ਹੋ ਕੇ ਬਾਹਰ ਨਿਕਲ਼ ਗਿਆ।

ਸੁਲਤਾਨਾ ਨੂੰ ਜ਼ਮਾਨ ਦਾ ਹਾਸਾ ਉੱਕਾ ਨਾ ਭਾਇਆ।

ਇਹ ਮੇਰੇ ਪੰਧੀਂ ਨਹੀਂ ਪੈ ਸਕਦਾ। ਮੇਰਾ ਰਾਹ ਹੋਰ ਏ। ਏਸ ਵਿੱਚ ਅਜੇ ਹਾਂ ਤੇ ਨਾਂਹ, ਮੈਂ ਤੇ ਤੂੰ, ਚੰਗ ਤੇ ਮੰਦ, ਗੁਨਾਹ ਤੇ ਸਵਾਬ ਸੌਣ ਤੇ ਜਾਗਣ ਵਿੱਚ ਵਿੱਥ ਨਹੀਂ ਪਈ। ਉਹ ਕੰਬਲ ਦਵਾਲ਼ੇ ਵੇਲ੍ਹਣ ਕੇ ਬਹਿ ਗਈ। ਜਿਵੇਂ ਉਹਨੂੰ ਆਪਣੇ ਅੰਦਰੋਂ ਨਿਕਲਣ ਦਾ ਰਾਹ ਨਾ ਲੱਭ ਰਿਹਾ ਹੋਵੇ... ਸਾਹਮਣੇ ਚਿੜੀਆਂ ਰੁੱਖ ਤੇ ਆਹਲਣਾ ਪਾਇਆ ਹੋਇਆ ਸੀ। ਇਕ ਚਿੜੀ ਵਿੱਚ ਬੈਠੀ ਸੀ ਤੇ ਦੂਜੀਆਂ ਉਹਦੇ ਦਵਾਲ਼ੇ ਚੂੰ-ਚੂੰ ਪਈਆਂ ਕਰਦੀਆਂ ਸਨ।

ਭੰਗਣ ਨੇ ਆ ਕੇ ਕੰਮ ਸ਼ੁਰੂ ਕਰ ਦਿੱਤਾ ਸੀ। ਸਾਹਮਣੇ ਬੈਠੀ ਉਹਨੂੰ ਅੰਦਰੋਂ ਬਾਹਰ ਤੇ ਬਾਹਰੋਂ ਅੰਦਰ ਆਂਦੀ-ਜਾਂਦੀ ਨੂੰ ਵੇਖ ਰਹੀ ਸੀ। ਉਸ ਪਹਿਲੋਂ ਅੰਦਰਾਂ ਵਿੱਚ ਬੁਹਾਰੀ ਫੇਰੀ ਮੁੜ ਪੋਚਾ ਲਾਇਆ। ਫੇਰ ਵਿਹੜੇ ਵਿੱਚ ਖਿੱਲਰੇ ਸੁੱਕੇ ਪੱਤਰਾਂ ਨੂੰ ਢੇਰ ਬਣਾ ਕੇ ਅੱਗ ਲਾ ਦਿੱਤੀ। ਵੇਖਦਿਆਂ-ਵੇਖਦਿਆਂ ਢੇਰੀ ਸੜ ਕੇ ਸਵਾਹ ਬਣ ਗਈ। ਚਿੱਟੀ ਸਿਆਹ ਤੇ ਸਲੇਟੀ ਸਵਾਹ।

ਅਚਨਚੇਤ ਸੁਲਤਾਨਾ ਨੂੰ ਇੰਜ ਲੱਗਾ ਜਿਵੇਂ ਉਹਦੇ ਅੰਦਰ ਭਾਂਬੜ ਮਚ ਗਿਆ ਹੋਵੇ। ਉਹਦੇ ਅੰਦਰ ਕੋਈ ਸ਼ੈਅ ਰੱਤ ਵੱਤ ਨਾਲਡ ਤੇਜ਼ੀ ਨਾਲ ਮੁਸ਼ਕ ਮਚਾਂਦੀ, ਧੁਖਦੀ ਜਾ ਰਹੀ ਸੀ। ਜਿਵੇਂ ਅੰਦਰ ਦਾ ਖਲਾਰ ਵਸਦਾ ਤੇ ਖਿੱਲਰਦਾ ਤੇ ਬਾਹਰ ਨੂੰ ਉਲੱਰਦਾ ਜਾ ਰਿਹਾ ਹੋਵੇ। ਉਹ ਥੋੜਾ ਚਿਰ ਇੰਜ ਹੀ ਬੈਠੀ ਰਹੀ। ਮੁੜ ਉਸ ਕੰਬਲ਼ ਲਾਹ ਕੇ ਪਰੇ ਸੁੱਟਿਆ ਤੇ ਬਾਹਰ ਵੱਲ ਨੱਸੀ ਗਈ ਤੇ ਜਾ ਕੇ ਮੁਸੱਲਣ ਨੂੰ ਜੱਫੀ ਪਾ ਲਈ।

"ਅੱਜ ਬੜੀ ਖੁਸ਼ ਏਂ ਬੀਬੀ।" ਭੰਗਣ ਬੋਲੀ।

ਉਹ ਜਵਾਬ ਦਿੱਤੇ ਬਿਨਾ ਅੰਦਰ ਗਈ ਤੇ ਛੇਤੀ-ਛੇਤੀ ਦੋ ਪਰਾਠੇ ਲਾਹੇ ਤੇ ਚਾਹ ਦਾ ਪਾਣੀ ਰੱਖ ਕੇ ਨਾਸ਼ਤਾ ਮੇਜ਼ ਤੇ ਲਾਇਆ। ਮੁੜ ਬਾਹਰੋਂ ਮੁਸੱਲਣ ਨੂੰ ਬੁਲਾ ਲਿਆਈ। "ਆ ਨਾਸ਼ਤਾ ਕਰੀਏ।" ਉਹ ਆਪ ਇਕ ਕੁਰਸੀ ਤੇ ਬਹਿ ਗਈ ਤੇ ਉਹਨੂੰ ਦੂਜੀ ਤੇ ਬਹਿਣ ਦਾ ਇਸ਼ਾਰਾ ਕੀਤਾ। ਸੁਲਤਾਨਾ ਨੇ ਉਹਦੀ ਪਲੇਟ ਵਿੱਚ ਆਮਲੇਟ, ਆਚਾਰ, ਦਹੀਂ ਸਭ ਕੁਝ ਪਾ ਦਿੱਤਾ। ਮੁੜ ਕੱਪ ਵਿੱਚ ਚਾਹ ਪਾ ਕੇ ਉਹਦੇ ਅੱਗੇ ਰੱਖ ਦਿੱਤੀ।

"ਤੇਰੇ ਬੱਚਿਆਂ ਦਾ ਕੀ ਹਾਲ ਏ?" ਸੁਲਤਾਨਾ ਪੁੱਛਿਆ।

"ਜਾਂਦੀ ਵਾਰੀ ਲੈ ਕੇ ਜਾਵਾਂਗੀ।" ਭੰਗਣ ਬੋਲੀ।

ਸੁਲਤਾਨਾ ਉੱਠੀ ਤੇ ਅਲਮਾਰੀ ਵਿੱਚੋਂ ਕੁਝ ਪੈਸੇ ਤੇ ਤਰੈ ਨਵੇਂ ਸੀਤੇ ਸੂਣ ਕੱਢਕੇ ਉਹਨੂੰ ਦੇ ਕੇ ਕਹਿਣ ਲੱਗੀ, "ਇਹ ਲੈ ਦਵਾਈ ਲੈ ਜਾਈਂ ਤੇ ਇਹ ਸੂਟ ਵੀ ਲੈ ਜਾ।"

ਭੰਗਣ ਦੁਆਈਂ ਦੇਂਦੀ ਮੁੜ ਗਈ।

"ਅੱਲਾ ਭਾਗ ਲਾਏ, ਸੁਖੀ ਰੱਖੇ, ਅੱਲਾ ਮਾਣ ਰੱਖੇ। ਕਿਸੇ ਦਾ ਮੁਥਾਜ ਨਾ ਕਰੇ। ਅੱਲਾ ਦੀਨ ਵਾਲ਼ਿਆਂ ਵਿੱਚ ਰੱਖੇ।" o

**ਪਤਾ- 484, ਗਲੀ ਨੰ. 99, ਜੀ-9 /4, ਇਸਲਾਮਾਬਾਦ**

# ਹਾਕਮਾਂ ਨਾਲ ਸੁਹਬਤ ਦੇ ਸੁਫ਼ਨੇ / ਨਾਦਰ ਅਲੀ

ਸ਼ਾਇਰ ਤਿੰਨ ਨਜ਼ਮਾਂ ਭੁੱਟੋ ਦੇ ਫਾਹੇ ਲੱਗਣ ਤੇ ਲਿਖ ਬੈਠਾ ਆਹਾ। ਥਾਣੇ ਬਾ-ਹਲਕ ਵਿੱਚ ਸ਼ਾਇਰ ਹੋਵਣ ਅਜਬ ਗੱਲ ਲੋਕਾਂ ਨੂੰ ਲੱਗਦੀ ਹੋਸੀ ਪਰ ਰਾਵੀ ਦੇ ਦੋਹਾਂ ਕੰਢਿਆਂ ਤੇ ਸ਼ਾਇਰ ਤੇ ਢੋਲੀ ਢੇਰ ਆਹੇ।

ਹਾਕੂ ਤੇ ਲਹੌਰਾਂ ਲੈਲਪੁਰਾਂ ਤਾਈਂ ਮਸ਼ਹੂਰ ਆਹਾ। ਉਸ ਮੁਸ਼ਾਇਰੇ ਭੋਗੇ ਤੇ ਸੈ ਰਸਾਲਿਆਂ ਵਿਚ ਉਸ ਦੇ ਸ਼ਿਅਰ ਤੇ ਫ਼ੋਟੋ ਛਪੇ... ਪਰ ਜਦ ਉਸ ਗਾਵਣ ਲਿਖਿਆ-

"ਲੱਗ ਇਸ਼ਕ ਤੇ ਮਾਰਸ਼ਲ ਲਾਅ ਗਿਆ, ਪਏ ਆਸ਼ਕ ਯਾਰ ਕੁੱਠੀਂਦੇ!"

ਤੇ ਗੱਲ ਬਹੁਤ ਦੂਰ ਤਾਈਂ ਧੁੰਮ ਗਈ। ਥਾਣੇ ਬਾ-ਹਲਕ ਟੈਲੀਫ਼ੋਨ ਆਇਆ ਪਈ ਪਤਾ ਕਰੋ ਹਾਕਮ ਖ਼ਾਨ ਕੌਣ ਸ਼ਾਇਰ ਏ ਤੇ ਉਸ ਦੀ ਨਿਗਰਾਨੀ ਕਰੋ ਤੇ ਮਲਕ ਅਸਲਮ ਖ਼ਾਨ ਥਾਣੇਦਾਰ ਕਿਹਾ, "ਸਾਹਿਬ ਬਹਾਦਰ ਉਸ ਸ਼ਾਇਰ ਤੇ ਥਾਣੇ ਬਾ-ਹਲਕ ਦਾ ਪਾਲਤੂ ਹੈ। ਹਮੇਸ਼ਾ ਦਾ ਥਾਣੇ ਆਵਣ-ਜਾਣ ਸੂ। ਥਾਣੇ ਦੇ ਨਾਂ ਤੇ ਠੱਗੀ-ਠੋਰੀ ਵੀ ਕਰ ਲੈਂਦਾ ਏ ਤੇ ਅਕਸਰ ਸ਼ਾਮੀਂ ਆ ਬਹਿੰਦਾ ਏ।" ਮੈਂ ਉਸਦਾ ਗੁਜਰਾ ਕਰਾਵਣ ਦਾ ਨਹੀਂ ਨਿਗਰਾਨੀ ਤੇ ਰਿਪੋਰਟ ਦਾ ਕਹਿ ਰਿਹਾ ਹਾਂ।" ਐਸ. ਪੀ. ਸਾਹਿਬ ਕਰਾਵਣ ਦਾ ਨਹੀਂ ਨਿਗਰਾਨੀ ਤੇ ਰਿਪੋਰਟ ਦਾ ਕਹਿ ਰਿਹਾ ਹਾਂ।" ਐਸ. ਪੀ. ਸਾਹਿਬ ਗੁੱਸੇ ਨਾਲ ਬੋਲੇ, "ਤਾਮੀਲ ਹੋਸੀ ਜਨਾਬ!" ਮਲਕ ਅਸਲਮ ਮਾਲਸ਼ ਕਰਵਾ ਰਿਹਾ ਸੀ ਤੇ ਗੱਲ ਲੰਮੀ ਨਹੀਂ ਸੀ ਕਰਨਾ ਚਾਂਹਦਾ। ਜਦ ਉਹ ਸਪੈਸ਼ਲ ਬਰਾਂਚ ਲੈਲਪੁਰ ਵਿੱਚ ਸੀ ਤੇ ਕਮਿਊਨਿਸਟਾਂ ਦੀ ਰੋਜ਼ ਰਪੋਟਾ-ਰਪਾਟੀ ਹੁੰਦੀ ਆਹੀ ਤੇ ਉਸ ਏਸ ਐਸ ਪੀ ਸਾਹਿਬ ਅੱਗੇ ਝੂਠ ਬੋਲਿਆ ਪਈ ਜਿਸ ਕਾਮਰੇਡ ਕਾਲਾ ਖ਼ਾਨ ਦੀ ਉਹ ਨਿਗਰਾਨੀ ਕਰਦਾ ਸੀ ਉਸ ਸਾਈਕਲ ਖ਼ਰੀਦ ਲਈ ਏ ਤੇ ਸਿਪਾਹੀ ਅਸਲਮ ਖ਼ਾਨ ਨੂੰ ਵੀ ਸਰਕਾਰੀ ਸਾਈਕਲ ਦਿੱਤੀ ਜਾਏ। ਕਾਮਰੇਡ ਕਾਲਾ ਖ਼ਾਨ ਨੂੰ ਵੀ ਖ਼ਬਰ ਹੋ ਗਈ ਉਸ ਕਿਹਾ ਉਹ ਸ਼ਕੈਤ ਕਰਸੀ। ਮੁੜ ਸਾਲ-ਖੰਡ ਉਸ ਨਾਲ਼ੇ ਕਾਮਰੇਡ ਕਾਲਾ ਖ਼ਾਨ ਨੂੰ ਢੋਣਾ ਤੇ ਨਾਲ਼ੇ ਨਿਗਰਾਨੀ ਦੀ ਰਿਪੋਰਟ ਭਰਨੀ ਪਈ, "ਕਾਮਰੇਡ ਕੁੜਮਾਂ ਦੇ ਘਰ ਵੇਖਿਆ ਗਿਆ ਏ।"

ਸ਼ਾਇਰ ਹਾਕਮ ਖ਼ਾਨ ਦੀ ਤਲਬੀ ਬਾਦ ਭੱਤਾ ਖਾਵਣ ਦੇ ਹੋਈ। "ਕੇ ਲਿਖਿਆ ਈ ਉਹ ਵਾਰਸ ਸ਼ਾਹ ਨੀ ਔਲਾਦ!" "ਮਲਿਕ ਸਾਹਿਬ ਤੁਸਾਂ ਤੇ ਸੁਣਿਆ ਏ ਉਹ ਗਾਵਣ ਲਹੌਰ ਕਿਸੇ ਰਸਾਲੇ ਛਾਪਿਆ, ਮੁੜ ਸਾਹੀਵਾਲ, ਝੰਗ ਭੀ ਛਪ ਗਿਆ।"

"ਅੱਜ ਰਾਅ ਲਾ ਕੇ ਸੁਣਾ ਏਹਾ ਤੇਰੀ ਸਜ਼ਾ ਏ।" ਤੁਸੀਂ ਮੇਰੇ ਗਲ਼ੇ ਦੀ ਰਿਪੋਰਟ ਲਿੱਖਸੋ?"

ਹਾਕੂ ਹੱਸਿਆ, "ਲਿਖਾਈ ਪੜ੍ਹਾਈ ਮੁਹੱਰਰ ਨਾਦਰ ਅਲੀ ਕਰਸੀ ਤੂੰ ਗਾਵਣ ਸੁਣਾ ਤੇ ਘਰ ਜਾ।" "ਤੇ ਜੇ ਮਾਰਸ਼ਲ ਲਾਅ ਦਾ ਕੇਸ ਬਣਿਆ ਤੇ ਫ਼ੇਰ!" ਹਾਕੂ ਠੀਕ ਡਰਦਾ ਆਹਾ ਮਾਰਸ਼ਲ ਲਾਅ ਆਲ਼ੇ ਢੇਰ ਕਲਮ-ਘਸੀਟਾਂ ਨੂੰ ਅੰਦਰ ਕਰੀ ਬੈਠੇ ਆਹੇ..."ਜੇ ਸਾਰੇ ਸ਼ਾਇਰ ਤੇਰੇ ਹਾਰ ਸਿਆਣੇ ਹੋਵਣ ਤੇ ਥਾਣੇ ਆਲ਼ਿਆਂ ਨਾਲ਼ ਰਾਬਤਾ ਰੱਖਣ ਤੇ ਕਦੇ ਅੰਦਰ ਨਾ ਹੋਵਣ।" "ਮਲਕ ਸਾਹਿਬ ਗੱਲ ਤੁਹਾਡੇ ਸਮਝਣ ਦੀ ਨਹੀਂ ਪਰ ਵਾਰਦਾਤ ਮੇਰੇ ਨਾਲ਼ ਭੀ ਹੋ ਰਹੀ ਏ। ਮੈਂ ਜਰਨਲ ਜ਼ਿਆ ਦਾ ਦੁਸ਼ਮਣ ਹਾਂ ਪਰ ਰੋਜ਼ ਰਾਤੀਂ ਉਹ ਮੇਰੇ ਸੁਫ਼ਨੇ ਵਿੱਚ ਆਉਂਦਾ ਏ ਤੇ ਬੜੀਆਂ ਗੁੜ੍ਹੀਆਂ ਪਾਉਂਦਾ ਏ...।" "ਇਹ ਕਾਬਲ ਦਸਤ-ਅੰਦਾਜ਼ੀ ਪੁਲਸ ਨਹੀਂ!" ਮਲਕ ਸਾਹਿਬ ਫ਼ਰਮਾਇਆ।

"ਮਲਕ ਸਾਹਿਬ ਮੈਨੂੰ ਆਪਣੀ ਜਾਨ ਦੀ ਨਹੀਂ ਰੂਹ ਦੀ ਫ਼ਿਕਰ ਏ।"



"ਦੁੱਧ ਘਿਓ ਵਰਤ ਰੂਹ ਦੀ ਅਸਲ ਗਿਜ਼ਾ ਦੇਸੀ ਘਿਉ ਏ!" ਮਲਕ ਸਾਹਿਬ ਆਪਣੀ ਜ਼ਿੰਦਗੀ ਦਾ ਫ਼ਲਸਫ਼ਾ ਦੱਸਿਆ... ਪਰ ਹਾਕੂ ਅਸਲੋਂ ਫ਼ਿਕਰਮੰਦ ਆਹਾ ਪਈ, ਅਮੀਰ ਮੁਹੰਮਦ ਖ਼ਾਨ ਤੋਂ ਟੁਰ ਕੇ ਉਸ ਹਰ ਜ਼ਾਲਮ ਹਾਕਮ ਦੇ ਖ਼ਿਲਾਫ਼ ਲਿਖਿਆ ਤੇ ਸਿਆਸੀ ਤੌਰ ਤੇ ਹਰ ਹਾਰਨ ਆਲ਼ੀ ਪਾਰਟੀ ਨਾਲ ਰਿਹਾ ਸਿਵਾਏ ਪੀਪਲ ਪਾਰਟੀ ਦੇ। ਤੇ ਜ਼ਿਆ ਤੇ ਉਹਨੂੰ ਉੱਕਾ ਨਹੀਂ ਸੀ ਭਾਂਉਂਦਾ, "ਜ਼ਿਆ ਨਾਲ਼ ਗੂੜ੍ਹੀ ਪਾਵਣ ਤੇ ਇੰਜੇ ਹੈ ਜਿਉਂ ਰਾਂਝਾ ਸੈਦੇ ਖੇੜੇ ਨਾਲ਼ ਗੂੜ੍ਹੀਆਂ ਪਾਵੇ।" "ਖੇੜਿਆਂ ਨੂੰ ਇਹ ਥਾਣਾ ਨਹੀਂ ਲੱਗਦਾ!" ਮਲਕ ਸਾਹਿਬ ਹੱਸ ਕੇ ਟਾਲ਼ ਛੱਡਿਆ... ਐਸ ਪੀ ਸਾਹਿਬ ਭੀ ਰਪੋਰਟ ਤੇ ਨਾਰਾਜ਼ ਹੋਏ। ਰਪੋਰਟ ਦੁਬਾਰਾ ਹਾਕੂ ਆਪ ਲਿਖਵਾਈ। "ਸ਼ਾਇਰ ਕਿਸੀ ਜੁਰਮ ਮੇਂ ਕਭੀ ਗ੍ਰਿਫ਼ਤਾਰ ਯਾ ਸਜ਼ਾ-ਯਾਫ਼ਤਾ ਨਹੀਂ। ਕਾਇਦੇ ਆਜ਼ਮ ਸੇ ਲੇਕਰ ਭੁੱਟੋ ਸਾਹਿਬ ਹਰ ਹਾਕਮ ਕਾ ਕਸੀਦਾ ਲਿਖ ਚੁੱਕਾ ਹੈ। ਜਰਨਲ ਸਾਹਿਬ ਕੇ ਆਨੇ ਪਰ ਨਿਜ਼ਾਮੇ-ਮੁਸਤਫ਼ਾ ਕੇ ਹੱਕ ਮੇਂ ਇਸ ਨੇਂ ਨਜ਼ਮ ਲਿਖੀ : ਨਿਜ਼ਾਮੇ-ਮੁਸਤਫ਼ਾ ਦੀ ਪੈਰਵੀ ਸਲਮਾਨ ਨੇ ਕੀਤੀ !,ਕਾਪੀ ਨਜ਼ਮ ਹਜ਼ਾ ਰਿਸਾਲਾ "ਸੋਝਲਾ" ਰਿਪੋਰਟ ਮੇਂ ਸ਼ਾਮਲ ਬਰਾਏ ਮਲਾਹਜ਼ਾ ਹੈ।"

ਮਲਕ ਅਸਲਮ ਖ਼ਾਨ ਜਾਣਦਾ ਆਹਾ ਪਈ ਹਜ਼ਰਤ ਸਲਮਾਨ ਫ਼ਾਰਸੀ ਦਾ ਖੁਰਾ ਤੇ ਜਰਾਇਮ ਪੇਸ਼ ਦੇ ਘਰ ਜਾ ਨਿੱਕਲਸੀ। ਪਰ ਉਸ ਦਾ ਅੰਦਾਜ਼ਾ ਸੀ ਪਈ ਜ਼ਾਬਤੇ ਦੀ ਕਾਰਵਾਈ ਮੁਕੰਮਲ ਹੋ ਵੈਸੀ ਤੇ ਗੱਲ ਦਾਖ਼ਲ ਦਫ਼ਤਰ ਹੋ ਜਾਸੀ ਰਿਪੋਰਟ ਦੇ ਦਾਖ਼ਲ ਦਫ਼ਤਰ ਹੋ ਗਈ ਪਰ ਹਾਕਮ ਖ਼ਾਨ ਦੀ ਜ਼ਾਤੀ ਪ੍ਰੇਸ਼ਾਨੀ ਨਾ ਮੁੱਕੀ।

ਅਗਲੀ ਵਾਰ ਸੁਫ਼ਨੇ ਵਿੱਚ ਉਸ ਸ਼ਰਮੇ ਆਲ਼ੀ ਸਰਕਾਰ ਜਰਨਲ ਜ਼ਿਆ ਸਾਹਿਬ ਨੂੰ ਸੁਫ਼ਨੇ ਵਿੱਚ ਕਸੀਦਾ ਸੁਣਾਇਆ!

"ਸੋਹਣਿਆ ਤੇਰਾ ਮੱਥਾ ਏ ਤੇ ਸੋਹਣਿਆ ਤੇਰਾ ਚਿਹਰਾ ਏ
ਸੋਹਣਿਆ ਤੇਰਾ ਗਾਨਾ ਏ ਤੇ ਸੋਹਣਿਆ ਤੇਰਾ ਸਿਹਰਾ ਏ"

ਜਰਨਲ ਸਾਹਿਬ ਉਸ ਨੂੰ ਆਪਣਾ ਗਾਨਾ ਤੇ ਆਪਣਾ ਕੈਂਠਾ ਵਖਾਣਿਆ। ਹਾਕੂ ਦੀ ਪ੍ਰੇਸ਼ਾਨੀ ਹੋਰ ਵਧ ਗਈ... ਉਸ ਲਹੌਰ ਜਾ ਕੇ ਇਕ ਵੱਡੇ ਕਮਿਊਨਿਸਟ ਸ਼ਾਇਰ ਨੂੰ ਬਿਪਤਾ ਸੁਣਾਈ।

"ਸੁਫ਼ਨੇ ਦਾ ਮਤਲਬ ਏ ਪਈ ਤੂੰ ਦੋਗ਼ਲਾ ਏਂ" ਸ਼ਾਹ ਸਾਹਿਬ ਫ਼ਰਮਾਇਆ, "ਏਨੀ ਗੱਲ ਤੇ ਮੈਨੂੰ ਸਮਝ ਆਉਂਦੀ ਏ ਸ਼ਾਹ ਜੀ ਪਈ ਕਿਉਂ ਇਹ ਸਾਇਆ ਨਜ਼ਰ ਆਂਵਦਾ ਏ ਪਰ ਜਾਗਦਿਆਂ ਤੇ ਕਦੇ ਕੋਈ ਖ਼ੁਸ਼ਾਮਦ ਕਿਸੇ ਹਾਕਮ ਦੀ ਨਹੀਂ ਕਰਦਾ... ਥਾਣੇ ਬਾ-ਹਲਕ ਹਰ ਬੰਦੇ ਦਾ ਬਹਿਣ-ਉੱਠਣ ਏ!" ਸ਼ਾਹ ਸਾਹਿਬ ਸੁਣੀ ਅਣਸੁਣੀ ਕਰ ਛੱਡੀ।

ਉਸ ਮੁੜ ਆ ਕੇ ਬਿਪਤਾ ਮਲਕ ਸਾਹਿਬ ਨੂੰ ਸੁਣਾਈ। ਉਸ ਆਖਿਆ, "ਇਹ ਪੁੱਛਣ ਵਾਸਤੇ ਲਹੌਰ ਜਾਵਣ ਦੀ ਲੋੜ ਨਹੀਂ ਸੀ। ਸ਼ਾਇਰੀ ਭੀ ਸਹੁਰੀ ਥਾਣੇਦਾਰੀ ਏ। ਤੂੰ ਗੱਲਾਂ ਦਾ ਖੱਟਿਆ ਖਾਨਾ ਏਂ... ਵੱਢੀ ਭੀ ਲੈ ਲੈਨਾ ਏਂ ਜੇ ਕੋਈ ਦੇਵੇ... ਤੇ ਭੁੱਟੋ ਤੇ ਜਰਨਲ ਦੀ ਖ਼ੁਸ਼ਾਮਦ ਵਿੱਚ ਕੋਈ ਫ਼ਰਕ ਨਹੀਂ... ਥਾਣੇਦਾਰ ਦੀ ਖ਼ੁਸ਼ਾਮਦ ਕਰਨਾ ਏਂ ਕਦੇ ਕਿਸੇ ਨਿਮਾਣੇ ਦੀ ਭੀ ਕੀਤੀ ਆ!" ੦

**ਪਤਾ- ਮਾਰਫ਼ਤ ਮਹੀਨਾਵਾਰ 'ਪੰਚਮ', 11-ਸ਼ਰਫ਼ ਮੈਂਸ਼ਨ, 16-ਕੁਈਨਜ਼ ਰੋਡ, ਲਹੌਰ।**

# ਮੈਂ ਕੋਲ਼ੋਂ ਮੈਂ ਦੂਰ / ਨਾਸਿਰ ਖਾਂ

ਉਹ ਕੋਈ ਸੱਤਰ ਵਰ੍ਹੇ ਦਾ ਇੱਕ ਬੁੱਢਾ ਬੰਦਾ ਸੀ। ਛੋਟੀ ਜਿਹੀ ਧੌਲ਼ੀ ਦਾੜ੍ਹੀ ਜਿਵੇਂ ਸ਼ੇਵ ਵਧੀ ਹੁੰਦੀ ਏ। ਮੋਟੀ ਜਿਹੀ ਐਨਕ ਵੀ ਲਾਉਂਦਾ ਸੀ ਪਰ ਅੱਖਾਂ ਮੀਟ ਕੇ ਰੱਖਦਾ ਸੀ ਜਿਵੇਂ ਨਜ਼ਰ ਨਾ ਆਉਂਦਾ ਹੋਵੇ। ਲੱਗਦਾ ਸੀ ਕਿ ਉਹ ਕੁਝ ਨਾ ਕੁਝ ਵੇਖ ਸਕਦਾ ਸੀ ਪਰ ਇਸ ਦੁਨੀਆਂ ਨੂੰ ਵੇਖਣਾ ਨਹੀਂ ਚਾਂਹਦਾ ਸੀ। ਮੈਲ਼ੇ ਜਿਹੇ ਕੱਪੜੇ ਪਾਏ ਹੋਏ ਨੇਂ। ਥੋੜਾ ਜਿਹਾ ਕੁੱਬਾ ਹੋ ਕੇ ਚੱਲਦਾ ਸੀ। ਚਿਹਰੇ ਤੇ ਬਹੁਤ ਮਾਯੂਸੀ ਤੇ ਗ਼ਮੀ। ਉਹਦੇ ਨਾਲ਼ ਕੋਈ ਦਸ ਵਰ੍ਹੇ ਦੀ ਇੱਕ ਕੁੜੀ ਹੁੰਦੀ ਸੀ ਜਿਹੜੀ ਉਹਦਾ ਹੱਥ ਫੜ ਕੇ ਟੁਰਦੀ ਸੀ। ਮੈਂ ਉਹਨੂੰ ਹਮੇਸ਼ ਚੌਹਣਾ ਮੁਫ਼ਤੀ ਬਾਕਰ ਦੇ ਬਜ਼ਾਰ ਵਿੱਚ ਵੇਖਦਾ ਸਾਂ। ਮੈਂ ਸੂਤਰ ਮੰਡੀਉਂ ਰਾਮਣੀ ਤੇ ਸੂਹਾ ਬਜ਼ਾਰ ਲੰਘ ਕੇ ਭਾਂਡਿਆਂ ਵਾਲ਼ੇ ਬਜ਼ਾਰ ਤੋਂ ਚੌਹਣੇ ਦੇ ਰਾਹੀਂ ਮੋਚੀ ਦਰਵਾਜ਼ੇ ਪਾਪਾ ਗੁੱਡੀ ਫ਼ਰੋਸ਼ ਦੇ ਸਾਹਮਣੇ ਟਿਊਸ਼ਨ ਪੜ੍ਹਨ ਜਾਂਦਾ ਸਾਂ ਤੇ ਰੋਜ਼ ਉਹਨੂੰ ਵੇਖਦਾ ਸਾਂ। ਜਿਸ ਦਿਨ ਉਹ ਮੈਨੂੰ ਨਹੀਂ ਮਿਲ਼ਦਾ ਸੀ ਮੈਂ ਪ੍ਰੇਸਾਨ ਜਿਹਾ ਹੋ ਜਾਂਦਾ ਸਾਂ। ਮੈਨੂੰ ਡਰ ਸੀ ਕਿੱਧਰੇ ਉਹ ਮਰ ਨਾ ਜਾਵੇ। ਵੈਸੇ ਹਾਲਤ ਉਹਦੀ ਇਹੋ ਜਿਹੀ ਈ ਸੀ। ਮੈਂ ਸੋਚਦਾ ਸਾਂ ਜੇ ਉਹ ਮਰ ਗਿਆ ਤਾਂ ਉਹਦੀ ਛੋਟੀ ਧੀ ਦਾ ਕੀ ਬਣੇਗਾ। ਉਹਨਾਂ ਕੋਲ਼ ਤੇ ਜ਼ਿੰਦਾ ਰਹਿਣ ਵਾਸਤੇ ਪੈਸੇ ਵੀ ਨਹੀਂ ਹੋਵਣਗੇ। ਉਹ ਰੋਟੀ ਕਿਥੋਂ ਖਾਏਗੀ। ਉਹ ਬੜੀ ਦਰਦ ਭਰੀ ਅਵਾਜ਼ ਲਾਉਂਦਾ ਸੀ। ਇੰਜ ਲੱਗਦਾ ਸੀ ਉਹ ਸੌਦਾ ਨਹੀਂ ਵੇਚ ਰਿਹਾ ਮੰਗ ਰਿਹਾ ਏ। ਕਈ ਲੋਕ ਉਹਦੇ ਕੋਲੋਂ ਸੌਦਾ ਖਰੀਦਣ ਦੀ ਬਜਾਏ ਉਹਨੂੰ ਪੈਸੇ ਦੇਂਦੇ ਸਨ। ਮੈਂ ਕਈ ਵਾਰੀ ਵੇਖਿਆ ਉੱਚੇ ਥੜੇ ਦੀ ਪਾਨਾਂ ਦੀ ਦੁਕਾਨ ਵਾਲ਼ਾ ਉਹਨੂੰ ਹਮੇਸ਼ ਕੁਝ ਸਿੱਕੇ ਦੇਂਦਾ ਸੀ।

ਉਹ ਕਾਗਤ ਦੇ ਬਣਾਏ ਹੋਏ ਕੁੱਕੜ ਵੇਚਦਾ ਸੀ। ਛੋਟਾ ਛੇ ਆਨਿਆਂ ਦਾ ਤੇ ਵੱਡਾ ਬਾਰ੍ਹਾਂ ਦਾ। ਚਾਰ -ਪੰਜ ਛੋਟੇ ਤੇ ਦੋ ਵੱਡੇ। ਇਹ ਉਹਦਾ ਕੁਲ ਸੌਦਾ ਸੀ। ਮੇਰਾ ਜੀਅ ਕਰਦਾ ਸੀ ਕਿ ਉਹਦੇ ਕੋਲੋਂ ਸਾਰਾ ਸੌਦਾ ਖ਼ਰੀਦ ਲਵਾਂ ਪਰ ਮੇਰੇ ਕੋਲ਼ ਤੇ ਛੋਟਾ ਕੁੱਕੜ ਲੈਣ ਵਾਸਤੇ ਛੇ ਆਨੇ ਵੀ ਕਦੀ ਨਾ ਹੋਏ। ਆਨਾ ਰੋਜ਼ ਮਿਲਦਾ ਸੀ। ਪੂਰਾ ਹਫ਼ਤਾ ਬਚਤ ਕਰੋ ਤੇ ਛੋਟਾ ਕੁੱਕੜ ਮਿਲ਼ੇਗਾ। ਪਰ ਮੈਨੂੰ ਇਹ ਵਾਰਾ ਨਹੀਂ ਖਾਂਦਾ ਸੀ। ਬਹੁਤ ਸਾਰੀਆਂ ਛੋਟੀਆਂ-ਛੋਟੀਆਂ ਖ਼ਵਾਹਸ਼ਾਂ ਮੈਂ ਆਨੇ ਵਿੱਚ ਈ ਪੂਰੀਆਂ ਕਰ ਲੈਂਦਾ ਸਾਂ। ਦੋ ਪੈਸਿਆਂ ਦੇ ਢੇਰ ਸਾਰੇ ਕੇਕ ਰਸ ਮਿਲ਼ ਜਾਂਦੇ ਸਨ ਜਿਹੜੇ ਮੈਂ ਸਾਰੇ ਰਸਤੇ ਖਾਂਦਾ ਜਾਂਦਾ ਸਾਂ। ਕਦੀ ਕਦੀ ਭਾਅ ਤਾਜ ਕੋਲੋਂ ਆਨੇ ਦੀਆਂ ਪਕੌੜੀਆਂ ਖਾਣੀਆਂ ਵੱਡੇ ਪਿਆਲੇ ਵਿੱਚ ਢੇਰ ਸਾਰੀ ਦਹੀਂ ਤੇ ਚੀਨੀ ਨਾਲ਼।

ਭਾਅ ਤਾਜ ਕੂੰਡੇ ਵਿੱਚ ਸੌਦਾ ਰੱਖਦਾ ਸੀ। ਬੜਾ ਸਾਫ਼-ਸੁਥਰਾ ਸੀ ਤੇ ਸ਼ਾਮ ਵੇਲੇ ਉਹਦੇ ਕੋਲ਼ ਵਿਹਲ ਨਹੀਂ ਹੁੰਦੀ ਸੀ। ਲੱਗਦਾ ਏ ਉਸ ਮਹੱਲੇ ਦੇ ਬਹੁਤ ਸਾਰੇ ਲੋਕ ਰਾਤ ਦੀ ਰੋਟੀ ਪਕੌੜੀਆਂ ਨਾਲ਼ ਖਾਂਦੇ ਸਨ। ਤੰਦੂਰ ਦੀ ਠੰਡੀ ਹੋਈ ਗਰਮ ਰੋਟੀ ਤੇ ਦਹੀਂ ਵਾਲ਼ੀਆਂ ਪਕੌੜੀਆਂ, ਵਿੱਚ ਰਹੀਆਂ ਮਿਰਚਾਂ ਤੇ ਭੂਕਾਂ ਵਾਲ਼ੇ ਗੰਢੇ ਪਾ ਲਵੋ। ਬਹੁਤੇ ਸ਼ੁਕੀਨ ਵਿੱਚ ਕੜਾਹੀ ਦੇ ਤਲ਼ੇ ਹੋਏ ਪਕੌੜਿਆਂ ਦਾ ਚੂਰ ਵੀ ਪਾ ਲੈਂਦੇ ਸਨ।

ਸਾਡੇ ਘਰ ਵੀ ਕਦੀ ਕਦੀ ਇਹ ਖਾਧਾ ਜਾਂਦਾ ਸੀ।



ਟਿਊਸ਼ਨ ਵਾਲ਼ੇ ਮਾਸਟਰ ਕੋਲ਼ ਢੇਰ ਸਾਰੇ ਮੁੰਡੇ ਪੜ੍ਹਦੇ ਸਨ। ਬੱਟ ਸਾਹਿਬ ਮੈਥ ਤੇ ਅੰਗਰੇਜ਼ੀ ਚੰਗੀ ਪੜ੍ਹਾਂਦੇ ਸਨ। ਗੋਰੇ-ਚਿੱਟੇ ਤੇ ਸਿਹਤਮੰਦ ਬੱਟ ਸਾਹਿਬ ਖਾਣ ਦੇ ਵੀ ਬੜੇ ਸ਼ੌਕੀਨ ਸਨ। ਸ਼ਾਹ ਮੁਹੰਮਦ ਗ਼ੌਸ ਦੇ ਮਜ਼ਾਰ ਦੇ ਤੰਦੂਰ ਦੀ ਖ਼ਮੀਰੀ ਰੋਟੀ ਅਕਸਰ ਖਾਂਦੇ ਸਨ। ਉਹਨਾਂ ਮੈਨੂੰ ਅਵਾਜ਼ ਦਿੱਤੀ ਕਿ ਅਲਮਾਰੀ ਵਿਚੋਂ ਪੈਸੇ ਲੈ ਕੇ ਉਹਨਾਂ ਵਾਸਤੇ ਤਿੰਨ ਰੋਟੀਆਂ ਲੈ ਆਵਾਂ। ਏਸ ਕੰਮ ਵਾਸਤੇ ਮੈਂ ਹਰ ਵੇਲੇ ਤਿਆਰ ਹੁੰਦਾ ਸਾਂ ਕਿਉਂ ਜੋ ਬਾਹਰ ਨਿਕਲਣ ਦਾ ਮੌਕਾ ਮਿਲ਼ਦਾ ਸੀ। ਮੈਂ ਦੌੜਦਿਆਂ ਜਾਣਾ ਤੇ ਉਸੇ ਸਪੀਡ ਨਾਲ਼ ਵਾਪਸ ਆਣਾ। ਬੱਟ ਸਾਹਿਬ ਨੂੰ ਗਰਮਾ ਗਰਮ ਰੋਟੀ ਮਿਲਦੀ ਸੀ।

ਮੈਂ ਅਲਮਾਰੀ ਕੋਲ਼ ਜਾ ਕੇ ਉਹਦਾ ਬੂਹਾ ਖੋਹਲਿਆ। ਸਾਹਮਣੇ ਉਤਲੇ ਦਰਾਜ਼ ਵਿੱਚ ਪੈਸੇ ਹੈਗੇ ਸਨ। ਇੱਕ ਰੁਪਏ ਦੇ ਨਵੇਂ ਨੋਟਾਂ ਦੀ ਕਾਪੀ। ਅੱਸੀ ਕੁ ਰੁਪਏ ਹੋਣਗੇ। ਮੈਂ ਰੋਟੀਆਂ ਵਾਸਤੇ ਇੱਕ ਰੁਪੱਈਆ ਚੁੱਕਿਆ ਤੇ ਅਲਮਾਰੀ ਦਾ ਬੂਹਾ ਬੰਦ ਕਰ ਦਿੱਤਾ ਤੇ ਵਾਪਸ ਮੁੜਿਆ। ਨਾਲ਼ ਈ ਮੈਨੂੰ ਕੁਝ ਖ਼ਿਆਲ ਆਇਆ ਤੇ ਮੈਂ ਅਲਮਾਰੀ ਦੁਬਾਰਾ ਖੋਲ਼ੀ। ਧਿਆਨ ਨਾਲ਼ ਆਹਿਸਤਾ ਜਿਹੀ ਕਰ ਕੇ ਤਾਂ ਕਿ ਕੋਈ ਅਵਾਜ਼ ਨਾ ਆਵੇ। ਹੁਣ ਮੈਂ ਨੋਟਾਂ ਦੀ ਗੱਡੀ ਵਿੱਚੋਂ ਚਾਰ ਰੁਪਏ ਹੋਰ ਕੱਢੇ, ਵੱਖਰੋ-ਵੱਖਰੀ ਥਾਂ ਤੋਂ ਸ਼ਾਇਦ 21, 37,45,88 ਨੰਬਰ ਵਾਲ਼ੇ ਨੋਟ।' ਇਹਨਾਂ ਨੋਟਾਂ ਨੂੰ ਮੈਂ ਲਵੇਟ ਕੇ ਬੱਤੀ ਬਣਾ ਕੇ ਮੈਂ ਆਪਣੇ ਪਜਾਮੇ ਦੇ ਨੇਫ਼ੇ ਵਿੱਚ ਪਾ ਲਿਆ। ਮੇਰੀਆਂ ਲੱਤਾਂ ਤੇ ਪੂਰਾ ਜਿਸਮ ਕੰਬ ਰਿਹਾ ਸੀ। ਲੇਕਿਨ ਮੈਂ ਆਪਣੇ ਆਪ ਨੂੰ ਸੰਭਾਲ ਕੇ ਬਾਹਰ ਆ ਗਿਆ। ਏਨੀ ਦੇਰ ਲਾ ਦਿੱਤੀ ਊ? ਮੈਂ ਕੁਝ ਨਾ ਬੋਲਿਆ ਤੇ ਰੋਟੀਆਂ ਲੈਣ ਬਾਹਰ ਚਲਾ ਗਿਆ। ਉਸ ਦਿਨ ਮੈਂ ਦੌੜ ਕੇ ਤੰਦੂਰ ਤਾਈਂ ਨਹੀਂ ਗਿਆ। ਮੇਰੇ ਕੋਲ ਦੌੜਿਆ ਨਹੀਂ ਜਾ ਰਿਹਾ ਸੀ।

ਮੈਂ ਰੋਟੀਆਂ ਫੜੀਆਂ। ਉਹਨਾਂ ਨੂੰ ਕੰਦੂਰੀ ਵਿੱਚ ਲਪੇਟਿਆ ਤੇ ਵਾਪਸ ਮੁੜਿਆ। ਮੈਂ ਰਸਤੇ ਵਿੱਚ ਕਈ ਵਾਰੀ ਨੇਫ਼ੇ ਵਿੱਚ ਤੁੱਨੇ ਰੁਪਏ ਵੀ ਚੈੱਕ ਕੀਤੇ। ਉਹ ਹੈ ਸਨ ਪਰ ਫੇਰ ਵੀ ਮੈਂ ਬੇਵਸਾਹਿਆ ਜਿਹਾ ਸਾਂ।

ਘਰ ਪਹੁੰਚ ਕੇ ਮੈਂ ਬੱਟ ਸਾਹਿਬ ਦੀ ਭਰਜਾਈ ਨੂੰ ਰੋਟੀਆਂ ਫੜਾਈਆਂ। ਉਹਨੇ ਛੰਨੀ ਵਿੱਚ ਲੂਣ ਪਾ ਕੇ ਰੋਟੀਆਂ ਦੇ ਨਾਲ਼ ਟਰੇਅ ਮੈਨੂੰ ਫੜਾਇਆ ਜਿਹੜਾ ਮੈਂ ਥੱਲੇ ਲੈ ਕੇ ਆ ਗਿਆ। ਪਾਣੀ ਫੜਾਣ ਦੀ ਡਿਊਟੀ ਦੂਜੇ ਮੁੰਡੇ ਦੀ ਸੀ। ਪਰ ਅੱਜ ਇਹ ਕੰਮ ਵੀ ਮੈਂ ਆਪੇ ਕੀਤਾ। ਮਾਸਟਰ ਨੇ ਮੇਰੇ ਵੱਲ ਗ਼ੌਰ ਨਾਲ ਤੱਕਿਆ। ਮੇਰੇ ਜਿਸਮ ਤੋਂ ਜਾਨ ਨਿਕਲ ਗਈ ਤੇ ਮੈਂ ਅੱਖਾਂ ਦੂਜੇ ਪਾਸੇ ਕਰ ਲਈਆਂ। ਉਹਦੇ ਬਾਅਦ ਮੈਂ ਇੱਕ ਘੰਟਾ ਹੋਰ ਉਥੇ ਰਿਹਾ ਪਰ ਕੁਝ ਨਾ ਹੋਇਆ। ਪਰ ਸਾਰਾ ਵੇਲਾ ਮੈਂ ਡਰਦਾ ਰਿਹਾ।

ਛੁੱਟੀ ਵੇਲੇ ਛੀਮਾਂ ਮੇਰੇ ਨਾਲ਼ ਸੀ। ਅਸਾਂ ਦੋਵੇਂ ਸ਼ੱਈਆਂ ਦਾ ਮਹੱਲਾ ਲੰਘ ਕੇ ਭਾਅ ਤਾਜ ਦੀ ਦੁਕਾਨ ਤੀਕਰ ਅੱਪੜੇ ਤੇ ਮੈਂ ਉਹਨੂੰ ਆਖਿਆ, ਭੱਲੇ ਪਕੌੜੀਆਂ ਖਾਈਏ। ਉਹਨੇ ਕਿਹਾ, ਮੇਰੇ ਕੋਲ਼ ਪੈਸੇ ਨਹੀਂ। ਮੈਂ ਉਹਨੂੰ ਦਾਅਵਤ ਦਿੱਤੀ। ਦੋ ਪਿਆਲੇ ਆਏ, ਮੈਂ ਇੱਕ ਫ਼ਟਾ ਫ਼ਟ ਮੁਕਾਇਆ ਤੇ ਦੂਜਾ ਮੰਗਿਆ। ਛੀਮਾਂ ਮੇਰੇ ਵਲੇ ਗ਼ੌਰ ਨਾਲ਼ ਤੱਕ ਰਿਹਾ ਸੀ। ਪੈਸੇ ਦੇਣ ਵੇਲੇ ਮੈਂ ਬੜਾ ਆਰਾਮ ਨਾਲ਼ ਨੋਟਾਂ ਨੂੰ ਨੇਫ਼ੇ ਵਿੱਚੋਂ ਕੱਢਿਆ ਤੇ ਕਮੀਜ਼ ਦੇ ਥੱਲਿਉਂ ਇੱਕ ਰੁਪੱਈਆ ਦੂਜੇ ਹੱਥ ਵਿੱਚ ਫੜਿਆ। ਬਾਕੀ ਦੇ ਫ਼ਟਾ ਫ਼ਟ ਲਪੇਟ ਕੇ ਫੇਰ ਨੇਫ਼ੇ ਵਿੱਚ ਪਾ ਲਏ। ਰੁਪੱਈਆ ਭਾਅ ਤਾਜ ਨੂੰ ਦਿੱਤਾ ਤੇ ਉਹਨੇ ਤਿੰਨ ਆਨੇ ਕੱਟ ਕੇ ਬਾਕੀ ਤੇਰ੍ਹਾਂ ਆਨੇ ਮੈਨੂੰ ਫੜਾਏ। ਤਿੰਨ ਚਵਾਨੀਆਂ ਤੇ ਇੱਕ ਆਨਾ। ਏਨੇ ਪੈਸੇ ਮੈਂ ਈਦ ਵਾਲ਼ੇ ਦਿਨ

ਵੇਖਦਾ ਸਾਂ । ਮੈਨੂੰ ਯਾਦ ਏ ਕਿ ਇੱਕ ਈਦ ਤੇ ਮੇਰੇ ਕੋਲ਼ ਚਾਰ ਰੁਪਏ ਸਨ। ਤੇ ਮੈਂ ਉਹਨਾਂ ਨੂੰ ਕਈ ਵਾਰ ਗਿਣਿਆ। ਅੱਜ ਵੀ ਮੇਰੀ ਈਦ ਸੀ।

ਰਸਤੇ ਵਿੱਚ ਸੂਹੇ ਬਜ਼ਾਰ ਦੇ ਬਾਹਰ ਰੇੜ੍ਹੀ ਤੋਂ ਮੇਰਾ ਕੱਟੇ ਹੋਏ ਬਰਫ਼ ਲੱਗੇ ਅੰਬ ਖਾਣ ਨੂੰ ਵੀ ਜੀਅ ਕੀਤਾ ਪਰ ਹਨੇਰਾ ਪੈ ਰਿਹਾ ਸੀ ਤੇ ਮੈਂ ਘਰ ਜਲਦੀ-ਜਲਦੀ ਅੱਪੜਨਾ ਚਾਂਹਦਾ ਸਾਂ। ਉੱਤੋਂ ਛੀਮਾਂ ਵੀ ਕੁਝ ਡਰਿਆ-ਡਰਿਆ ਸੀ ਤੇ ਛੇਤੀ ਛੇਤੀ ਟੁਰ ਰਿਹਾ ਸੀ।

ਘਰ ਪਹੁੰਚਦੇ ਮਾਂ ਨੇ ਮੇਰੇ ਅੱਗੇ ਰੋਟੀ ਰੱਖੀ। ਆਲੂਆਂ ਦੀ ਭੁਰਜੀ ਮੇਥੀ ਦੇ ਨਾਲ਼। ਮੈਂ ਸ਼ੌਂਕ ਨਾਲ਼ ਖਾਂਦਾ ਸਾਂ ਪਰ ਅੱਜ ਮੈਨੂੰ ਕੁਝ ਹੋਰ ਭੁੱਖ ਸੀ। ਮੈਨੂੰ ਲੱਗਦਾ ਸੀ ਅੱਜ ਮੈਂ ਸਾਰਾ ਕੁਝ ਖਾ ਸਕਦਾ ਆ। ਉਹ ਕੁਝ ਵੀ ਜਿਹੜਾ ਕਦੇ ਵੀ ਮੇਰੇ ਘਰ ਨਹੀਂ ਪੱਕਿਆ ਸੀ। ਪਰ ਮਾਂ ਨੇ ਮੈਨੂੰ ਬਦੋਬਦੀ ਰੋਟੀ ਖਵਾਈ। ਅੱਧੀ ਰੋਟੀ ਛੱਡ ਦਿੱਤੀ ਉ ! ਆਪਣਾ ਰੰਗ ਵੇਖ ਪੀਲ਼ਾ ਹੋ ਗਿਆ ਏ। ਵੇਲੇ-ਕੁਵੇਲੇ ਖਾਣ ਨਾਲ ਇਹੋ ਕੁਝ ਹੋਣਾ ਏ। ਪਰ ਆਪਣੇ ਤੌਰ ਤੇ ਮੈਨੂੰ ਇੱਕ ਤਾਕਤ ਜਿਹੀ ਲੱਗ ਰਹੀ ਸੀ। ਮੇਰਾ ਜੀਅ ਕਰਦਾ ਮੈਂ ਮਾਂ ਨੂੰ ਕੋਈ ਚੰਗੀ ਜਿਹੀ ਚੀਜ਼ ਲਿਆ ਕੇ ਖਵਾਵਾਂ, ਪਰ ਇਹ ਨਾ ਕਰ ਸਕਿਆ ਕਿਉਂ ਜੋ ਮੇਰਾ ਅੱਬਾ ਘਰ ਵਿਚ ਸੀ ਤੇ ਰਾਤ ਵੇਲੇ ਘਰੋਂ ਬਾਹਰ ਜਾਣ ਦੀ ਇਜਾਜ਼ਤ ਨਹੀਂ ਸੀ। ਮੈਂ ਸੌਂ ਗਿਆ ਪਰ ਉਸ ਰਾਤੀਂ ਮੈਂ ਕਈ ਵਾਰੀ ਨੇਫ਼ੇ ਦੇ ਨੋਟ ਟੋਹ ਕੇ ਚੈੱਕ ਕੀਤੇ। ਡਿੱਗਣ ਦੇ ਡਰ ਤੋਂ ਕਈ ਵਾਰੀ ਉਹਨਾਂ ਨੂੰ ਨੇਫ਼ੇ ਦੇ ਮੂੰਹ ਤੋਂ ਪਰੇ ਕੀਤਾ।

ਅਗਲੇ ਦਿਨ ਮੈਂ ਸਕੂਲੋਂ ਆ ਕੇ ਟਿਊਸ਼ਨ ਤੇ ਪੜ੍ਹਨ ਗਿਆ। ਰਸਤੇ ਵਿੱਚ ਮੈਨੂੰ ਉਹੋ ਕੁੱਕੜ ਵਾਲ਼ਾ ਬਾਬਾ ਨਜ਼ਰ ਆਇਆ। ਛੋਟਾ ਛੇ ਆਲੇ ਵੱਡਾ ਬਾਰਾਂ ਆਨੇ।

ਮੈਂ ਛੇਤੀ-ਛੇਤੀ ਨੇਫ਼ੇ ਵਿੱਚੋਂ ਤਿੰਨ ਰੁਪਏ ਕੱਢੇ। ਬਾਬੇ ਦੇ ਹੱਥ ਫੜਾਏ ਤੇ ਆਖਿਆ ਮੈਨੂੰ ਸਾਰੇ ਕੁੱਕੜ ਦੇ ਦੇ। ਉਹਨੇ ਪੈਸੇ ਲੈ ਕੇ ਮੈਨੂੰ ਸਾਰਾ ਸੌਦਾ ਫੜਾ ਦਿੱਤਾ। ਮੇਰੇ ਕੋਲ਼ ਇਹ ਸਾਰਾ ਕੁਝ ਨਹੀਂ ਸੰਭਾਲ਼ਿਆ ਜਾ ਰਿਹਾ ਸੀ ਉਤੋਂ ਬਸਤਾ ਵੀ ਮੇਰੇ ਨਾਲ਼ ਸੀ। ਸੌਦਾ ਫੜਦਿਆਂ ਈ ਮੈਂ ਵਾਪਸ ਘਰ ਵੱਲੇ ਮੁੜ ਪਿਆ। ਬਾਬੇ ਅਵਾਜ਼ ਦਿੱਤੀ ਬਾਕੀ ਪੈਸੇ ਲੈ ਲੇ ਪਰ ਮੈਂ ਸੁਣੇ ਬਗ਼ੈਰ ਉਥੋਂ ਟੁਰ ਪਿਆ।

ਅੱਜ ਟਿਊਸ਼ਨ ਨਹੀਂ ਗਿਆ, ਮਾਂ ਦੀ ਅਵਾਜ਼ ਆਈ। ਬੱਟ ਸਾਹਿਬ ਬੀਮਾਰ ਨੇਂ ਤੇ ਅੱਜ ਛੁੱਟੀ ਏ। ਇਹ ਕਿਥੋਂ ਲੈ ਆਇਆ ਏਂ। ਮੇਰੇ ਇੱਕ ਦੋਸਤ ਦਾ ਪਿਉ ਵੇਚਦਾ ਏ ਤੇ ਉਹਨੇ ਮੈਨੂੰ ਦਿੱਤੇ ਨੇਂ।

ਮੈਂ ਮੰਜੀ ਤੇ ਲੇਟਿਆ ਸੋਚ ਰਿਹਾ ਸਾਂ ਤੇ ਸੌਂ ਗਿਆ। ਮਾਂ ਨੇ ਉਠਾ ਕੇ ਗੱਦਾ ਵਿਛਾਉਣ ਦਾ ਕਿਹਾ ਪਰ ਅੱਜ ਮੈਨੂੰ ਅਲਾਣੀ ਮੰਜੀ ਤੇ ਸੌਣ ਦਾ ਮਜ਼ਾ ਆ ਰਿਹਾ ਸੀ। ੦




# ਭਗਵੰਤ ਰਸੂਲਪੁਰੀ ਦਾ
# ਨਵਾਂ ਕਹਾਣੀ ਸੰਗ੍ਰਹਿ
# ਤੀਜਾ ਨੇਤਰ


ਚੇਤਨਾ ਪ੍ਰਕਾਸ਼ਨ
*ਪੰਜਾਬੀ ਭਵਨ, ਲੁਧਿਆਣਾ -141001*
ਫੋਨ : 0161-2413613, 2404928
ਮੋਬਾਇਲ : 98152-98459
*E-mail chetnaparkashan@sify.com*

**ਮੁੱਲ 75 ਰੁਪਏ**

ਭਗਵੰਤ ਕਹਾਣੀ-ਕਲਾ ਵਿੱਚ ਪੁਰਾਤਨ ਮਿੱਥਾਂ, ਇਤਿਹਾਸਕ/ ਮਿਥਿਹਾਸਕ ਪਾਤਰਾਂ ਨੂੰ ਅੱਜ ਦੇ ਕੰਪਿਊਟਰ ਦੇ ਸਕੈਚਾਂ, ਡਿਜ਼ਾਇਨਾ ਤੇ ਰੀਮੋਟ ਦੱਬਦੇ ਹੱਥਾਂ ਦੀ ਛੂਹਣ, ਮੋਬਾਇਲ ਦੇ ਚਿਹਨ, ਆਦਿ ਭਾਵਾਂ ਦੀ ਤਰਜ਼ਮਾਨੀ ਕਰਦੇ ਪ੍ਰਤੀਕਾਂ ਨੂੰ ਨਵੀਨ ਅਰਥ ਦੇ ਕੇ ਅਜਿਹੀਆਂ ਕਹਾਣੀਆਂ ਦੀ ਰਚਨਾ ਕਰਦਾ ਹੈ, ਜਿਨ੍ਹਾਂ ਵਿੱਚ ਮਰਦ ਤੇ ਔਰਤ ਦੇ ਅੰਤਰਮਨ ਦੀ ਪੀੜਾ ਤੇ ਉਸ ਦੇ ਪ੍ਰਗਟਾਵੇ ਵਿੱਚ ਕੋਈ ਅੰਤਰ ਨਹੀਂ। ਦੋਵੇਂ ਹੀ ਹੱਡ-ਮਾਸ ਦੇ ਪੁਤਲੇ, ਬੇਬਸ, ਦੱਬੇ-ਘੁੱਟੇ , ਆਪਣੀ ਮਾੜੀ ਹਾਲਤ ਲਈ ਜ਼ਿੰਮੇਵਾਰ ਨੂੰ ਕ੍ਰੋਧ ਦੀ ਅਗਨੀ ਵਿੱਚ ਭਸਮ ਕਰਨ ਲਈ ਤਤਪਰ ਕਿਤੇ ਖ਼ੂੰਖਾਰ, ਕਿਤੇ ਵਿਚਾਰੇ ਤੇ ਕਦੇ ਤਰਸਯੋਗ ਨਜ਼ਰ ਆਉਂਦੇ ਪਾਤਰ, ਬਿਨਾਂ ਕਿਸੇ ਦਾ ਪੱਖ ਪੂਰੇ ਸਿਰਫ ਹਾਲਾਤਾਂ ਤੇ ਦੁੱਖਾਂ-ਪੀੜਾਂ ਦਾ ਬਿਆਨ ਕਰ ਕਦੇ ਪਾਠਕ ਨੂੰ ਝੰਜੋੜ ਜਾਂਦੇ ਹਨ ਤੇ ਕਦੇ ਉਦਾਸ ਕਰ ਜਾਂਦੇ ਹਨ।

*- ਡਾ. ਜਸਵਿੰਦਰ ਕੌਰ ਬਿੰਦਰਾ*

# ਜਨ ਬੋਧ



# ਪੱਟੀਦਰਜ ਜਾਤੀਆਂ ਦੀ ਬਦਲਦੀ ਹਾਲਤ / ਡਾ. ਹਰੀਸ਼ ਪੁਰੀ

"ਸਾਡਾ ਸੰਘਰਸ਼ ਧਨ ਜਾਂ ਸੱਤਾ ਲਈ ਨਹੀਂ ਸਗੋਂ ਆਜ਼ਾਦੀ ਲਈ ਹੈ। ਸਾਡਾ ਸੰਘਰਸ਼ ਮਨੁੱਖੀ ਸ਼ਖਸੀਅਤ ਦੀ ਮੁੜ ਤੋਂ ਪ੍ਰਾਪਤੀ ਲਈ ਹੈ।" *- ਡਾ. ਬੀ. ਆਰ. ਅੰਬੇਡਕਰ*

"ਕੋਈ ਸਮਾਂ ਸੀ ਜਦੋਂ ਸਾਡੇ ਨਾਲ ਪਸ਼ੂਆਂ ਜਿਹਾ ਸਲੂਕ ਕੀਤਾ ਜਾਂਦਾ ਸੀ। ਹੁਣ ਅਸੀਂ ਬੰਦਿਆਂ ਵਾਂਗ ਮਹਿਸੂਸ ਕਰਦੇ ਹਾਂ। ਇਹ ਸਾਰਾ ਕੁੱਝ ਅੰਬੇਡਕਰ ਦੇ ਸਕਦਾ ਹੈ।" *-ਨਾਮਦਿਓ ਢਾਸਲ*

ਮੌਜੂਦਾ ਅਧਿਐਨ ਇਸ ਗੱਲ ਨਾਲ ਸੰਬੰਧ ਰੱਖਦਾ ਹੈ ਕਿ 1947 ਵਿਚ ਦੇਸ਼ ਦੀ ਆਜ਼ਾਦੀ ਤੇ ਪੰਜਾਬ ਦੀ ਵੰਡ ਤੋਂ ਪਿਛੋਂ ਪੰਜਾਬ ਵਿਚ ਦਲਿਤਾਂ (ਪੱਤੀਦਰਜ ਜਾਤੀਆਂ) ਦੇ ਜੀਵਨ ਵਿਚ ਕਿਸ ਕਿਸਮ ਦੀਆਂ ਤਬਦੀਲੀਆਂ ਆਈਆਂ। ਬਹੁਤੇ ਲੋਕ ਨਹੀਂ ਜਾਣਦੇ ਕਿ ਪੱਟੀਦਰਜ ਜਾਤੀਆਂ ਪੰਜਾਬ ਰਾਜ ਵਿਚ ਵਸੋਂ ਦਾ ਚੋਖਾ ਹਿੱਸਾ ਹਨ। 2001 ਦੀ ਮਰਦਮ ਸ਼ੁਮਾਰੀ ਅਨੁਸਾਰ ਇਸ ਰਾਜ ਵਿਚ ਪੱਟੀਦਰਜ ਜਾਤੀਆਂ ਦੀ ਗਿਣਤੀ 28.9 % ਸੀ। ਪੱਟੀਦਰਜ ਜਾਤੀਆਂ ਦੇ ਲੋਕ, ਜਿਨ੍ਹਾਂ ਨੂੰ ਆਮ ਬੋਲੀ ਵਿਚ ਦਲਿਤ ਕਿਹਾ ਜਾਂਦਾ ਹੈ, ਸਾਡੇ ਸਮਾਜ ਦਾ ਅੱਤ ਅਪਮਾਨਤ ਭਾਗ ਰਹੇ ਹਨ।

ਇਸ ਲੇਖ ਦਾ ਮੰਤਵ ਇਸ ਗੱਲ ਦੀ ਘੋਖ ਪਰਖ ਕਰਨਾ ਹੈ ਕਿ ਪੱਟੀਦਰਜ ਜਾਤੀਆਂ ਦੇ ਲੋਕਾਂ ਦੀਆਂ ਬਾਹਰਮੁਖੀ ਤੇ ਅੰਤਰਮੁਖੀ ਜੀਵਨ ਹਾਲਤਾਂ ਵਿਚ ਕਿਸ ਕਿਸਮ ਦੀਆਂ ਤਬਦੀਲੀਆਂ ਆਈਆਂ।

ਬਾਹਰਮੁਖੀ ਤਬਦੀਲੀਆਂ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਉਹ ਕਿਵੇਂ ਸੋਚਦੇ ਤੇ ਕਿਸ ਦ੍ਰਿਸ਼ਟੀ ਨਾਲ ਦੇਖਦੇ ਹਨ। ਇਹਨਾਂ ਤਬਦੀਲੀਆਂ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਉਹ ਕਿਵੇਂ ਸੋਚਦੇ ਤੇ ਕਿਸ ਦ੍ਰਿਸ਼ਟੀ ਨਾਲ ਦੇਖਦੇ ਹਨ। ਇਹਨਾਂ ਤਬਦੀਲੀਆਂ ਦਾ ਸੰਬੰਧ ਇਸ ਗੱਲ ਨਾਲ ਵੀ ਹੈ ਕਿ 50 ਵਿਆਂ ਤੋਂ ਲੈ ਕੇ ਹੁਣ ਤੱਕ ਦੇ ਅਰਸੇ ਵਿਚ ਪੱਟੀਦਰਜ ਜਾਤੀਆਂ ਦੇ ਲੋਕ ਆਪਣੇ ਆਪ ਨੂੰ ਕਿੰਝ ਦੇਖਦੇ ਹਨ ਅਤੇ ਹੋਰਨਾਂ ਲੋਕਾਂ ਦਾ ਉਹਨਾਂ ਪ੍ਰਤੀ ਕੀ ਵਤੀਰਾ ਜਾਂ ਵਿਚਾਰ ਹੈ। ਐਂਥਰੋਪਾਲੋਜੀਕਲ ਸਰਵੇ ਆਫ਼ ਇੰਡੀਆ ਦੀ "ਹਿੰਦ ਦੇ ਲੋਕ" ਨਾਂਅ ਦੀ ਲੀਹ ਉਲੀਕਦੀ ਰੀਪੋਰਟ ਨੇ ਇਸ ਗੱਲ ਦਾ ਤੱਤ ਪਾ ਲਿਆ ਜਾਪਦਾ ਹੈ ਕਿ ਪੱਟੀਦਰਜ ਜਾਤੀਆਂ ਨਾਲ ਸੰਬੰਧਤ ਵਿਆਕਤੀ ਆਪਣੇ ਆਪ ਦਾ ਕੀ ਮੁੱਲ ਪਾਉਂਦੇ ਹਨ। ਰੀਪੋਰਟ ਆਖਦੀ ਹੈ, "ਵਾਸਤਵ ਵਿਚ ਸਵੈ-ਆਦਰ ਦੀ ਇਕ ਨਵੀਂ ਭਾਵਨਾ ਚੌਹੀਂ ਪਾਸੀ ਮਹਿਸੂਸ ਕੀਤੀ ਜਾ ਸਕਦੀ ਹੈ। ਜਿਹੜੀਆਂ ਪੁਰਾਣੀਆਂ ਮਿਥਿਆਵਾਂ ਆਪਮਾਨ ਭਰੀ ਜ਼ਿੰਦਗੀ ਨੂੰ ਉਚਿੱਤ ਠਹਿਰਾਉਂਦੀਆਂ ਸਨ, ਉਹ ਛੱਡੀਆਂ ਜਾ ਰਹੀਆਂ ਹਨ।" ਵੀ . ਐਸ. ਨੈਪਾਲ ਨਾਲ ਆਪਣੀ ਗੱਲਬਾਤ ਵਿਚ ਨਾਮਦਿਓ ਢਾਸਲ ਦਾ ਕਹਿਣਾ ਸੀ, "ਕੋਈ ਸਮਾਂ ਸੀ ਜਦੋਂ ਸਾਡੇ ਨਾਲ ਪਸ਼ੂਆਂ ਵਾਲਾ ਸਲੂਕ ਹੁੰਦਾ ਸੀ। ਹੁਣ ਅਸੀਂ ਇਨਸਾਨਾਂ ਵਾਂਗ ਜਿਉਂਦੇ ਹਾਂ। ਇਹ ਸਾਰਾ ਕੁਝ ਡਾ. ਅੰਬੇਡਕਰ ਦੇ ਸਦਕਾ ਹੋਇਆ।" ਇਸ ਕਿਸਮ ਦੀ ਤਬਦੀਲੀ, ਜਿਹੜੀ ਪੰਜਾਬ ਵਿਚ ਬਹੁਤ ਸਾਰਿਆਂ ਵਲੋਂ ਮਹਿਸੂਸ ਕੀਤੀ ਜਾ ਰਹੀ ਹੈ, ਬਹੁਤ ਹੌਲੀ ਹੌਲੀ ਆਈ ਹੈ। ਇਹਨਾਂ ਤਬਦੀਲੀਆਂ ਦਾ ਪ੍ਰਭਾਵ ਵੱਖ ਵੱਖ ਖੇਤਰਾਂ ਦੇ ਵਿਚਕਾਰ ਨਾ-ਬਰਾਬਰ ਢੰਗ ਨਾਲ ਪਿਆ ਹੈ। ਸ਼ਹਿਰੀ ਖੇਤਰਾਂ ਵਿਚ ਸਥਿਤੀ ਹੁਣ ਪੇਂਡੂ ਖੇਤਰਾਂ ਦੀ ਸਥਿਤੀ ਨਾਲੋਂ ਕਿਤੇ ਵੱਧ ਵੱਖਰੀ ਤੇ ਬਿਹਤਰ ਹੈ। ਦੁਆਬੇ ਦੇ ਇਲਾਕੇ ਵਿਚ ਵਾਲਮੀਕੀਆਂ, ਮਜ਼ਬੀਆਂ ਤੇ ਹੋਰ ਭਾਈਚਾਰਿਆਂ ਨਾਲੋਂ ਆਦਿ-ਧਰਮੀ ਤੇ ਮੇਘ ਭਾਈਚਾਰੇ ਵਧੇਰੇ ਗਿਣਤੀ ਵਿਚ ਸ਼ਹਿਰਾਂ ਵਿਚ ਆ ਵਸੇ ਹਨ, ਉੱਤੇ ਉੱਠਣ ਦੇ ਪੱਖੋਂ ਵਧੇਰੇ ਗਤੀਸ਼ੀਲ ਹਨ, ਵਧੇਰੇ ਸਵੈ-ਵਿਸ਼ਵਾਸ ਰਖਦੇ ਹਨ ਤੇ ਰਾਜਨੀਤਕ ਪੱਖੋਂ ਵਧੇਰੇ ਰਸੂਖ ਰੱਖਦੇ ਹਨ। ਅੰਬੇਡਕਰ ਨੇ ਆਪਣੇ ਪੈਰੋਕਾਰਾਂ ਨੂੰ ਮਸ਼ਵਰਾ ਦਿੱਤਾ ਸੀ ਕਿ



ਉਹ ਸ਼ਹਿਰਾਂ ਵਿਚ ਵੱਸਣ ਕਿਉਂਕਿ ਪਿੰਡਾਂ ਵਿਚ ਉਹਨਾਂ ਲਈ ਕੋਈ ਆਸ ਨਹੀਂ। ਅੰਬੇਡਕਰ ਪਿੰਡ ਨੂੰ "ਜਹਾਲਤ ਦੇ ਅੱਡੇ" ਸਮਝਦੇ ਸਨ। ਤਾਂ ਵੀ 2001 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਦੇ ਸ਼ਹਿਰਾਂ ਵਿਚ ਪੱਟੀਦਰਜ ਜਾਤੀਆਂ ਦੀ ਵਸੋਂ 20.7 % ਹੀ ਸੀ, ਪੱਟੀਦਰਜ ਜਾਤੀਆਂ ਦਾ 80 % ਹਿੱਸਾ ਅਜੇ ਵੀ ਪਿੰਡਾਂ ਵਿਚ ਹੀ ਰਹਿੰਦਾ ਸੀ। ਵਰਤਮਾਨ ਅਧਿਐਨ ਉਪਰੋਕਤ ਪਰਿਵਰਤਨ ਦੀ ਤੇ ਪਰਿਵਰਤਨ-ਪ੍ਰਕ੍ਰਿਆਵਾਂ ਦੀ ਮੁੱਢਲੀ ਅਸਲੀਅਤ ਉੱਤੇ ਹੀ ਕੇਂਦਰਿਤ ਹੈ। ਅਰਥਾਤ ਇਸਦਾ ਮੰਤਵ ਇਹ ਜਾਨਣਾ ਹੈ ਕਿ ਪੱਟੀਦਰਜ ਜਾਤੀਆਂ ਦੇ ਲੋਕ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਕਿਵੇਂ ਮਹਿਸੂਸ ਕਰਦੇ ਹਨ ਜਾਂ ਆਮ ਸੂਝ ਦੇ ਪੱਖੋਂ ਇਸ ਸਥਿਤੀ ਨੂੰ ਕਿਵੇਂ ਸਮਝਿਆ ਜਾ ਸਕਦਾ ਹੈ। ਇਸ ਮੰਤਵ ਲਈ ਲੇਖਕ ਨੇ ਉਹਨਾਂ ਦੀਆਂ ਜ਼ਿੰਦਗੀਆਂ ਦਾ ਨਿਰੀਖਣ ਕੀਤਾ ਹੈ-

1. ਵੱਖ ਵੱਖ ਪੱਟੀਦਰਜ ਜਾਤੀਆਂ , ਵੱਖ ਵੱਖ ਉਮਰਾਂ ਤੇ ਵੱਖੋਂ ਵੱਖ ਇਲਾਕਿਆਂ ਨਾਲ ਸੰਬੰਧਤ ਦਲਿਤਾਂ ਨਾਲ ਵਿਸਥਾਰ ਭਰੇ ਢੰਗ ਨਾਲ ਗੱਲਾਂ-ਬਾਤਾਂ ਕੀਤੀਆਂ ਤੇ ਉਹਨਾਂ ਨੂੰ ਧਿਆਨ ਨਾਲ ਸੁਣਿਆ, ਇਸਦੇ ਲਈ ਲੇਖਕ ਬਹੁਤ ਸਾਰਿਆਂ ਦੇ ਘਰਾਂ ਵਿਚ ਵੀ ਗਿਆ ਤੇ ਉਹਨਾਂ ਦੇ ਦਿਨ-ਤਿਉਹਾਰਾਂ ਵਿਚ ਸ਼ਾਮਲ ਹੋਇਆ।

2. ਉਹਨਾਂ ਦੀਆਂ ਯਾਦਾਂ, ਤਜਰਬਿਆਂ ਤੇ ਮੁਸ਼ਾਹਦਿਆਂ ਤੋਂ ਜਾਣੂ ਹੋਇਆ। ਜਿਸ ਵਿਚ ਕੁਝ ਇਕ ਹੰਢੇ ਹੋਏ ਦਲਿਤ ਆਗੂਆਂ ਵਲੋਂ ਨਿਸ਼ਚਤ ਪ੍ਰਸ਼ਨਾਂ ਦੇ ਲਿਖਤੀ ਉੱਤਰ ਵੀ ਸ਼ਾਮਲ ਹਨ।

3. ਦਲਿਤਾਂ ਦੀਆਂ ਸਵੈ-ਜੀਵਨੀਆਂ ਤੇ ਸਹਿਤਿਕ ਲਿਖਤਾਂ ਵੀ ਪੜ੍ਹੀਆਂ ਹਨ ਤੇ ਪੰਜਾਬੀ ਗਲਪ ਤੇ ਲੋਕ ਕਥਾਵਾਂ ਵਿਚ ਪੱਟੀਦਰਜ ਜਾਤੀਆਂ ਦੀ ਹਾਲਤ ਦੇ ਵਰਨਣ ਦਾ ਅਧਿਐਨ ਕੀਤਾ ਹੈ। ਇਸ ਗੱਲ ਦੀ ਵੀ ਕੋਸ਼ਿਸ਼ ਕੀਤੀ ਗਈ ਹੈ ਕਿ "ਭੌਤਿਕ ਤੱਥਾਂ" ਤੇ "ਮਾਨਸਿਕ ਤੱਥਾਂ" ਵਿਚਲੇ ਨਿਖੇੜੇ ਨੂੰ ਧਿਆਨ ਵਿਚ ਰੱਖਿਆ ਜਾਏ ਭਾਵੇਂ ਮਗਰਲੀ ਕਿਸਮ ਦੇ ਤੱਥ ਪ੍ਰਤੱਖ ਤੌਰ ਤੇ ਭੌਤਿਕ ਤੱਥਾਂ ਉੱਤੇ ਹੀ ਆਧਾਰਤ ਹੁੰਦੇ ਹਨ। ਸਮਾਜੀ ਤੱਥਾਂ ਨੂੰ ਅਜਿਹੇ ਤੱਥਾਂ ਵਜੋਂ ਲਿਆ ਜਾ ਸਕਦਾ ਹੈ ਜਿਹੜੇ ਬਾਹਰਮੁਖੀ ਵੀ ਹੁੰਦੇ ਹਨ ਅਤੇ ਅੰਤਰਮੁਖੀ ਵੀ, ਅਤੇ ਜਿਨਾਂ ਵਿਚ ਕਿਸੇ ਹੱਦ ਤੱਕ "ਪ੍ਰਸਪਰ-ਅੰਤਰਮੁਖੀ ਆਮ ਸੂਝ" ਦਾ ਵੀ ਦਖ਼ਲ ਹੁੰਦਾ ਹੈ।

4. ਇਸ ਲੇਖ ਦੇ ਪਹਿਲੇ ਭਾਗ ਰਾਹੀਂ ਆਪਣੇ ਮਨਾਂ ਵਿਚ ਇਸ ਗੱਲ ਦੀ ਮੋਟੀ ਜਿਹੀ ਤਸਵੀਰ ਉਭਾਰਨਾ ਹੈ ਕਿ ਜਦੋਂ ਦੇਸ਼ ਨੇ ਆਜ਼ਾਦੀ ਹਾਸਲ ਕੀਤੀ, ਉਸ ਵੇਲੇ ਪੱਟੀਦਰਜ ਜਾਤੀਆਂ ਦੀ ਜ਼ਿਦਗੀ ਕਿਹੋ ਜਿਹੀ ਸੀ, ਉਹ ਕਿਸ ਤਰ੍ਹਾਂ ਰਹਿੰਦੇ ਵਿਚਰਦੇ ਸਨ, ਤੇ ਉਹਨਾਂ ਦੇ ਮਨਾਂ ਵਿਚ ਕਿਹੋ ਜਿਹੇ ਵਿਸ਼ਵਾਸ ਤੇ ਵਿਚਾਰ ਹੁੰਦੇ ਸਨ। ਦੂਸਰੇ ਭਾਗ ਦਾ ਸੰਬੰਧ ਇਸ ਗੱਲ ਦਾ ਜਾਇਜ਼ਾ ਲੈਣ ਨਾਲ ਹੈ ਕਿ ਆਈ ਤਬਦੀਲੀ ਕਿਸ ਢੰਗ ਦੀ ਹੈ, ਪੱਟੀਦਰਜ ਜਾਤੀਆਂ ਦੀਆਂ ਪਦਾਰਥਕ ਹਾਲਤਾਂ ਵਿਚ ਕੀ ਤਬਦੀਲੀ ਆਈ ਹੈ ਤੇ ਉਹ ਸਮਾਜੀ ਤਬਦੀਲੀ ਨੂੰ ਕਿਵੇਂ ਮਹਿਸੂਸ ਕਰਦੇ ਹਨ। ਉਹਨਾਂ ਦਾ ਸਮਾਜੀ ਦਰਜਾ ਹੁਣ ਕੀ ਹੈ ਅਤੇ ਉਹਨਾਂ ਲਈ ਇਸਦੇ ਕੀ ਅਰਥ ਹਨ, ਸਣੇ ਉਹਨਾਂ ਦੀਆਂ ਆਸਾਂ ਤੇ ਸੰਸਿਆਂ ਦੇ। ਜਾਤੀ ਸੰਬੰਧਾਂ ਵਿਚ ਆਈ ਤਬਦੀਲੀ ਪ੍ਰਤੀ ਗ਼ੈਰ-ਪੱਟੀਦਰਜ ਜਾਤੀਆਂ ਕੀ ਆਖਦੀਆਂ ਹਨ, ਇਸ ਦਾ ਵੀ ਇਸ ਲੇਖ ਦੇ ਵਿਸ਼ੇ ਨਾਲ ਡੂੰਘਾ ਸੰਬੰਧ ਹੈ। ਜੇ ਸਾਧਾਰਨ ਜਿਹੇ ਮਾਮਲਿਆਂ ਨੂੰ ਜ਼ਰਾ ਨੇੜਿਓਂ ਤੱਕਿਆ ਜਾਏ ਤਾਂ ਇਸ ਨਾਲ ਵੀ ਦ੍ਰਿਸ਼ਟੀ ਸੀਮਾ ਤੇ ਸੂਝ ਦੀ ਕੁਝ ਵਧੇਰੇ ਥਾਹ ਪੈ ਜਾਂਦੀ ਹੈ। ਲੇਖਕ ਨੂੰ ਕੁਝ ਇੰਝ ਹੀ ਜਾਪਿਆ ਹੈ।

## ਭਾਗ-1

## 1947 ਨੇ ਨੇੜੇ ਤੇੜੇ ਦਲਿਤ ਜੀਵਨ ਦਾ ਚਰਿਤਰ

ਰਿਤੂ ਮੈਨਨ ਤੇ ਕਮਲਾ ਭਸੀਨ ਦੀ 'ਹੱਦਾਂ ਤੇ ਸਰਹੱਦਾਂ' ਅਤੇ ਬਾਅਦ ਵਿਚ ਉਰਵਸ਼ੀ ਬੁਟਾਲੀਆ ਦੀ 'ਚੁੱਪ ਦਾ ਦੂਸਰਾ ਪਾਸਾ' ਪੜ੍ਹਨ ਤੋਂ ਬਾਅਦ ਲੇਖਕ ਦੇ ਮਨ ਵਿਚ ਆਇਆ ਕਿ ਇਹ

ਦੇਖਣਾ ਚਾਹੀਦਾ ਹੈ ਕਿ ਵੰਡ ਦੀ ਹਿੰਸਾ ਸਮੇਂ ਦਲਿਤਾਂ (ਜਿਹਨਾਂ ਨੂੰ ਉਦੋਂ ਹਰੀਜਨ ਕਿਹਾ ਜਾਂਦਾ ਸੀ) ਨਾਲ ਕੀ ਬੀਤੀ। ਇਹ ਹਕੀਕਤ ਦਾ ਇਕ ਅਜਿਹਾ ਭਾਗ ਹੈ ਜਿਹੜਾ ਪ੍ਰਾਪਤ ਅਧਿਐਨਾਂ ਵਿਚ ਅਣਗੌਲਿਆ ਹੀ ਰਿਹਾ ਹੈ। ਇਸ ਬਾਰੇ ਇਤਿਹਾਸਕਾਰਾਂ ਦੀ ਅਤੇ ਹੋਰ ਲੇਖਕਾਂ ਤੇ ਮੀਡੀਆ ਦੀ ਚੁੱਪ ਦੇਖਕੇ ਹੈਰਾਨੀ ਹੁੰਦੀ ਹੈ। ਵਾਸਤਵ ਵਿਚ, ਜਿਵੇਂ ਬੁਟਾਲੀਆ ਦੀ ਟਿੱਪਣੀ ਹੈ, "ਇਹ ਤੱਥ ਕਿ ਵੰਡ ਵੇਲੇ ਦੀ ਹਿੰਸਾ ਵਿਚੋਂ ਹਰੀਜਨ, ਕਿਸੇ ਹੱਦ ਤੱਕ, ਅਣਦਿਸਦੇ ਹੀ ਰਹਿਣ ਦਿੱਤੇ ਗਏ ਹਨ, ਇਕ ਹੋਰ ਕਿਸਮ ਦੀ ਅਦ੍ਰਿਸ਼ਟਤਾ ਦਾ ਰੂਪ ਧਾਰਨ ਕਰ ਗਿਆ ਹੈ ਅਤੇ ਇਹ ਹੈ ਇਤਿਹਾਸ ਦੀ ਆਪਣੀ ਅਦ੍ਰਿਸ਼ਟਤਾ।"

ਅਜਿਹੀ ਇਕ ਕਹਾਣੀ, ਅਤੇ ਇਹ ਆਪਣੀ ਕਿਸਮ ਦੀ ਇਕੋ ਕਹਾਣੀ ਹੈ ਜੋ ਸਾਡੇ ਤੱਕ ਪਹੁੰਚੀ ਹੈ, ਬੁਟਾਲੀਆ ਦੀ ਪੁਸਤਕ ਵਿਚ ਅੰਕਤ ਹੈ। ਇਹ ਕਹਾਣੀ ਦੀਨਾ ਨਗਰ, ਜ਼ਿਲ੍ਹਾ ਗੁਰਦਾਸਪੁਰ, ਦੀ ਹਰੀਜਨ ਲੜਕੀ ਮਾਇਆ ਰਾਣੀ ਦੀ ਹੈ, ਜਿਸ ਨਾਲ ਬੁਟਾਲੀਆ ਨੇ 40 ਸਾਲ ਹੋਏ ਵੰਡ ਤੋਂ ਪਿਛੋਂ ਉਸ ਜ਼ਿਲ੍ਹੇ ਦੇ ਕਸਬਾ ਬਟਾਲਾ ਵਿਚ ਗੱਲਬਾਤ ਕੀਤੀ ਸੀ। ਮਾਇਆ ਉਦੋਂ ਬਾਲੜੀ ਹੀ ਸੀ ਜਿਸਨੇ ਕਤਲੋਗ਼ਾਰਤ ਤੇ ਲੁੱਟਮਾਰ ਦੇਖੀ ਸੀ, ਪਹਿਲਾਂ ਮੁਸਲਮਾਨਾਂ ਹੱਥੋਂ ਹਿੰਦੂਆ ਤੇ ਸਿੱਖਾਂ ਦੀ ਜਦੋਂ 1947 ਦੇ ਅੱਧ ਵਿਚ ਇਹ ਅਫ਼ਵਾਹ ਉੱਡੀ ਹੀ ਸੀ ਕਿ ਜ਼ਿਲ੍ਹਾ ਗੁਰਦਾਸਪੁਰ ਨੂੰ ਪਾਕਿਸਤਾਨ ਵਿਚ ਸ਼ਾਮਲ ਕੀਤਾ ਜਾ ਰਿਹਾ ਹੈ। ਉਦੋਂ ਇਸ ਬਾਰੇ ਝਗੜਾ ਚੱਲ ਰਿਹਾ ਸੀ ਕਿ ਕੀ ਇਹ ਮੁਸਲਮ ਬਹੁਗਿਣਤੀ ਜ਼ਿਲ੍ਹਾ ਹੈ ਜਾਂ ਗੈਰ ਮੁਸਲਿਮ ਬਹੁਗਿਣਤੀ ਜ਼ਿਲ੍ਹਾ। ਜਦੋਂ ਇਹ ਖ਼ਬਰ ਆਈ ਕਿ ਇਹ ਜ਼ਿਲ੍ਹਾ ਹਿੰਦੁਸਤਾਨ ਵਿਚ ਹੀ ਰਹੇਗਾ ਤਾਂ ਮਾਇਆ ਰਾਣੀ ਨੇ "ਹੋਰਨਾਂ" ਹੱਥੋਂ ਮੁਸਲਮਾਨਾਂ ਦੀ ਕਤਲੋਗ਼ਾਰਤ ਤੇ ਲੁੱਟਮਾਰ ਦੇਖੀ।

ਮਾਇਆ ਆਪਣੀ ਉਮਰ ਦੀਆਂ ਕੁੜੀਆਂ ਦੀ ਟੋਲੀ ਵਿਚ ਸ਼ਾਮਲ ਸੀ ਜਿਨ੍ਹਾਂ ਨੂੰ ਉੱਧੜਧੁਮੀ ਤੇ ਹਨੇਰ ਗਰਦੀ ਵਿਚੋਂ ਦੀਆਂ ਲਾਉਣ ਦਾ "ਅਵਸਰ" ਨਜ਼ਰ ਆਇਆ ਸੀ। ਉਹ ਛੱਤਾਂ ਟੱਪ ਕੇ ਮੁਸਲਮਾਨਾਂ ਦੇ ਉੱਜੜੇ ਜਾਂ ਸੜ ਰਹੇ ਘਰਾਂ ਵਿਚ ਜਾਂਦੀਆਂ ਅਤੇ ਫਰੋਲਾ ਫਰਾਲੀ ਕਰਕੇ ਕਈ ਕਿਸਮ ਦਾ ਸਾਮਾਨ ਆਪਣੇ ਘਰਾਂ ਨੂੰ ਲੈ ਆਉਂਦੀਆਂ। ਇਹਨਾਂ ਵਿਚ ਵਰਤੋਂ ਦਾ ਸਾਮਾਨ, ਵੱਡੇ ਵੱਡੇ ਦੇਗਚੇ ਤੇ ਪਤੀਲੇ, ਪਰਾਤਾਂ ਤੇ ਹਮਾਮਾਂ ਤੋਂ ਇਲਾਵਾ ਲੀੜੇ ਕਪੜੇ, ਰਜ਼ਾਈਆਂ, ਆਟਾ ਅਤੇ ਕਈ ਵਾਰ ਦੇਸੀ ਘਿਓ ਤੇ ਬਦਾਮ ਵੀ ਸ਼ਾਮਲ ਹੁੰਦੇ ਸਨ।

"ਅਸੀਂ 11ਕੁੜੀਆਂ ਸਾਂ ਅਤੇ ਸਾਰੀਆਂ ਨੇ ਇਸ ਤਰ੍ਹਾਂ ਇਕੱਠੇ ਕੀਤੇ ਸਾਮਾਨ ਨਾਲ ਆਪਣੇ ਦਾਜ ਬਣਾ ਲਏ ਸਨ।" ਉਸਨੇ ਬੁਟਾਲੀਆ ਨੂੰ ਦੱਸਿਆ।

"ਕੀ ਤੁਹਾਨੂੰ ਡਰ ਨਹੀਂ ਸੀ ਆਉਂਦਾ? " ਬੁਟਾਲੀਆ ਨੇ ਮਾਇਆ ਨੂੰ ਪੁਛਿਆ।

"ਨਹੀਂ ਸਾਨੂੰ ਡਰ ਨਹੀਂ ਸੀ ਆਉਂਦਾ।" ਮਾਇਆ ਨੇ ਦੱਸਿਆ। "ਸਾਨੂੰ ਹਰ ਕੋਈ ਡਰਾਉਂਦਾ ਸੀ, ਸਾਡੇ ਮਾਪੇ ਵੀ ਸਾਨੂੰ ਡਰਾਉਂਦੇ ਸਨ। ਪਰ ਉਸ ਇਲਾਕੇ ਦੇ ਸਾਰੇ ਹੀ ਬੱਚਿਆਂ ਵਾਂਗ ਸਾਨੂੰ ਵੀ ਡਰ ਨਹੀਂ ਸੀ ਆਉਂਦਾ... ਸਾਡੇ ਮਾਪੇ ਚਿੰਤਾ ਜ਼ਰੂਰ ਕਰਦੇ ਹਨ। ਉਹ ਕਹਿੰਦੇ ਸਨ ਕਿ ਕਿਸੇ ਨੇ ਤੁਹਾਨੂੰ ਮਾਰ ਦੇਣਾ ਹੈ। ਪਰ ਅਸੀਂ ਸੋਚਦੀਆਂ ਸਾਂ, ਸਾਨੂੰ ਕਿਸਨੇ ਚੁੱਕਣਾ ਹੈ, ਸਾਨੂੰ ਕਿਸਨੇ ਮਾਰਨਾ ਹੈ ? ਅਸੀਂ ਆਪਣੇ ਆਪ ਨੂੰ ਹਰੀਜਨ ਕਹਿੰਦੀਆਂ ਸੀ ਨਾ ਹਿੰਦੂ, ਨਾ ਇਸਾਈ... ਸਾਨੂੰ ਚੁੱਕਣ ਵਾਲਾ ਕੌਣ ਸੀ... ਸਾਨੂੰ ਕੋਈ ਖ਼ਤਰਾ ਨਹੀਂ ਸੀ। ... ਕਿਉਂਕਿ ਅਸੀਂ ਹਰੀਜਨ ਸਾਂ। ਭਾਵੇਂ ਪਾਕਿਸਤਾਨ ਬਣਦਾ ਜਾਂ ਹਿੰਦੁਸਤਾਨ, ਸਾਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ।"

ਬੁਟਾਲੀਆ ਦੇ ਨਿਰੀਖਣ ਅਨੁਸਾਰ, "ਮਾਇਆ ਨੂੰ ਸਪਸ਼ਟ ਸੀ ਕਿ ਉਹ ਤੇ ਉਹਨਾਂ ਦੇ ਮਾਪੇ ਹਰੀਜਨਾਂ ਵਜੋਂ ਆਪਣੇ ਆਪ ਨੂੰ ਹਿੰਦੂ ਜਾਂ ਈਸਾਈ ਜਾਂ ਕੁੱਝ ਵੀ ਹੋਰ ਨਹੀਂ ਸਨ ਸਮਝਦੇ। ਅਸਲ ਵਿਚ ਉਹਨਾਂ ਦੀ ਆਪਣੀ ਵੱਖਰੀ ਪਛਾਣ ਉਹਨਾਂ ਦੀ ਕੋਈ ਪਛਾਣ ਨਾ ਹੋਣ ਵਿਚ ਸੀ, ਮੁੱਖ ਧਾਰਾ ਹਿੰਦੂ ਸਮਾਜ ਵਿਚ ਉਹਨਾਂ ਦੀ ਰਵਾਇਤੀ ਆਦ੍ਰਿਸ਼ਟਤਾ ਇਸ ਗੱਲ ਵਿਚ ਸੀ ਕਿ ਉਹ ਸਵਰਨ ਹਿੰਦੂ ਸਮਾਜ ਦੇ ਘੇਰੇ ਤੋਂ ਬਾਹਰ ਸਨ... ਦੇਸ਼ ਦੀ ਵੰਡ ਸਮੇਂ ਹਰੀਜਨ ਅਦ੍ਰਿਸ਼ਟ ਹੋ ਕੇ ਰਹਿ ਗਏ ਸਨ।" ਦਲੀਲ ਇਹ ਹੈ ਕਿ ਇਹੀ ਅਦ੍ਰਿਸ਼ਟਤਾ ਉਹਨਾਂ ਦੇ ਬਚਾਅ ਦਾ ਕਾਰਨ ਬਣੀ ਅਤੇ ਇਸੇ ਕਾਰਨ ਹਰੀਜਨ ਔਰਤਾਂ



ਬਲਾਤਕਾਰ ਅਤੇ ਅਗਵਾ ਤੋਂ ਬਚੀਆਂ ਰਹੀਆਂ। (ਜ਼ੋਰ ਮੇਰੇ ਵਲੋਂ) ਸ਼ਾਇਦ ਇਸ ਵਿਚ ਇਕ ਕਾਰਕ ਹੋਰ ਵੀ ਸੀ। ਜਿਸ ਸਮਾਜ ਵਿਚ ਕਿਸੇ ਵਿਅਕਤੀ ਨੂੰ ਇਸ ਗੱਲੋਂ ਮਾਪਿਆ ਜਾਂਦਾ ਹੈ ਕਿ ਉਸਦਾ ਪਰਿਵਾਰ ਕਿੰਨੀ ਕੁ ਜ਼ਮੀਨ ਜਾਇਦਾਦ ਦਾ ਮਾਲਕ ਹੈ, ਉਸ ਸਮਾਜ ਵਿਚ ਜ਼ਮੀਨ ਜਾਂ ਇਸੇ ਵੀ ਹੋਰ ਸੰਪਤੀ ਤੋਂ ਵਿਰਵੇ ਅਛੂਤਾਂ ਨੂੰ "ਨੰਗਾ ਪੁੱਤ ਚੋਰਾਂ ਵਿਚ ਖੇਡੇ" ਦੇ ਮੁਹਾਵਰੇ ਅਨੁਸਾਰ ਵੰਡ ਜਿਹੇ ਹਿੰਸਕ ਸਮਿਆਂ ਵੇਲੇ "ਆਪਣੀ ਕਿਸਮ ਦੀ ਛੋਟ" ਹਾਸਲ ਹੋ ਜਾਂਦੀ ਹੈ ਭਾਵੇਂ ਇਸਨੂੰ ਅਵੱਲੀ ਕਿਸਮ ਦੀ ਛੋਟ ਹੀ ਕਿਹਾ ਜਾ ਸਕਦਾ ਹੈ। ਦੇਸ਼ ਦੀ ਵੰਡ ਦੇ ਘਟਨਾਚੱਕਰ ਸਮੇਂ ਜਿਹੜੇ ਯਾਦ ਪੱਤਰ ਵੱਖ ਵੱਖ ਗਰੁੱਪਾਂ ਵਲੋਂ ਪੇਸ਼ ਕੀਤੇ ਗਏ ਹਨ ਉਹਨਾਂ ਵਿਚ ਵੀ "ਕੰਮੀ" ਅਖਵਾਉਂਦੇ ਵਰਗ ਦਾ ਘੱਟ ਹੀ ਕੋਈ ਜ਼ਿਕਰ ਹੁੰਦਾ ਸੀ। ਇਹ ਇਸ ਗੱਲ ਦਾ ਮੂੰਹ ਬੋਲਦਾ ਸਬੂਤ ਹੈ ਕਿ "ਉਹਨਾਂ ਦੇ ਵਿਆਕਤਿਤਵ ਤੋਂ ਇਨਕਾਰ ਕੀਤਾ ਜਾਂਦਾ ਸੀ ਪਰ ਉਹਨਾਂ ਦੀ ਮਿਹਨਤ ਉੱਤੇ ਹੱਕ ਜਮਾਇਆ ਜਾਂਦਾ ਸੀ।"

ਇਸ ਸੰਬੰਧ ਵਿਚ ਇਥੇ ਉਸ ਗਵਾਹੀ ਦਾ ਹਵਾਲਾ ਦੇਣਾ ਮੁਨਾਸਿਬ ਹੀ ਹੋਵੇਗਾ, ਜਿਹੜੀ ਸ. ਹਰਨਾਮ ਸਿੰਘ ਨੇ ਪੰਜਾਬ ਬਾਊਂਡਰੀ ਕਮਿਸ਼ਨ ਅੱਗੇ ਇਸ ਦਾਅਵੇ ਦੇ ਹਿੱਸੇ ਵਜੋਂ ਦਿੱਤੀ ਸੀ ਕਿ ਕੇਂਦਰੀ ਪੰਜਾਬ ਦੇ ਜ਼ਿਲ੍ਹਿਆਂ ਦੀ ਨਿਸ਼ਾਨਦੇਹੀ ਸਿੱਖ ਹੋਮਲੈਂਡ" ਵਜੋਂ ਕਰ ਦਿੱਤੀ ਜਾਏ। ਉਸਦੀ ਦਲੀਲ ਇਹ ਸੀ ਕਿ "ਸਿੱਖ ਧਰਤੀ ਦੇ ਅਸਲ ਸਪੂਤ" ਅਰਥਾਤ ਮਾਲਕ ਕਿਸਾਨ ਹਨ ਜਾਂ ਘੱਟੋਂ ਘੱਟ ਮੌਰੂਸੀ ਮੁਜ਼ਾਰੇ ਜ਼ਰੂਰ ਹਨ ਅਤੇ ਉਹਨਾਂ ਦੀਆਂ ਜੜ੍ਹਾਂ ਇਹਨਾਂ ਜ਼ਿਲ੍ਹਿਆਂ ਦੀ ਧਰਤੀ ਵਿਚ ਹਨ। ਹਰਨਾਮ ਸਿੰਘ ਦੀ ਦਲੀਲ ਸੀ ਕਿ ਮੁਸਲਮਾਨਾਂ ਦੀ ਬਹੁਤੀ ਵਸੋਂ ਫ਼ਕੀਰਾਂ, ਮੰਗਤਿਆਂ, ਜੁਲਾਹਿਆਂ, ਚਰਵਾਹਿਆਂ, ਮੋਚੀਆਂ, ਘੁਮਿਆਰਾਂ, ਮਸੱਲੀਆਂ, ਤਰਖਾਣਾਂ, ਤੇਲੀਆਂ,ਗਾ ਕੇ ਮੰਗਣ ਵਾਲਿਆਂ, ਨਾਈਆਂ, ਲੁਹਾਰਾਂ, ਧੋਬੀਆਂ, ਮਾਛੀਆਂ, ਕਸਾਈਆਂ ਤੇ ਮਰਾਸੀਆਂ ਉੱਤੇ ਆਧਾਰਤ ਹੈ... ਇਹ ਅਜਿਹੇ ਲੋਕ ਹਨ ਜਿਨ੍ਹਾਂ ਨੂੰ ਸੈਟਲਮੈਂਟ ਰੀਪੋਰਟਾਂ ਵਿਚ ਬੇਜ਼ਮੀਨੇ ਤੇ ਕੰਮੀ ਕਿਹਾ ਗਿਆ ਹੈ।"

ਪਾਲ ਬਰਾਸ ਨੇ ਇਸ ਗੱਲ ਨੂੰ ਉਭਾਰਿਆ ਕਿ ਜਿਥੇ ਸਿੱਖ ਤਰਜਮਾਨ ਮਜ਼ਹਬੀਆਂ (ਤੇ ਨੀਵੀਂ ਸ਼੍ਰੇਣੀ ਦੇ ਹੋਰ ਸਿੱਖਾਂ ਨੂੰ) ਆਪਣੀ ਵਸੋਂ ਦੇ ਕੁੱਲ ਜੋੜ ਵਿਚ ਸ਼ਾਮਲ ਕਰਦੇ ਸਨ, ਉੱਥੇ ਉਹਨਾਂ ਦੀ ਦਲੀਲ ਇਹ ਸੀ ਕਿ ਉਪਰੋਕਤ ਕਮਿਊਨਿਟੀਆਂ ਦੇ ਲੋਕਾਂ ਨੂੰ "ਮੁਸਲਮ ਕਮਿਊਨਿਟੀ ਦੀ ਵਸੋਂ ਦੀ ਕੁੱਲ ਗਿਣਤੀ ਵਿਚ ਸ਼ਾਮਲ ਨਾ ਕੀਤਾ ਜਾਏ।" ਦੂਸਰੇ ਲਫ਼ਜ਼ਾਂ ਵਿਚ ਉਪਰੋਕਤ ਕਮਿਊਨਿਟੀਆਂ ਦੇ ਲੋਕ "ਵਿਅਕਤੀ ਜਾਂ ਬੰਦੇ ਨਹੀਂ ਸਨ" ਇਹਨਾਂ ਅਣ-ਵਿਅਕਤੀਆਂ ਨੂੰ ਬਾਹਰ ਰੱਖ ਕੇ ਇਹਨਾਂ ਜ਼ਿਲ੍ਹਿਆਂ ਵਿਚ ਮੁਸਲਮਾਨ ਜਿਹੜੇ 1941 ਦੀ ਮਰਦਮਸ਼ੁਮਾਰੀ ਅਨੁਸਾਰ ਬਹੁਗਿਣਤੀ ਵਿਚ ਸਨ, ਘੱਟਗਿਣਤੀ ਵਿਚ ਬਦਲੇ ਜਾ ਸਕਦੇ ਸਨ।"

ਦੂਸਰੇ ਪਾਸੇ, ਇਹ ਵੀ ਰੀਪੋਰਟ ਹੈ ਕਿ ਮਿ. ਐਮ. ਏ. ਜਿਨਾਹ ਨੇ ਇਹ ਸੁਝਾਅ ਦਿੱਤਾ ਸੀ ਕਿ ਕੰਮੀ (ਜਿਹੜੇ ਨਾ ਮੁਸਲਮਾਨਾਂ ਵਿਚ ਸ਼ੁਮਾਰ ਹੁੰਦੇ ਸਨ ਨਾ ਹਿੰਦੂ-ਸਿੱਖਾਂ ਵਿਚ) ਹਿੰਦ ਤੇ ਪਾਕਿਸਤਾਨ ਵਿਚਾਲੇ ਅੱਧੋ-ਅੱਧ ਵੰਡ ਲਏ ਜਾਣ। ਅੰਤ ਨੂੰ ਦੋਹਾਂ ਹੀ ਰਾਜਾਂ ਨੂੰ ਸਫ਼ਾਈ ਕਰਨ ਵਾਲਿਆਂ, ਭੰਗੀਆਂ ਤੇ ਚਮੜਾ ਰੰਗਣ ਵਾਲਿਆਂ ਦੀ ਲੋੜ ਸੀ। ਅੰਬੇਡਕਰ ਨੇ ਨਹਿਰੂ ਨੂੰ ਪੱਟੀਦਰਜ ਜਾਤੀਆਂ ਦੇ ਲੋਕਾਂ ਦੀ ਪਾਕਿਸਤਾਨ ਤੋਂ ਬੰਦਖਲਾਸੀ ਲਈ ਨਿੱਜੀ ਤੌਰ 'ਤੇ ਦਖਲ ਦੇਣ ਲਈ ਆਖਿਆ ਕਿਉਂਕਿ ਪਾਕਿਸਤਾਨ ਸਰਕਾਰ ਨੇ ਜ਼ਰੂਰੀ ਸੇਵਾਵਾਂ ਬਾਰੇ ਵਿਸ਼ੇਸ਼ ਆਰਡੀਨੈਂਸ ਰਾਹੀਂ ਇਹਨਾਂ ਲੋਕਾਂ ਦੇ ਪਾਕਿਸਤਾਨ ਤੋਂ ਹਿੰਦ ਆਉਣ 'ਤੇ ਰੋਕ ਲਾ ਦਿੱਤੀ ਸੀ। ਅਜਿਹੀ ਰੋਕ ਉਸ ਪ੍ਰਚੱਲਤ ਤਰਕ ਦੇ ਅਨੁਕੂਲ ਹੀ ਸੀ ਜਿਸ ਅਧੀਨ ਇਹਨਾਂ ਲੋਕਾਂ ਦੇ "ਵਿਅਕਤੀ ਹੋਣ ਤੋਂ ਇਨਕਾਰ ਕੀਤਾ ਜਾਂਦਾ ਸੀ ਪਰ ਉਹਨਾਂ ਦੀ ਮਿਹਨਤ ਉੱਤੇ ਦਾਅਵਾ ਜਿਤਾਇਆ ਜਾਂਦਾ ਸੀ।"

2,50,000 (50,000 ਪਰਿਵਾਰ) ਅਛੂਤ ਸ਼ਰਨਾਰਥੀਆਂ ਲਈ ਸਹਾਇਤਾ ਕਾਰਜਾਂ ਤੇ ਮੁੜ ਵਸੇਬੇ ਲਈ ਕੀਤੇ ਗਏ ਪ੍ਰਬੰਧਾਂ ਦੇ ਸੰਬੰਧ ਵਿਚ ਵੀ ਕੁਝ ਇਸੇ ਕਿਸਮ ਦੀਆਂ ਸਮੱਸਿਆਵਾਂ ਦੇਖਣ ਵਿਚ ਆਈਆਂ ਰੀਲੀਫ਼ ਕੈਂਪਾਂ ਦੇ ਅਧਿਕਾਰੀਆਂ ਨੇ ਇਹਨਾਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਦਾਖ਼ਲ ਹੋਣ ਦੀ

ਆਗਿਆ ਦੇਣ ਤੋਂ ਨਾਂਹ ਕਰ ਦਿੱਤੀ। ਅੰਬੇਡਕਰ ਨੇ ਪ੍ਰਧਾਨ ਮੰਤਰੀ ਨਹਿਰੂ ਕੋਲ ਸ਼ਿਕਾਇਤ ਕੀਤੀ ਕਿ "ਪੱਟੀਦਰਜ ਜਾਤੀਆਂ ਦੇ ਉੱਜੜ ਕੇ ਆਏ ਲੋਕਾਂ ਨੂੰ ਨਾ ਤਾਂ ਸ਼ਰਨਾਰਥੀ ਕੈਂਪਾਂ ਵਿਚ ਪਨਾਹ ਮਿਲ ਰਹੀ ਹੈ ਅਤੇ ਨਾ ਹੀ ਉਨਾਂ ਨੂੰ ਕੋਈ ਸਹਾਇਤਾ ਮਿਲ ਰਹੀ ਹੈ।" ਰਾਜੇਸ਼ਵਰੀ ਨਹਿਰੂ ਨੇ ਪੰਡਤ ਨਹਿਰੂ ਨੂੰ ਲਿਖੇ ਇਕ ਪੱਤਰ ਵਿਚ ਉਹਨਾਂ ਦਾ ਧਿਆਨ ਮੁੜ ਵਸੇਬੇ ਬਾਰੇ ਨੇਮਾਂ ਵੱਲ ਦੁਆਇਆ ਸੀ ਜਿਨਾਂ ਵਿਚ "ਹਰੀਜਨ ਸ਼ਰਨਾਰਥੀਆਂ" ਨੂੰ ਕਿਸੇ ਖਾਤੇ ਵਿਚ ਹੀ ਨਹੀਂ ਰੱਖਿਆ ਗਿਆ। ਨੇਮਾਂ ਅਨੁਸਾਰ ਮੁਆਵਜ਼ੇ ਵਜੋਂ ਦਿੱਤੀ ਜਾਣ ਵਾਲੀ ਜ਼ਮੀਨ ਕੇਵਲ ਕਾਸ਼ਤਕਾਰਾਂ ਨੂੰ, ਅਰਥਾਤ ਉਹਨਾਂ ਨੂੰ ਹੀ ਮਿਲ ਸਕਦੀ ਸੀ ਜਿਹੜੇ ਜ਼ਮੀਨ ਦੇ ਮਾਲਕ ਸਨ। ਹਰੀਜਨ ਕਾਸ਼ਤਕਾਰ ਤਾਂ ਸਨ ਪਰ ਹਲਵਾਹਕ ਤੋਂ ਵੱਧ ਨਹੀਂ। ਉਹ ਜ਼ਮੀਨ ਦੇ ਮਾਲਕ ਨਹੀਂ ਸਨ। ਵੰਡ ਪਿਛੋਂ "ਸਾਰੀ ਜ਼ਮੀਨ ਸਿੱਖਾਂ ਨੇ ਸਾਂਭ ਲਈ, ਇਥੋਂ ਤੱਕ ਕਿ ਸ਼ਾਮਲਾਟ ਦਾ ਕੋਈ ਟੁਕੜਾ ਵੀ ਪਿੰਡ ਵਿਚ ਨਾ ਛੱਡਿਆ ਗਿਆ। ਕੰਮੀ ਹੋਰ ਵੰਡੇ ਗਏ ਤੇ ਹੋਰ ਕਮਜ਼ੋਰ ਹੋ ਗਏ।

ਜਿਹੜੀ ਦੂਸਰੀ ਕਹਾਣੀ ਲੇਖਕ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਚਾਹੁੰਦਾ ਹੈ, ਉਹ ਉਸਦੀ ਆਪਣੀ ਯਾਦਦਾਸ਼ਤ ਦਾ ਹਿੱਸਾ ਹੈ। ਇਹ 1948 ਦੇ ਨੇੜੇ ਤੇੜੇ ਦੀ ਗੱਲ ਹੈ ਜਦੋਂ ਮੈਂ ਦਸ ਸਾਲ ਦਾ ਸਾਂ, ਮੈਨੂੰ ਸਫ਼ਾਈ ਕਰਨ ਵਾਲੀ ਬੀਬੀ ਅਜੇ ਤੱਕ ਯਾਦ ਹੈ ਜਿਹੜੀ ਜੈਤੋ ਮੰਡੀ ਵਿਚ ਸਾਡੇ ਦੋ ਮੰਜ਼ਲੇ ਘਰ ਦੇ ਉੱਤੇ ਬਣੀ ਟੱਟੀ ਸਾਫ਼ ਕਰਨ ਲਈ ਹਰ ਰੋਜ਼ ਆਉਂਦੀ ਸੀ। ਜੈਤੋ ਮੰਡੀ ਉਦੋਂ ਰਿਆਸਤ ਨਾਭਾ ਵਿਚ ਸ਼ਾਮਲ ਹੁੰਦੀ ਸੀ। ਇਹ ਔਰਤ ਉਦੋਂ ਜਵਾਨ ਉਮਰ ਦੀ ਹੀ ਸੀ ਤੇ ਮੇਰੀ ਯਾਦ ਅਨੁਸਾਰ ਉਹ ਸਾਂਵਲੇ ਰੰਗ ਦੀ ਕਾਫ਼ੀ ਸਿਹਤਮੰਦ ਕੁੜੀ ਸੀ। ਉਦੋਂ ਉਹ 20 ਕੁ ਸਾਲਾਂ ਦੀ ਹੋਵੇਗੀ। ਉਸਨੂੰ 9-10 ਸਾਲਾਂ ਦੇ ਸਾਡੀ ਉਮਰ ਦੇ ਬਾਲਾਂ ਨਾਲ ਯੱਕੜ ਵੱਡਣ ਦਾ ਝੱਸ ਸੀ। ਦੁਪਹਿਰ ਪਿਛੋਂ ਦੋ ਦੋ ਰੋਟੀਆਂ ਇਕੱਠੀਆਂ ਕਰਨ ਦੇ ਆਪਣੇ ਫੇਰੇ ਵੇਲੇ ਉਹ ਮੇਰੀ ਮਾਂ ਨਾਲ ਬੈਠ ਕੇ ਏਧਰ ਓਧਰ ਦੀਆਂ ਗੱਪਾਂ ਮਾਰਨ ਜਾਂ ਆਪਣੇ ਨਿੱਜੀ ਦੁੱਖ ਸੁੱਖ ਫਰੋਲਣ ਬੈਠ ਜਾਂਦੀ। ਉਸਨੂੰ ਗੱਲ ਗੱਲ ਉੱਤੇ ਹੱਸਣਦੀ ਆਦਤ ਸੀ ਅਤੇ ਕਈ ਵਾਰ ਉਹ ਖਿੜ ਖਿੜ ਕੇ ਹੱਸ ਉੱਠਦੀ। ਪਰ ਮੈਨੂੰ ਇਹ ਵੀ ਯਾਦ ਹੈ ਕਿ ਕਦੇ ਕਦਾਈਂ ਉਹ ਭੜਕ ਵੀ ਉੱਠਦੀ ਸੀ ਜੇ ਉਹ ਸਮਝਦੀ ਕਿ ਉਸ ਨਾਲ ਵਧੀਕੀ ਹੋ ਰਹੀ ਹੈ। ਅਜਿਹੀ ਹਾਲਤ ਵਿਚ ਉਹ ਅਜਿਹੀਆਂ ਨਾ ਛਪਣਯੋਗ ਗਾਹਲਾਂ ਕੱਢਦੀ ਤੇ ਅਜਿਹੇ ਬੋਲ ਬੋਲਦੀ ਕਿ ਬਹੁਤੀਆਂ ਔਰਤਾਂ ਕੰਨਾਂ ਉੱਤੇ ਹੱਥ ਧਰ ਲੈਂਦੀਆਂ। ਮੇਰੀ ਯਾਦ ਦੀ ਇਕ ਪਰਤ ਉਸਦੀ ਸਵੇਰ ਦੀ ਫੇਰੀ ਨਾਲ ਸੰਬੰਧਤ ਹੈ ਜਦੋਂ ਉਹ ਟੱਟੀ ਸਾਫ਼ ਕਰਨ ਆਉਂਦੀ ਸੀ। ਇਸ ਯਾਦ ਨਾਲ ਜੁੜੇ ਹੋਏ ਵੇਰਵਿਆਂ ਦੇ ਅਰਥ ਮੈਨੂੰ ਜ਼ਿੰਦਗੀ ਵਿਚ ਬਹੁਤ ਚਿਰ ਪਿਛੋਂ ਖੁੱਲ੍ਹੇ ਕਿਉਂਕਿ ਅਸੀਂ ਬੱਚੇ ਖੇਡਾਂ ਖੇਡਦੇ ਹੋਏ ਪੌੜੀਆਂ ਉਤਰਦੇ ਤੇ ਚੜ੍ਹਦੇ ਰਹਿੰਦੇ ਸਾਂ, ਉਹ ਡਿਓੜੀ ਵਿਚ ਦਾਖ਼ਲ ਹੁੰਦਿਆਂ ਹੀ ਉੱਚੀ ਉੱਚੀ ਆਖਣਾ ਸ਼ੁਰੂ ਕਰ ਦਿੰਦੀ, "ਕਾਕਾ ਜੀ, ਬੀਬਾ ਜੀ, ਪਰ੍ਹੇ ਰਹੋ ਜੀ, (ਮੇਰੇ ਨਾਲ਼ ਲੱਗ ਕੇ) ਭਿਟ ਨਾ ਜਾਓ ਜੀ, ਉਸਦੀ ਆਵਾਜ਼ ਵਿਚ ਭੈ ਜਿਹੇ ਦੀ ਕੰਬਣੀ ਹੁੰਦੀ ਸੀ। ਇਕ ਵਾਰ ਉਸ ਨਾਲ ਇਸ ਗੱਲੋਂ ਬੜੀ ਕੁਪੱਤ ਹੋਈ ਸੀ ਕਿ ਉਹ ਬੱਚਿਆਂ ਤੋਂ ਦੂਰ ਨਹੀਂ ਸੀ ਰਹਿੰਦੀ। ਸ਼ਾਇਦ ਇਹ ਗੱਲੋਂ ਉਹ ਅੰਦਰੋਂ ਦੁੱਖੀ ਸੀ ਜਦੋਂ ਉਸ ਨੇ ਮੈਨੂੰ ਆਪਣੀ ਮਾਂ ਹੱਥੋਂ ਕੁੱਟ ਖਾਂਦੇ ਨੂੰ ਦੇਖਿਆ ਸੀ ਕਿਉਂਕਿ ਮੈਂ ਭਿੱਟੇ ਜਾਣ ਪਿਛੋਂ ਅੰਦਰ ਜਾ ਕੇ ਰਸੋਈ ਵੀ ਭਿੱਟ ਦਿੱਤੀ ਸੀ। ਉਦੋਂ ਤਾਂ ਸਾਡੇ ਘਰ ਵਿਚ ਕੁਹਰਾਮ ਹੀ ਮੱਚ ਉੱਠਿਆ ਸੀ ਤੇ ਮੈਨੂੰ ਇਸਦੀ ਚੋਖੀ ਸਜ਼ਾ ਭੁਗਤਣੀ ਪਈ ਸੀ। ਉਦੋਂ ਉਸ ਔਰਤ ਨੇ ਆਪਣੀ ਬੇਧਿਆਨੀ ਲਈ ਰੋ ਕੇ ਮੇਰੀ ਮਾਂ ਤੋਂ ਮੁਆਫ਼ੀ ਮੰਗੀ ਸੀ ਤੇ ਮਿੰਨਤ ਕੀਤੀ ਸੀ ਕਿ ਮੇਰੀ ਮਾਂ ਮੈਨੂੰ ਕੁਝ ਨਾ ਆਖੇ। ਸ਼ਾਇਦ ਇਸੇ ਕਰਕੇ ਉਹ ਹਰ ਰੋਜ਼ ਬੱਚਿਆਂ ਨੂੰ ਪਰ੍ਹੇ ਰਹਿਣ ਦਾ ਹੋਕਾ ਦਿੰਦੀ ਸੀ। ਮੈਨੂੰ ਇਹ ਸਾਰੀ ਘਟਨਾ ਇਕ ਅਜਿਹੇ ਪਰਮਾਣ ਵਜੋਂ ਯਾਦ ਹੈ ਜਿਹੜਾ ਦਰਸਾਉਂਦਾ ਹੈ ਕਿ ਉਸ ਔਰਤ ਨੇ ਇਸ ਗੱਲ ਨੂੰ ਸਵੀਕਾਰ ਕਰਕੇ ਕਿੰਝ ਆਪਣੇ ਆਂਤ੍ਰਿਕ ਮਨ ਦਾ ਹਿੱਸਾ ਬਣਾ ਲਿਆ ਸੀ ਕਿ ਉਸਦੀ ਛੋਹ ਭਿੱਟ ਦਿੰਦੀ ਹੈ ਅਤੇ ਇਹ ਕਿ ਹੀਣਤਾ ਉਸਦੀ ਹੋਣੀ ਹੈ। ਹੋ ਸਕਦਾ ਹੈ, ਉਹ ਇਸ ਨੂੰ ਉੱਕਾ ਹੀ ਅਨਿਆਈ ਸਮਝਦੀ ਹੋਵੇ, ਪਰ ਫੇਰ ਵੀ ਉਸਨੇ ਇਸ ਨੂੰ ਜ਼ਿੰਦਗੀ ਦੀ ਅਜਿਹੀ



ਹਕੀਕਤ ਸਮਝ ਕੇ ਕਬੂਲ ਕਰ ਲਿਆ ਸੀ ਜਿਸ ਨਾਲ ਉਸਨੂੰ ਤੇ ਉਸ ਜਿਹੇ ਹੋਰ ਲੋਕਾਂ ਨੂੰ ਜਿਉਣਾ ਹੀ ਪੈਣਾ ਹੈ। ਛੂਤ-ਛਾਤ ਉਸ ਵੇਲੇ ਅਤੇ ਉਸਤੋਂ ਕਾਫ਼ੀ ਸਮਾਂ ਪਿਛੋਂ ਤੱਕ ਸਮਾਜੀ ਜ਼ਿੰਦਗੀ ਦੀ ਸਰਵ-ਵਿਆਪੀ ਹਕੀਕਤ ਬਣੀ ਰਹੀ।

## ਜ਼ਿੰਦਗੀ, ਜਿਵੇਂ ਉਦੋਂ ਜੀਵੀ ਜਾਂਦੀ ਸੀ

ਉਸ ਸਮੇਂ ਜੀਵੀ ਜਾਂਦੀ ਜ਼ਿੰਦਗੀ ਬਾਰੇ ਲੇਖਕ ਦੀ ਦਲਿਤਾਂ ਨਾਲ ਗੱਲਬਾਤ ਨੇ ਉਸਨੂੰ ਇਸ ਗੱਲ ਦਾ ਬੇਹੱਦ ਤਿੱਖਾ ਅਹਿਸਾਸ ਕਰਵਾਇਆ ਕਿ ਉਸ ਜ਼ਿੰਦਗੀ ਨੂੰ ਯਾਦ ਕਰਨਾ ਸਾਰੇ ਹੀ ਦਲਿਤਾਂ ਲਈ ਇਕ ਬੇਹੱਦ ਦੁੱਖਦਾਈ ਤਜਰਬਾ ਹੈ, ਇਹ ਸਰੀਰਕ ਕਸ਼ਟਾਂ, ਨਦਾਮਤ, ਜਹਾਲਤ, ਜ਼ਿੱਲਤ ਤੇ ਨਿਪੁੰਸਕ ਰੋਹ ਨੂੰ ਮੁੜ ਤੋਂ ਜਿਉਣ ਵਾਂਗ ਹੈ। ਲਾਲ ਸਿੰਘ ਦਿਲ ਨੇ ਬੜੇ ਹੀ ਬੇਬਾਕ ਢੰਗ ਨਾਲ ਦੱਸਿਆ, "ਮੈਂ ਬੀਤੀ ਜ਼ਿੰਦਗੀ ਦੀ ਅਜਿਹੀ ਇਕ ਵੀ ਘਟਨਾ ਨਹੀਂ ਗਿਣਾ ਸਕਦਾ, ਜਿਸਨੇ ਮੈਨੂੰ ਖੁਸ਼ੀ ਦਿੱਤੀ ਹੋਵੇ।"

ਉਸ ਸਮੇਂ ਕਿਸੇ ਵਿਹੜੇ, ਠੱਠੀ ਜਾਂ ਚਮਾਰੜੀ, ਜਿਥੇ ਇਹ ਲੋਕ ਰਹਿੰਦੇ ਸਨ, ਦੀ ਫੇਰੀ ਇਕ ਅਜਿਹੇ ਨਰਕ ਦਾ ਨਕਸ਼ਾ ਪੇਸ਼-ਕਰਦੀ ਸੀ ਜਿਹੜੀ ਕਈ ਕਿਸਮ ਦੀਆਂ ਬਦਬੂਆਂ ਵਿਚ ਡੁੱਬੀ ਹੁੰਦੀ ਸੀ, ਹੱਡਾਰੋੜੀ ਵਿਚ ਪਸ਼ੂਆਂ ਦੇ ਗਲ ਸੜ ਰਹੇ ਪਿੰਜਰ, ਸੁੱਕਣ ਤੇ ਰੰਗਣ ਲਈ ਖਿਲਾਰੀਆਂ ਕੱਚੀਆਂ ਖੱਲਾਂ, ਬੂ ਮਾਰਦੇ ਗੰਦੇ ਪਾਣੀ ਦੇ ਚਲ੍ਹੇ ਜਿਹਨਾਂ ਵਿਚ ਸਾਰੇ ਪਿੰਡ ਦਾ ਗੰਦਾ ਪਾਣੀ ਵਹਿ ਕੇ ਨੀਵੀਂ ਵੱਸੀ ਬਸਤੀ ਵਿਚ ਇਕੱਠਾ ਹੁੰਦਾ ਸੀ, ਰੂੜੀਆਂ ਦੀ ਸੜ੍ਹੇਹਾਣ ਅਤੇ ਇਸੇ ਤਰ੍ਹਾਂ ਦੀ ਹੋਰ ਗ਼ੰਦਗੀ। ਮੌਰੂਸੀ ਜ਼ਮੀਨ (ਅਰਥਾਤ ਪਿੰਡ ਦੀ ਸ਼ਾਮਲਾਤ) ਉੱਤੇ ਹਰ ਪਰਿਵਾਰ ਲਈ ਇਕ ਕੱਚਾ ਕੋਠਾ ਉਸਰਿਆ ਹੁੰਦਾ ਸੀ। ਕੋਠੇ ਹੇਠਲੀ ਜ਼ਮੀਨ ਦੀ ਮਲਕੀਅਤ ਪਰਿਵਾਰ ਦੀ ਨਹੀਂ ਸੀ ਹੁੰਦੀ। ਉਸ ਤੌੜ ਉੱਤੇ ਪੱਕੀਆਂ ਇੱਟਾਂ ਦਾ ਕੋਠਾ ਉਸਾਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਰਿਵਾਜ ਤੇ ਕਾਨੂੰਨ ਅਧੀਨ ਪੱਟੀਦਰਜ ਜਾਂ ਹੋਰ ਨੀਵੀਆਂ ਜਾਤੀਆਂ ਦੇ ਮਰਦਾਂ ਤੇ ਔਰਤਾਂ ਲਈ ਵਗਾਰ ਲਾਜ਼ਮੀ ਹੁੰਦੀ ਸੀ। ਇਹ ਕਾਨੂੰਨ ਕੇਵਲ 1957 ਵਿਚ ਆ ਕੇ ਹੀ ਖਤਮ ਹੋਇਆ। ਉਸ ਤੋਂ ਕੁੱਝ ਸਾਲ ਬਾਅਦ ਉਸ ਵੇਲੇ ਦੇ ਕੇਂਦਰੀ ਕਾਨੂੰਨ ਮੰਤਰੀ ਬੀ. ਆਰ. ਅੰਬੇਡਕਰ ਨੇ ਇਕ ਹੋਰ ਕਾਨੂੰਨ ਮਨਸੂਖ ਕਰਵਾਇਆ, ਇਹ ਸੀ. 1900 ਦਾ ਏਲੀਏਨੇਸ਼ਨ ਆਫ਼ ਲੈਂਡ ਐਕਟ ਜਿਹੜਾ ਗੈਰ-ਕਾਸ਼ਤਕਾਰ ਜਾਤੀਆਂ ਨੂੰ ਵਾਹੀਯੋਗ ਜ਼ਮੀਨ ਖਰੀਦਣ ਉੱਤੇ ਰੋਕ ਲਾਉਂਦਾ ਸੀ।

ਛੂਤ-ਛਾਤ ਦੇ ਸਥਾਪਤ ਨੇਮਾ ਅਧੀਨ ਪੱਟੀਦਰਜ ਜਾਤੀਆਂ ਦੇ ਲੋਕਾਂ ਦੀ ਜ਼ਿੰਦਗੀ ਦੇ ਹਰ ਪੱਖ ਨੂੰ ਛੋਂਹਦੀ ਰੀਤੀ ਦਰਜ ਸੀ ਜਿਵੇਂ ਕਿੱਤਾ, ਵਿਆਕਤੀ ਦਾ ਨਾਂਅ, ਉਸਨੂੰ ਹੋਰਨਾਂ ਵੱਲੋਂ ਕਿਸ ਢੰਗ ਨਾਲ ਬੁਲਾਇਆ ਜਾਣਾ ਹੈ (ਸਣੇ ਕੁਨਾਵਾਂ ਤੇ ਗਾਹਲਾਂ ਆਦਿ ਦੇ) ਅਤੇ ਪੱਟੀਦਰਜ ਜਾਤੀਆਂ ਦੇ ਲੋਕਾਂ ਨੇ ਹੋਰਨਾਂ ਨੂੰ ਕਿਵੇਂ ਬੁਲਾਉਣਾ ਹੈ, ਉਹਨਾਂ ਦਾ ਪਹਿਰਾਵਾ ਕਿਹੋ ਜਿਹਾ ਹੋਣਾ ਚਾਹੀਦਾ ਹੈ, ਉਤਲੀਆਂ ਸ਼੍ਰੇਣੀਆਂ ਦੀ ਹਾਜ਼ਰੀ ਵਿਚ ਉਹਨਾਂ ਕਿਵੇਂ ਖੜ੍ਹੇ ਹੋਣਾ ਤੇ ਬੈਠਣਾ ਹੈ, ਉਹਨਾਂ ਨੂੰ ਕਿਹੋ ਜਿਹਾ ਅੰਨ ਖਾਣ ਦੀ ਆਗਿਆ ਹੈ ਅਤੇ ਇਸੇ ਕਿਸਮ ਦੀਆਂ ਅਣਗਿਣਤ ਹੋਰ ਸਮਾਜੀ ਮਨਾਹੀਆਂ। ਕੰਗਾਲੀ ਇਸ ਜ਼ਿੰਦਗੀ ਦਾ ਜ਼ਰੂਰੀ ਅੰਸ਼ ਸੀ। ਅੱਜਕਲ੍ਹ ਕੇਂਦਰੀ ਸਰਕਾਰ ਵਿਚ ਨਿਯੁਕਤ ਪਹਿਲੇ ਦਰਜੇ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਉਹਨਾਂ ਦੇ ਘਰ ਵਿਚ ਮਰੀ ਹੋਈ ਮੱਝ ਦੇ ਮਾਸ ਨੂੰ ਸੁਕਾ ਕੇ ਉਸਨੂੰ ਕਈ ਦਿਨ ਰਿੰਨ੍ਹਿਆ ਜਾਂਦਾ ਸੀ ਤੇ ਉਸਦੀ ਚਰਬੀ ਨੂੰ ਖਾਣਾ ਪਕਾਉਣ ਲਈ ਸਾਂਭ ਲਿਆ ਜਾਂਦਾ ਸੀ। ਸਾਨੂੰ ਉਦੋਂ 'ਮੈਲ ਖਾਣੇ' ਦੇ ਕੁਨਾਂਅ ਨਾਲ ਸੱਦਿਆ ਜਾਂਦਾ ਸੀ ਕਿਉਂਕਿ ਗੁੜ ਤੇ ਸ਼ੱਕਰ ਬਨਾਉਣ ਵੇਲੇ ਗੰਨੇ ਦੇ ਰਸ ਤੋਂ ਲੱਥਣ ਵਾਲੀ ਮੈਲ਼ ਸਾਨੂੰ ਇਕੱਠੀ ਕਰਨ ਲਈ ਕਿਹਾ ਜਾਂਦਾ ਸੀ। ਨਿੱਜੀ ਸਫ਼ਾਈ ਨੂੰ ਬਹੁਤੀ ਅਹਿਮੀਅਤ ਨਹੀਂ ਸੀ ਦਿੱਤੀ ਜਾਂਦੀ। ਜਿਸ ਤਰ੍ਹਾਂ ਦਿਹਾਤੀ ਮਜ਼ਦੂਰ ਸਭਾ ਦੇ ਇੱਕ ਆਗੂ ਨੇ ਦੱਸਿਆ, ਸਾਬਣ ਦੀ ਗਾਚੀ ਖਰੀਦਣੀ ਉਦੋਂ ਨਸੀਬ ਹੋਈ ਜਦੋਂ 1960 ਵਿਆਂ ਦੇ ਅਖੀਰ ਵਿਚ ਹਰੇ ਇਨਕਲਾਬ

ਨੇ "ਪਹਿਲੀ ਵਾਰ ਨਕਦ ਪੈਸੇ ਹਰੀਜਨਾਂ ਦੇ ਹੱਥਾਂ ਵਿਚ ਦਿੱਤੇ।" ਜਦੋਂ ਹੱਡ-ਭੰਨਵੀਂ ਮਿਹਨਤ ਤੋਂ ਕੁੱਝ ਵਿਹਲ ਮਿਲਦੀ, ਉਦੋਂ ਅਸੀਂ ਵਾਲਾਂ ਤੇ ਕੱਪੜਿਆਂ ਤੋਂ ਜੂੰਆਂ ਚੁੱਗਦੇ ਸਾਂ ਤੇ ਆਪਣੇ ਆਪ ਨੂੰ ਕੋਸਦੇ ਸਾਂ। ਧਮਕੀਆਂ, ਡਰਾਵਿਆਂ, ਝਈਆਂ ਤੇ ਅੱਖਾਂ ਕੱਢ ਕੇ ਦੇਖਣ ਵਰਗੇ ਤਰੀਕਿਆਂ ਤੇ ਕੁੱਤੀ ਜਾਤ, ਕਮਜਾਤ, ਕੁਤੀੜ, ਭਿੱਟ, ਚੰਮ, ਵੱਢੀ-ਟੁੱਕੀ ਜਾਤ, ਜੂਠ ਵਰਗੇ ਕੁਨਾਵਾਂ ਨਾਲ ਹਰ ਵੇਲੇ ਇਹ ਯਾਦ ਕਰਾਇਆ ਜਾਂਦਾ ਸੀ ਕਿ ਅਸੀਂ ਬੰਦੇ ਨਹੀਂ, ਗੰਦ ਹਾਂ। ਪਿੰਡ ਵਿਚ ਚੋਰੀ ਜਾਂ ਕੋਈ ਹੋਰ ਵਾਰਦਾਤ ਹੋ ਜਾਣੀ ਤਾਂ ਉਸਦਾ ਇਲਜ਼ਾਮ ਤੁਰੰਤ ਅਛੂਤ ਲੋਕਾਂ ਦੇ ਸਿਰ ਲੱਗ ਜਾਂਦਾ ਸੀ ਤੇ ਪੁਲਸ ਉਹਨਾਂ ਨੂੰ ਵਲ ਕੇ ਲੈ ਜਾਂਦੀ ਸੀ ਅਤੇ ਕੁਟਾਪਾ ਚਾੜ੍ਹਦੀ ਸੀ।

ਸਮਾਜੀ ਮੇਲ਼ਜੋਲ਼ ਜਾਂ ਆਪਸੀ ਗੱਲਬਾਤ ਬਾਰੇ ਯਾਦਾਂ ਫਰੋਲਾਦਿਆਂ ਉਹ ਅਕਸਰ ਕੂੜ ਤੇ ਗਾਹਲਾਂ ਤੋਂ ਕੰਮ ਲੈਂਦੇ ਸਨ ਕਿਉਂਕਿ ਇਹ ਉਹ ਆਪਣੇ ਘਰਾਂ ਤੇ ਬਸਤੀਆਂ ਵਿਚ ਇਹੀ ਕੁਝ ਸਿੱਖਦੇ ਸਨ ਤੇ ਇਹੀ ਉਹਨਾਂ ਦਾ ਸਾਧਾਰਨ ਚਲਣ ਸੀ। ਸਵੈ-ਹੀਣਤਾ ਤੇ ਸਵੈ-ਘਿਰਣਾ ਉਹਨਾਂ ਦੀ ਗੱਲ ਵਿਚੋਂ, ਉਹਨਾਂ ਦੇ ਹਿੰਸਕ ਵਿਹਾਰ ਵਿਚੋਂ ਤੇ ਉਹਨਾਂ ਦੇ ਅਜਿਹੇ ਵਤੀਰੇ ਵਿਚੋਂ ਸਾਫ਼ ਨਜ਼ਰ ਆਉਂਦੀ ਸੀ, ਜਿਸਨੂੰ ਹੋਰ ਲੋਕ ਗ਼ੈਰ-ਸਮਾਜੀ ਵਤੀਰਾ ਕਰਾਰ ਦਿੰਦੇ ਹਨ। ਜਜਮਾਨੀ ਪ੍ਰਣਾਲੀ, ਜਿਹੜੀ ਪੇਂਡੂ ਕਾਮਿਆਂ ਤੇ ਜ਼ਿਮੀਦਾਰਾਂ ਵਿਚਾਲੇ ਪੀੜ੍ਹੀ ਦਰ ਪੀੜ੍ਹੀ ਚਲਦੀ ਸੀ ਤੇ ਜਿਸ ਅਧੀਨ ਮਾਲਕਾਂ ਨੂੰ ਹੱਕ ਹੁੰਦਾ ਸੀ ਕਿ ਆਪਣੇ ਨਾਲ ਬੱਝੇ ਹੋਏ ਕਾਮੇ ਪਰਿਵਾਰ ਦੇ ਕਿਸੇ ਜੀ ਨੂੰ ਲੋੜ ਪੈਣ ਉੱਤੇ ਜਦੋਂ ਚਾਹੇ ਬੁਲਾ ਲਏ, ਇਹ ਪ੍ਰਣਾਲੀ ਇਕ ਗੱਲੋਂ ਮਾਲਕ-ਚਾਕਰ ਨਾਤੇ ਦੇ ਬੇਨਾਮ ਜਿਹੇ ਸੰਬੰਧਾਂ ਦਾ ਪੱਖ ਤਾਂ ਰੱਖਦੀ ਸੀ ਪਰ ਇਹਨਾਂ ਸੰਬੰਧਾਂ ਵਿਚ ਇੱਜ਼ਤ ਜਾਂ ਗੌਰਵ ਜ਼ਿਮੀਦਾਰ ਦਾ ਹਿੱਸਾ ਹੀ ਹੁੰਦੀ ਸੀ।

ਪਰ ਕੁਝ ਗੱਲਾਂ ਪ੍ਰਤੱਖ ਤੌਰ ਤੇ ਅਸਪੱਸ਼ਟ ਤੇ ਸਵੈ-ਵਿਰੋਧੀ ਸਨ। ਦਾਈਆਂ, ਜਿਹੜੀਆਂ ਉੱਚੀ ਜਾਤੀ ਦੀਆਂ ਔਰਤਾਂ ਦੇ ਸਾਰੇ ਹੀ ਜਣੇਪਿਆਂ ਵਿਚ ਮੱਦਦ ਕਰਦੀਆਂ ਸਨ, ਦਲਿਤ ਹੀ ਹੁੰਦੀਆਂ ਸਨ। ਜੱਚਾ ਔਰਤ ਤੇ ਬੱਚੇ ਨਾਲ ਇਹਨਾਂ ਦਾਈਆਂ ਦੇ ਅਸਾਧਾਰਨ ਸਰੀਰਕ ਸੰਪਰਕ ਨੂੰ ਆਮ ਜਿਹੀ ਗੱਲ ਸਮਝਿਆ ਤੇ ਪਰਵਾਨ ਕੀਤਾ ਜਾਂਦਾ ਸੀ। ਦੁੱਖਦਾਈ ਕਟਾਕਸ਼ ਇਹ ਹੈ ਕਿ ਇਹਨਾਂ ਦਾਈਆਂ ਦੇ ਭਾਈਚਾਰਿਆਂ ਵਿਚ ਮਾਂ ਅਤੇ ਬਾਲ ਮੌਤ ਦਰ ਸੱਭ ਤੋਂ ਵੱਧ ਹੁੰਦੀ ਸੀ। ਜਿਸ ਤਰ੍ਹਾਂ ਨਾਵਲ 'ਮਸ਼ਾਲਚੀ' ਵਿਚ ਉਲੇਖ ਹੈ, "ਸਾਡੇ ਸੁਰਤੂ ਦਾ ਅਠਵਾਂ ਮੁੰਡਾ ਮਸਾਂ ਮਗਰ ਲਗਿਐ... ਪਹਿਲਾਂ ਸਾਰੇ ਛਿਲੇ ਵਿਚੇ ਹੀ ਮਰਦੇ ਰਹੇ।" ਮਾਵਾਂ ਆਪਸ ਵਿਚ ਦੁੱਖ ਸਾਂਝੇ ਕਰ ਲੈਂਦੀਆਂ ਸਨ। ਇਸ ਕਿਸਮ ਦਾ ਦੁੱਖ ਆਮ ਤੌਰ 'ਤੇ ਅਛੂਤ ਪਰਿਵਾਰਾਂ ਦਾ ਹੀ ਨਸੀਬਾ ਹੁੰਦਾ ਸੀ। ਅਨਪੜ੍ਹਤਾ ਰੋਗੀਆਂ ਦੇ ਦੁਰਬਲਤਾਂ ਨੂੰ ਟੂਣੇ ਟੋਟਕੇ ਵਾਲਿਆਂ ਤੇ ਮਾਂਦਰੀਆਂ ਦੇ ਦਰੀਂ ਲੈ ਜਾਂਦੀ ਸੀ ਜਿਹੜੇ ਭੂਤ ਪਰੇਤ ਕੱਢਦੇ ਸਨ, ਕਿਉਂਕਿ ਵਹਿਮ ਇਹ ਹੁੰਦਾ ਸੀ ਕਿ ਸਾਰੇ ਰੋਗ ਤੇ ਸਾਰੇ ਦੁੱਖ ਬਦਰੂਹਾਂ ਦੀ ਕਰੋਪੀ ਦਾ ਸਿੱਟਾ ਹੁੰਦੇ ਹਨ। ਭਾਵੇਂ ਛੂਤ ਛਾਤ ਤੋਂ ਬਚਾਅ ਲਈ ਬੜੇ ਸਖ਼ਤ ਮਾਪਦੰਡ ਲਾਗੂ ਹੁੰਦੇ ਸਨ ਪਰ ਇਹ ਸਾਰੇ ਮਾਪ ਦੰਡ ਦਲਿਤ ਇਸਤਰੀਆਂ ਨੂੰ ਜੱਟਾਂ ਹੱਥੋਂ ਬੇਪਤੀ ਤੇ ਬਲਾਤਕਾਰ ਤੋਂ ਨਹੀਂ ਸਨ ਬਚਾਉਂਦੇ। ਜ਼ਿਮੀਦਾਰਾਂ ਦੇ ਜਵਾਨ ਹੁੰਦੇ ਮੁੰਡਿਆਂ ਦੇ ਵਿਆਹ ਤੋਂ ਪਹਿਲਾਂ ਦੇ ਲਿੰਗਕ ਕਿੱਸੇ ਲੋਕਯਾਨ ਦਾ ਹਿੱਸਾ ਹੁੰਦੇ ਸਨ। ਲੇਖਕ ਦੀ ਯੂਨੀਵਰਸਿਟੀ ਦੇ 25 ਸਾਲ ਦੀ ਉਮਰ ਦੇ ਇਕ ਮਜ਼੍ਹਬੀ ਵਿਦਿਆਰਥੀ ਨੇ ਲੇਖਕ ਨੂੰ ਦੱਸਿਆ ਕਿ ਉਹਨਾਂ ਦੇ ਪਰਿਵਾਰਾਂ ਦੇ ਬੱਚੇ ਇਸ ਜਾਣਕਾਰੀ ਨਾਲ ਪਲ਼ਦੇ ਸਨ ਕਿ ਉਹਨਾਂ ਦੇ ਰਿਸ਼ਤੇਦਾਰਾਂ ਵਿਚੋਂ ਕਿਹੜੀ ਕਿਹੜੀ ਔਰਤ ਨੂੰ ਬੇਹੁਰਮਤੀ ਦੇ ਹੌਲਨਾਕ ਤਜਰਬੇ ਵਿਚੋਂ ਲੰਘਣਾ ਪਿਆ, ਚੀਕਾਂ ਵਜਦੀਆਂ, ਚੁੱਪ ਸਾਧੀ ਜਾਂਦੀ, ਸ਼ਰਮ, ਡੁਸਕਣੀ ਤੇ ਡਰ ਦਾ ਵਾਤਾਵਰਣ ਹੁੰਦਾ। ਬਜ਼ੁਰਗ ਨਸੀਹਤ ਕਰਦੇ, "ਇਹੀ ਸਾਡੀ ਹੋਣੀ ਹੈ। ਪੁਲਸ ਕੋਲ ਸ਼ਕਾਇਤ ਕੀਤਿਆਂ ਵੀ ਕੁੱਝ ਨਹੀਂ ਹੋਣਾ।" ਕਈ ਵਾਰ ਸਖ਼ਤ ਰੋਸ ਦੇ ਸਿੱਟੇ ਵਜੋਂ ਰਾਜ਼ੀਨਾਵਾਂ ਕਰਵਾ ਦਿੱਤਾ ਜਾਂਦਾ ਜਿਸਦੇ ਹਿੱਸੇ ਵਜੋਂ ਵਧੀਕੀ ਦਾ ਸ਼ਿਕਾਰ ਹੋਣ ਵਾਲੇ ਪਰਿਵਾਰ ਨੂੰ ਮੁਆਵਜ਼ੇ ਦੀ ਸ਼ਕਲ ਵਿਚ ਕੁੱਝ ਨਾ ਕੁੱਝ ਦੇ ਦਿਵਾ ਦਿੱਤਾ ਜਾਂਦਾ। ਜ਼ਿਮੀਦਾਰਾਂ ਦੇ ਘਰਾਂ ਦੀਆਂ ਔਰਤਾਂ, ਜਿਵੇਂ ਪੰਜਾਬੀ ਗਲਪ ਵਿਚ ਜ਼ਿਕਰ ਆਉਂਦਾ ਹੈ, ਆਮ ਤੌਰ 'ਤੇ ਦਲਿਤ ਔਰਤਾਂ ਉੱਤੇ ਦੋਸ਼



ਲਾਉਂਦੀਆਂ ਕਿ ਉਹ ਜਾਦੂ ਟੂਣੇ ਰਾਹੀਂ ਨਰ ਕਿਸਮ ਦੇ ਜੱਟ ਮਰਦਾਂ ਨੂੰ ਭਰਮਾਂ ਲੈਂਦੀਆਂ ਹਨ। ਜੇ ਕਿਸੇ ਦਲਿਤ ਦੇ ਘਰ ਗੋਰੇ ਰੰਗ ਦਾ ਬੱਚਾ ਪੈਦਾ ਹੋ ਜਾਂਦਾ ਤਾਂ ਉਸ ਵੇਲੇ ਇਹ ਦੰਦ ਕਥਾ ਸ਼ੁਰੂ ਹੋ ਜਾਂਦੀ ਸੀ ਕਿ ਇਹ ਬੇਰੜਾ ਬੱਚਾ ਕਿਸਦਾ ਹੋ ਸਕਦਾ ਹੈ। ਗੁਰਚਰਨ ਸਿੰਘ ਰਾਓ ਦੇ ਨਾਵਲ 'ਮਸ਼ਾਲਚੀ' ਵਿਚ ਜਦੋਂ ਜ਼ੈਲਦਾਰ ਆਪਣੇ ਮਜ਼੍ਹਬੀ ਸੀਰੀ ਭਗਤੂ ਨੂੰ ਝਾੜਦਾ ਹੈ, "ਤੇਰਾ ਮੁੰਡਾ ਮੇਰੇ ਸਕੂਲ ਜਾਂਦੇ ਮੁੰਡੇ ਨਾਲ ਆਕੜ ਕੇ ਬੋਲਿਆ" ਤਾਂ ਭਗਤੂ ਦਾ ਉੱਤਰ ਸੀ, "ਸਰਦਾਰ ਜੀ, ਅਜਿਹੇ ਮੁੰਡੇ ਤੁਹਾਡੀ ਔਲਾਦ ਹੀ ਹੋ ਸਕਦੇ ਹਨ। ਇਹ ਮੁੰਡਾ ਔਰਤਾਂ ਦੇ ਪੇਟ ਵਿਚ ਉਦੋਂ ਦਾਖਲ ਹੋਇਆ ਹੋਵੇਗਾ ਜਦੋਂ ਉਹ ਖੇਤਾਂ ਵਿਚ ਕੰਮ ਕਰਨ ਗਈਆਂ ਹੋਣਗੀਆਂ। ਜੇ ਉਹ ਸਾਡੀ ਔਲਾਦ ਹੁੰਦਾ ਤਾਂ ਉਸਨੇ ਤੁਹਾਡੇ ਸਾਹਮਣੇ ਕੁਸਕਣਾ ਨਹੀਂ ਸੀ... ਅਸੀਂ ਬੁੱਢੇ ਹੋ ਗਏ ਹਾਂ ਪਰ ਕੀ ਤੁਸਾਂ ਸਾਨੂੰ ਆਪਣੇ ਸਾਹਮਣੇ ਮੂੰਹ ਖੋਲ੍ਹ ਦੇ ਦੇਖਿਆ ਹੈ!!" ਬਰਤਾਨਵੀ ਬਸਤੀਵਾਦੀ ਢਾਂਚੇ ਵਿਚ "ਨੋਟੀਫਾਈਡ ਜਰਾਇਮ ਪੇਸ਼ਾ ਕਬੀਲੇ" ਕਾਨੂੰਨੀ ਤੌਰ ਤੇ ਵੱਖਰੀ ਤਰ੍ਹਾਂ ਦਾ ਨਿਰਧਾਰਤ ਵਰਗ ਸਨ ਜਿਸ ਵਿਚ ਪੰਜਾਬ ਦੀਆਂ ਮੌਜੂਦਾ ਪੱਟੀਦਰਜ ਜਾਤੀਆਂ ਵਿਚੋਂ 7 ਜਾਤੀਆਂ ਸ਼ਾਮਲ ਸਨ। ਜਿਸ ਤਰ੍ਹਾਂ ਨਿਕੋਲਸ ਡਰਕਸ ਨੇ ਧਿਆਨ ਦੁਆਇਆ ਸੀ, "ਵਫ਼ਾਦਾਰ" ਤੇ "ਮਾਰਸ਼ਲ" ਜਾਤੀਆਂ ਨਿਸ਼ਚਿਤ ਕਰਨ ਦੇ ਨਾਲ ਨਾਲ ਇਸਦੇ ਉੱਲਟੇ ਪਾਸੇ ਵਜੋਂ ਕੁਝ ਅਜਿਹੀਆਂ ਜਾਤੀਆਂ ਵੀ ਨਿਸ਼ਚਿਤ ਕੀਤੀਆਂ ਗਈਆਂ ਜਿਹੜੀਆਂ "ਵਫ਼ਾਦਰ ਤੇ ਭਰੋਸੇਯੋਗ ਨਹੀਂ ਸਨ" ਤੇ ਇਸ ਤਰ੍ਹਾਂ ਖ਼ਤਰਨਾਕ ਤੇ "ਧਾੜਵੀ" ਸਨ। ਇਸ ਸਾਰੇ ਨੋਟੀਫਾਈਡ ਜਰਾਇਮ ਪੇਸ਼ਾ ਕਬੀਲੇ- ਸਾਂਸੀ ਬਾਗਲੀ, ਬੰਜਾਰਾ, ਨਟ, ਬੌਰੀਆ, ਬਰਾੜਾ, ਗੰਧੀਲਾ, ਮਹਾਤਮ ਤੇ ਧਰਮਕੋਟ-ਸਭ ਤੋਂ ਹੇਠਲੀਆਂ ਜਾਤੀਆਂ ਵਿਚੋਂ ਸਨ। ਭੂਮੀਹੀਣ ਤੇ ਪੱਕੇ ਵਸੇਬੇ ਤੋਂ ਵਿਰਵੇ ਇਹ ਟੱਪਰਵਾਸੀ ਗਰੀਬ ਲੋਕ ਜਮਾਂਦਰੂ ਅਪਰਾਧੀਆਂ ਵਿਚ ਗਿਣੇ ਜਾਂਦੇ ਸਨ। ਉਹਨਾਂ ਦੇ ਮਾਮਲੇ ਵਿਚ ਜੁਰਮ ਵਿਅਕਤੀਗਤ ਫਿਅਲ ਨਹੀਂ ਸੀ ਸਮਝਿਆ ਜਾਂਦਾ ਸੀ। ਇਹਨਾਂ ਬਾਰੇ ਨੋਟੀਫਿਕੇਸ਼ਨ ਵਾਪਸ ਲੈਣ ਦਾ ਹੁਕਮ 1952 ਵਿਚ ਜਾਰੀ ਹੋਇਆ ਸੀ ਜਿਸਦੇ ਸਿੱਟੇ ਵਜੋਂ 'ਜਰਾਇਮ ਪੇਸ਼ਾ" ਦੀ ਦਰਜੇਬੰਦੀ ਦਾ ਖਾਤਮਾ ਹੋਇਆ ਅਤੇ ਇਹ ਕਬੀਲੇ "ਵਿਮੁਕਤ ਜਾਤੀਆਂ" ਵਜੋਂ ਜਾਣੇ ਜਾਣ ਲੱਗੇ। ਉਹਨੀਂ ਦਿਨੀਂ ਸਵਾਏ ਅਜਿਹੇ ਸਕੂਲਾਂ ਦੇ ਜਿਹੜੇ ਆਰੀਆ ਸਮਾਜ ਤੇ ਸਿੰਘ ਸਭਾ ਵਲੋਂ ਸਥਾਪਤ ਕੀਤੇ ਗਏ ਸਨ, ਕਿਸੇ ਦਲਿਤ ਬੱਚੇ ਨੂੰ ਕਿਸੇ ਹੋਰ ਸਕੂਲ ਵਿਚ ਦਾਖਲ ਕਰਾਉਣਾ ਪਿੰਡ ਦੇ ਅਛੂਤ ਪਰਵਾਰਾਂ ਦੀ ਸੋਚ ਵਿਚ ਵੀ ਨਹੀਂ ਸੀ ਆ ਸਕਦਾ। ਉੱਤਲੀਆਂ ਜਾਤੀਆਂ ਦੀ ਹੈਸੀਅਤ ਲਈ ਨਿਰਾਦਰ ਗਿਣੇ ਜਾਣ ਕਰਕੇ ਹਰੀਜਨ ਵਿਦਿਆਰਥੀਆਂ ਨੂੰ ਸਕੂਲ ਦੇ ਅਧਿਆਪਕ ਤੇ ਪਿੰਡ ਦੇ ਪਤਵੰਤਿਆਂ, ਦੋਹਾਂ ਦੇ ਅਤਾਬ ਦਾ ਸ਼ਿਕਾਰ ਹੋਣਾ ਪੈਂਦਾ ਸੀ। ਦੇਸ਼ ਦੀ ਆਜ਼ਾਦੀ ਤੇ ਕਈ ਸਾਲ ਪਿਛੋਂ ਅੱਜ ਵੀ ਸਕੂਲਾਂ ਵਿਚ ਦਾਖਲ ਗਿਣੇ ਚੁਣੇ ਦਲਿਤ ਵਿਦਿਆਰਥੀਆਂ ਨੂੰ ਅਕਸਰ ਇਹ ਯਾਦ ਕਰਾਇਆ ਜਾਂਦਾ ਹੈ ਕਿ ਉਹ ਪੜ੍ਹਾਈ ਦੇ ਕਾਬਲ ਨਹੀਂ ਹਨ ਅਤੇ ਉਹਨਾਂ ਨੂੰ ਸਕੂਲ ਦੀਆਂ ਗਰਾਉਂਡਾਂ ਜਾਂ ਕਮਰੇ ਸਾਫ਼ ਕਰਨ ਦੇ ਹੁਕਮ ਦਿੱਤੇ ਜਾਂਦੇ ਹਨ। 60 ਵਿਆਂ ਦੇ ਸ਼ੁਰੂ ਵਿਚ ਘਿਰਣਾ ਤੇ ਅਪਮਾਨਜਨਕ ਟਿੱਚਰਾਂ ਦੇ ਆਪਣੇ ਤਜਰਬੇ ਨੂੰ ਯਾਦ ਕਰਦਿਆਂ ਲਾਲ ਸਿੰਘ ਦਿਲ ਕਹਿੰਦਾ ਹੈ, "ਜੇ ਸਕੂਲ ਦਾ ਅਰਥ ਤੁਹਾਨੂੰ ਹਰ ਰੋਜ਼ ਤੁਹਾਡੀ ਨੀਵੀਂ ਜਾਤੀ ਦੀ ਯਾਦ ਦੁਆਉਣਾ ਹੀ ਸੀ ਤਾਂ ਸਕੂਲ ਜਾਣ ਦਾ ਕੀ ਅਰਥ ਰਹਿ ਜਾਂਦਾ ਸੀ।"

## ਭਾਗ-11

## ਜ਼ਿੰਦਗੀ ਦੀਆਂ ਹਾਲਤਾਂ ਵਿਚ ਤਬਦੀਲੀ

ਆਜ਼ਾਦੀ ਤੋਂ ਅੱਧੀ ਸਦੀ ਦੇ ਸਮੇਂ ਵਿਚ ਤਬਦੀਲੀ ਦੀ ਗੁੰਝਲਦਾਰ ਤੇ ਬਹੁ-ਆਯਾਮੀ ਪ੍ਰਕ੍ਰਿਆ ਕੰਮ ਕਰਦੀ ਨਜ਼ਰ ਆਉਂਦੀ ਹੈ। ਸਭ ਤੋਂ ਵੱਡੀ ਤਬਦੀਲੀ ਵੰਡ ਤੋਂ ਬਾਅਦ ਤੇ ਉਸ ਤੋਂ

ਪਿੱਛੋਂ ਪੰਜਾਬ ਰਾਜ ਦੇ ਮੁੜ ਗਠਨ ਦੇ ਸਿੱਟੇ ਵਜੋਂ ਜਨਸੰਖਿਆ ਵਿਚ ਆਈ ਤਬਦੀਲੀ ਸੀ। ਪੰਜਾਬ ਦੇ ਉੱਘੇ ਦਲਿਤ ਕਵੀਆਂ ਵਿੱਚੋਂ ਸਿਰਮੌਰ ਕਵੀ ਲਾਲ ਸਿੰਘ ਦਿਲ ਨੇ ਉਸ ਦੁੱਖ ਭਰੇ ਧੱਕੇ ਦਾ ਜ਼ਿਕਰ ਕੀਤਾ ਹੈ। ਜਿਹੜਾ ਬਦਕਿਸਮਤ ਅਛੂਤਾਂ ਨੂੰ ਵੰਡ ਕਾਰਨ ਲੱਗਾ ਸੀ। "ਮੁਸਲਮਾਨਾਂ ਦੇ ਜਾਣ ਨਾਲ ਸ਼ੂਦਰਾਂ ਦੀਆਂ ਬਾਹਵਾਂ ਭੱਜ ਗਈਆਂ। ਵਰਤਮਾਨ ਪੰਜਾਬ ਦੇ ਪਿੰਡਾਂ ਵਿਚ ਗਰੀਬ ਮੁਸਲਮਾਨ ਦਸਤਕਾਰਾਂ ਦੀ ਮੌਜੂਦਗੀ ਜੱਟ ਜ਼ਿਮੀਦਾਰਾਂ ਹੱਥੋਂ ਜ਼ਾਲਮਾਨਾਂ ਜਬਰ ਦੀ ਹਾਲਤ ਵਿਚ ਅਛੂਤਾਂ ਲਈ ਸਮਾਜੀ ਤੇ ਇਖਲਾਕੀ ਸਮਰਥਨ ਦੇਣ ਵਾਲਾ ਇਕ ਢਾਸਣਾ ਸੀ। ਉਸਨੂੰ ਯਾਦ ਹੈ ਕਿ ਉਸਦੇ ਪਿੰਡ ਵਿਚ ਉਸਦੇ ਲੋਕਾਂ ਨੇ ਦੁਕਾਨ ਖੋਲੀ ਸੀ, ਅਜਿਹਾ ਮੁਸਲਮਾਨਾਂ ਦੀ ਮੌਜੂਦਗੀ ਤੇ ਹਮਾਇਤ ਸਦਕਾ ਹੀ ਸੰਭਵ ਹੋ ਸਕਿਆ ਸੀ। ਉਸਨੂੰ ਪਿੰਡ ਦੀ ਇਕ ਹੋਰ ਘਟਨਾ ਯਾਦ ਹੈ, ਮੁਸਲਮਾਨਾਂ ਤੇ ਅਛੂਤਾਂ ਨੇ ਰਲਕੇ ਜ਼ਿਮੀਦਾਰਾਂ ਦੇ ਇਕ ਟੋਲੇ ਨਾਲ ਲੜਾਈ ਲੜੀ ਸੀ, ਜਿਸਦੇ ਸਿੱਟੇ ਵਜੋਂ ਜ਼ਿਮੀਦਾਰਾਂ ਦੇ ਟੋਲੇ ਨੂੰ ਭੱਜਣਾ ਪਿਆ ਸੀ। ਵੰਡ ਤੋਂ ਬਾਅਦ ਸ਼ਰਨਾਰਥੀਆਂ ਦੇ ਮੁੜ ਵਸੇਬੇ ਤੇ ਇਸ਼ਤੇਮਾਨ ਅਰਾਜ਼ੀ ਨੇ ਸਿੱਖ ਜੱਟ ਜ਼ਿਮੀਦਾਰਾਂ ਨੂੰ ਹੋਰ ਮਜ਼ਬੂਤ ਕਰ ਦਿੱਤਾ ਸੀ। 1966 ਵਿਚ ਪੰਜਾਬ ਰਾਜ ਦੇ ਪੁਨਰਗਠਨ ਤੇ ਹਰੇ ਇਨਕਲਾਬ ਤੋਂ ਬਾਦ ਜੱਟ ਜ਼ਿਮੀਦਾਰਾਂ ਦਾ ਸਮਾਜੀ ਤੇ ਆਰਥਕ ਗ਼ਲਬਾ ਹੋਰ ਜਰਵਾਣਾ ਹੋ ਗਿਆ। "ਸਿੱਖਾਂ ਨੇ ਸਾਰੀਆਂ ਹੀ ਜ਼ਮੀਨਾਂ ਮੱਲ ਲਈਆਂ... ਇਥੋਂ ਤੱਕ ਕਿ ਸ਼ਾਮਲਾਟਾਂ ਜਿਹਨਾਂ ਨੂੰ ਵਰਤਣ ਦੀ ਅਛੂਤਾਂ ਨੂੰ ਥੋੜ੍ਹੀ ਜਿਹੀ ਖੁੱਲ੍ਹ ਸੀ, ਵੀ ਨਾ ਛੱਡੀਆਂ ਗਈਆਂ।" ਪੰਜਾਬ ਦੇ ਸਿੱਖ ਬਹੁਗਿਣਤੀ ਰਾਜ ਬਨਣ ਪਿੱਛੋਂ ਸਿੱਖ ਧਰਮ ਉੱਤੇ ਜੱਟ ਜ਼ਿਮੀਦਾਰਾਂ ਦੀ ਸ਼੍ਰੇਣੀ ਦਾ ਕਬਜ਼ਾ ਹੋ ਗਿਆ। ਸਿੱਖ ਪਿੰਡਾਂ ਦਾ ਜਿਹੜਾ ਸੰਜੀਦਾ ਮਾਨਵ ਵਿਗਿਆਨ ਅਧਿਐਨ ਇੰਦਰਪਾਲ ਸਿੰਘ ਨੇ ਕੀਤਾ ਉਸ ਵਿਚ ਉਸ ਨੇ ਦੇਖਿਆ ਕਿ "ਬਹੁਤੀਆਂ ਸਿੱਖ ਕਦਰਾਂ ਜੱਟ ਕਦਰਾਂ ਹੀ ਹਨ ਅਤੇ ਜੱਟਾਂ ਦਾ ਇਹ ਦਾਅਵਾ ਹੈ ਕਿ ਉਹ ਸਿੱਖ ਜਾਤੀਆਂ ਵਿਚ ਸਭ ਤੋਂ ਉੱਚਾ ਦਰਜਾ ਰੱਖਦੇ ਹਨ। ਸੱਤਾ ਤੇ ਰਾਜ ਦੀ ਨੌਕਰੀਸ਼ਾਹੀ ਵਿਚ ਉਹਨਾਂ ਦੀਆਂ ਸਾਕ ਸਕੀਰੀਆਂ ਦੇ ਕਾਰਨ ਸਰਕਾਰ ਦੀ ਭੂਮੀ ਸੁਧਾਰਾਂ ਦੀ ਨੀਤੀ ਵੀ ਅਸਫ਼ਲ ਬਣਾ ਦਿੱਤੀ ਗਈ। ਜੱਟਵਾਦ, ਜਿਹੜਾ ਜੱਟ ਹੈਂਕੜ ਜਾਂ ਸੱਤਾ ਦੇ ਅੱਖੜ ਕਿਸਮ ਦੇ ਘੁੰਮਡ ਤੇ ਜਬਰ ਨੂੰ ਦਰਸਾਉਂਦਾ ਹੈ, ਪੇਂਡੂ ਦਲਿਤਾਂ ਲਈ ਜੱਟ ਜਬਰ ਤੇ ਅਪਮਾਨ ਦੀ ਅਲਾਮਤ ਬਣ ਗਿਆ। ਦੂਸਰੇ ਪਾਸੇ ਇਹ ਤੱਥ ਕਿ ਪੱਟੀਦਰਜ ਜਾਤੀਆਂ ਦੀ ਗਿਣਤੀ ਵਧਕੇ 28.9 % ਤੇ ਕਈ ਪਿੰਡਾਂ ਵਿਚ 40 % ਤੋਂ ਵੀ ਵੱਧ ਹੋ ਗਈ। ਉਹਨਾਂ ਲਈ ਇਹ ਗਿਣਤੀ ਤਾਕਤ ਤੇ ਇਕ ਤਰ੍ਹਾਂ ਨਾਲ ਜਾਤੀ ਪਛਾਣ ਲਈ ਇਕ ਤੁਲ ਬਣ ਗਈ। ਪੰਜਾਬੀ ਲੇਖਕਾਂ ਦੇ ਹਾਲ ਹੀ ਵਿਚ ਹੋਏ ਇਕੱਠ ਅੰਦਰ ਜਿਹੜੀ ਵਿਚਾਰ ਚਰਚਾ ਹੋਈ ਉਸ ਵਿਚ ਵਰਤਮਾਨ ਹਕੀਕਤ ਨੂੰ ਇਹ ਆਖ ਕੇ ਪਰਵਾਨਿਆ ਗਿਆ ਕਿ " ਜਾਤੀ ਸਾਡੇ ਅਵਚੇਤਨ ਵਿਚ ਬੈਠੀ ਹੋਈ ਹੈ" ਆਜ਼ਾਦੀ ਤੋਂ ਬਾਅਦ ਦੀਆਂ ਅਦਲਾ ਬਦਲੀਆਂ ਨੇ ਪੰਜਾਬ ਵਿਚ ਪੱਟੀਦਰਜ ਜਾਤੀਆਂ ਜੀਵਨ ਦੀਆਂ ਹਾਲਤਾਂ ਤੇ ਦਰਜੇ ਵਿਚ ਵਰਨਣਯੋਗ ਪਰਿਵਰਤਨ ਲਿਆਂਦਾ ਹੈ। ਸਮਾਜੀ ਨਿਆਂ ਲਈ, ਖਾਸ ਤੌਰ 'ਤੇ ਛੂਤ-ਛਾਤ ਦੇ ਖਾਤਮੇ ਲਈ ਚੁੱਕੇ ਗਏ ਸੰਵਿਧਾਨਕ ਤੇ ਕਾਨੂੰਨੀ ਕਦਮ, ਜਿਨ੍ਹਾਂ ਨੇ ਕਿਸੇ ਨਾ ਕਿਸੇ ਸ਼ਕਲ ਵਿਚ ਛੂਤ-ਛਾਤ ਨੂੰ ਕਾਨੂੰਨ ਅਧੀਨ ਕਾਬਲੇ ਸਜ਼ਾ ਜ਼ੁਰਮ ਕਰਾਰ ਦੇ ਦਿੱਤਾ ਹੈ, ਬਹੁਤ ਮਹੱਤਵਪੂਣ ਸਾਬਤ ਹੋਏ ਹਨ। ਇਹਨਾਂ ਕਦਮਾਂ ਵਿਚ ਸ਼ਾਮਲ ਹਨ, ਸ਼ਹਿਰੀ ਹੱਕਾਂ ਦੀ ਰਾਖੀ ਬਾਰੇ 1955 ਦਾ ਐਕਟ, ਅਤੇ ਪੱਟੀਦਰਜ ਜਾਤੀਆਂ ਤੇ ਪੱਟੀਦਰਜ ਕਬੀਲਿਆਂ (ਅਤਿਆਚਾਰ ਦੀ ਮਨਾਹੀ) ਬਾਰੇ 1989 ਦੇ ਬਹੁਤ ਹੀ ਵਿਆਪਕ ਐਕਟ ਦਾ ਬਨਣਾ ਅਤੇ ਬੇਗਾਰ ਤੇ ਲੈਂਡ ਐਲੀਏਨੇਸ਼ਨ ਐਕਟ 1901 ਵਰਗੇ ਐਕਟਾਂ ਦੀ ਮਨਸੂਖੀ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਰੈਜ਼ਰਵੇਸ਼ਨਾਂ, ਸਮਾਜੀ ਭਲਾਈ ਬਾਰੇ ਸਰਕਾਰ ਵਲੋਂ ਕੀਤੀਆਂ ਗਈਆਂ ਸਾਰਥਕ ਕਾਰਵਾਈਆਂ, ਸਰਵਵਿਆਪਕ ਬਾਲਗ ਮੱਤਦਾਨ ਅਧਿਕਾਰਾਂ ਤੇ ਬਕਾਇਦਾ ਚੋਣਾਂ ਨੇ ਵੀ ਸਥਿਤੀ ਵਿਚ ਬਿਹਤਰੀ ਲਿਆਂਦੀ ਹੈ। ਮੌਜੂਦਾ ਸਥਿਤੀ ਦੀ ਤਸਵੀਰ ਉੱਤੇ ਨਜ਼ਰ ਮਾਰਿਆਂ, ਜਿਨ੍ਹਾਂ ਦਲਿਤਾਂ ਨਾਲ ਲੇਖਕ ਨੇ ਗੱਲਬਾਤ ਕੀਤੀ ਉਹਨਾਂ ਵਿਚੋਂ ਬਹੁਤਿਆਂ ਦਾ ਅਨੁਭਵ ਹੈ, "ਚੋਣਾਂ ਨੇ ਵੱਡਾ ਯੋਗਦਾਨ ਪਾਇਆ ਹੈ, ਲੋਕਾਂ ਨੂੰ ਨਜ਼ਦੀਕ ਲਿਆਂਦਾ ਹੈ।"



ਹਰੇ ਇਨਕਾਲਬ ਤੇ ਇਸਦੇ ਨਾਲ ਨਾਲ ਸ਼ਹਿਰੀਕਰਣ, ਵਿਦਿਅਕ ਸਹੂਲਤਾਂ ਦੇ ਪਸਾਰ, ਰੁਜ਼ਗਾਰ ਦੇ ਨਵੇਂ ਮੌਕਿਆਂ ਦਾ ਪੈਦਾ ਹੋਣਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਲਹਿਰ ਦੇ ਸ਼ੁਰੂ ਹੋਣ ਵਰਗੀਆਂ ਜਿਹੜੀਆਂ ਤਬਦੀਲੀਆਂ ਅਰਥਚਾਰੇ ਤੇ ਸਮਾਜੀ ਖੇਤਰਾਂ ਵਿਚ ਆਈਆਂ ਉਹਨਾਂ ਨੇ ਵੀ ਵੱਖਰੀ ਤਰ੍ਹਾਂ ਦੇ ਕਈ ਫਰਕ ਪਾਏ। ਦਲਿਤ ਕਾਰਕੁਨਾਂ ਦਾ ਕਹਿਣਾ ਹੈ ਉਹਨਾਂ ਦੇ ਸੰਗਠਿਤ ਰਾਜਨੀਤਕ ਤੇ ਸਭਿਆਚਾਰਕ ਹੰਭਲੇ ਨੇ ਅਤੇ ਪੱਟੀਦਰਜ ਜਾਤੀਆਂ ਦੇ ਮਸੀਹਾਂ ਵਜੋਂ ਅੰਬੇਡਕਰ ਦੇ ਵਧਦੇ ਪ੍ਰਭਾਵ ਨੇ ਵੀ ਜਿਹੜਾ ਅਸਰ ਪਾਇਆ ਉਹ ਘੱਟ ਵਰਨਣਯੋਗ ਨਹੀਂ। ਦਲਿਤ ਜੀਵਨ ਦਾ ਕੋਈ ਪੱਖ ਅਣਛੋਹਿਆ ਨਹੀਂ ਰਿਹਾ।

ਹੁਣ ਸਥਿਤੀ ਇਹ ਹੈ ਕਿ ਪੰਜਾਬ ਵਿਚ, ਅਤੇ ਸ਼ਹਿਰੀ ਖੇਤਰਾਂ ਵਿਚ ਵਧੇਰੇ ਨਿਸਚਿਤ ਤੌਰ 'ਤੇ, ਛੂਤਛਾਤ ਵਿਚ ਯਕੀਨ ਅਸਲੀ ਤੌਰ 'ਤੇ ਖਤਮ ਹੋ ਗਿਆ ਹੈ। ਸਰਕਾਰਾਂ ਵਲੋਂ ਕਰਵਾਏ ਗਏ ਬਹੁਤ ਸਾਰੇ ਅਧਿਐਨਾਂ ਨੇ ਅਤੇ ਲੇਖਕ ਵਲੋਂ ਵੱਖ ਵੱਖ ਪੱਧਰਾਂ ਉੱਤੇ ਇਸ ਸੰਬੰਧ ਵਿਚ ਕੀਤੀ ਪੁੱਛਗਿਛ ਤੇ ਨਿਰੀਖਣਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਛੂਤ-ਛਾਤ ਤੇ ਇਸ ਤੋਂ ਸ਼ੁੱਧੀ ਦੀਆਂ ਰਸਮਾਂ ਦੀ ਹੁਣ ਕੋਈ ਮਹੱਤਤਾ ਨਹੀਂ ਰਹੀ। ਪਿਛਲੇ ਦੋ ਦਹਾਕਿਆਂ ਤੋਂ ਅਜਿਹੀ ਕੋਈ ਮਿਸਾਲ ਘੱਟ ਹੀ ਸੁਨਣ ਵਿਚ ਆਈ ਹੈ ਕਿ ਉੱਤਲੀ ਜਾਤੀ ਦਾ ਕੋਈ ਵਿਅਕਤੀ ਕਿਸੇ ਅਛੂਤ ਨਾਲ ਲੱਗ ਕੇ ਕਥਿਤ ਤੌਰ 'ਤੇ ਭਿੱਟੇ ਜਾਣ ਪਿਛੋਂ ਸ਼ੁੱਧ ਹੋਣ ਲਈ ਅਸ਼ਨਾਨ ਕਰਨ ਤੁਰ ਪਿਆ ਹੋਵੇ। ਵੱਖਰੇ ਭਾਂਡਿਆਂ ਤੇ ਪਿਆਲਿਆਂ ਦੀ ਵੀ ਕੋਈ ਮਿਸਾਲ ਅਮਲੀ ਤੌਰ 'ਤੇ ਸਾਹਮਣੇ ਨਹੀਂ ਆਉਂਦੀ। ਹੁਣ ਦਲਿਤਾਂ ਨੂੰ ਬਚਿਆ ਖੁਚਿਆ ਜਾਂ ਜੂਠਾ ਭੋਜਨ ਪੇਸ਼ ਕਰਨ ਦੀ ਜੁਅਰਤ ਵੀ ਕੋਈ ਨਹੀਂ ਕਰਦਾ। ਜਿਨਾਂ ਦਲਿਤਾਂ ਨੇ ਪੁੱਛਗਿਛ ਦਾ ਉੱਤਰ ਜਾਂ ਹੁੰਗਾਰਾ ਦਿੱਤਾ ਉਹਨਾਂ ਵੀ ਸਮੇਂ ਨਾਲ ਆਈ ਤਬਦੀਲੀ ਨੂੰ ਅਕਸਰ ਸਲਾਹਿਆ ਤੇ ਕਿਹਾ, "ਪਹਿਲਾਂ ਵਰਗੇ-ਨਿਖੇੜੇ ਤੇ ਭੇਦ ਭਾਵ ਦਾ ਘੇਰਾ ਹੁਣ ਬਹੁਤ ਘੱਟ ਗਿਆ ਹੈ। " ਹਿੰਦੂ ਮੰਦਰਾਂ ਜਾਂ ਕੁਝ ਮਾਮਲਿਆਂ ਵਿਚ ਸਿੱਖ ਗੁਰਦਵਾਰਿਆਂ ਤੇ ਡੇਰਿਆਂ ਨੂੰ ਛੱਡ ਕੇ, ਧਾਰਮਕ ਅਸਥਾਨਾਂ ਵਿਚ ਵੀ ਦਲਿਤਾਂ ਦੇ ਦਾਖਲੇ ਉੱਤੇ ਕੋਈ ਰੋਕ ਨਜ਼ਰ ਨਹੀਂ ਆਉਂਦੀ। ਇਸਦੇ ਉੱਲਟ ਬਹੁਤ ਸਾਰਿਆਂ ਨੇ ਦੱਸਿਆ ਕਿ ਸਿੱਖ ਪਾਠੀਆਂ ਤੇ ਕੀਰਤਨੀ ਜੱਥਿਆਂ ਵਿਚ ਅਤੇ ਇਥੋਂ ਤੱਕ ਕਿ ਗੁਰਦਵਾਰਿਆਂ ਦੇ ਲੰਗਰਾਂ ਵਿਚ ਵੀ ਹੁਣ ਪੱਟੀਦਰਜ ਜਾਤੀਆਂ ਦੇ ਬਹੁਤ ਸਾਰੇ ਲੋਕ ਸ਼ਾਮਲ ਹਨ। "ਮਜ਼੍ਹਬੀ ਸਿੱਖਾਂ ਦਾ ਲਾਂਗਰੀ ਲੱਗਣਾ ਆਮ ਜਿਹੀ ਗੱਲ ਹੈ।"

ਪੱਟੀਦਰਜ ਜਾਤੀਆਂ ਦੇ ਬਹੁਤ ਸਾਰੇ ਲੋਕਾਂ ਵਲੋਂ ਇਸ ਗੱਲ ਦੀ ਚੇਤੰਨ ਕੋਸ਼ਿਸ਼ ਕੀਤੀ ਗਈ ਹੈ ਕਿ ਉਹ ਅਜਿਹੇ ਰਵਾਇਤੀ ਕਿੱਤਿਆਂ ਤੋਂ ਪਾਸਾ ਵੱਟ ਲੈਣ, ਜਿਹੜੇ ਕਥਿਤ ਤੌਰ 'ਤੇ ਕਲੰਕਤ ਹਨ। ਪੰਜਾਬ ਦੇ ਤਿੰਨ ਖਿੱਤਿਆਂ ਵਿਚ ਪੈਂਦੇ 51 ਪਿੰਡਾਂ ਵਿਚ ਜਿਹੜਾ ਅਧਿਐਨ ਹੁਣੇ ਜਿਹੇ (2002) ਸੁਰਿੰਦਰ ਐੱਸ. ਜੋਧਕਾ ਨੇ ਕੀਤਾ, ਉਸ ਅਨੁਸਾਰ 20 ਫ਼ੀ ਸਦੀ ਪੱਟੀਦਰਜ ਲੋਕ ਹੀ ਰਵਾਇਤੀ ਕਿੱਤਿਆਂ ਨਾਲ ਜੁੜੇ ਰਹਿ ਗਏ ਸਨ। ਇਸ ਵਰਤਾਰੇ ਨੂੰ "ਅਸਬੰਧਨ, ਫਾਸਲਾ ਅਤੇ ਖੁਦਮੁਖਤਿਆਰੀ" ਦਾ ਨਾਂਅ ਦਿੱਤਾ ਗਿਆ ਹੈ। 34 ਪੱਟੀਦਰਜ ਜਾਤੀਆਂ ਵਿਚੋਂ ਕੇਵਲ 15 % ਹੀ ਖੇਤ ਮਜ਼ਦੂਰਾਂ ਵਜੋਂ ਕੰਮ ਕਰਦੇ ਹਨ। ਜ਼ਿਲ੍ਹਾ ਅੰਮ੍ਰਿਤਸਰ ਖੇਤ ਮਜ਼ਦੂਰ ਸਭਾ ਦੇ ਸਕੱਤਰ ਜਿਹੜੇ ਆਪ ਵੀ ਮਜ਼੍ਹਬੀ ਹਨ ਨੂੰ ਯਕੀਨ ਹੈ ਕਿ 'ਕੋਈ ਦਲਿਤ ਅਜਿਹੇ ਜ਼ਿਮੀਦਾਰ ਨਾਲ ਕੰਮ ਕਰਨਾ ਨਹੀਂ ਮੰਨਦਾ ਜਿਹੜਾ ਚੰਗਾ ਸਲੂਕ ਨਾ ਕਰਦਾ ਹੋਵੇ। ਬਹੁਤੇ ਦਲਿਤਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਹਨਾਂ ਵਿਚੋਂ ਕਾਫ਼ੀ ਗਿਣਤੀ ਵਿਚ ਲੋਕਾਂ ਨੇ ਸਵਰਨਕਾਰੀ, ਦੁਕਾਨਕਾਰੀ, ਰਾਜਗੀਰੀ, ਤਰਖਾਣ, ਰੇਹੜੀ ਆਦਿ ਜਿਹੇ ਕਿੱਤੇ ਅਪਣਾ ਲਏ ਹਨ। ਅੰਮ੍ਰਿਤਸਰ ਜ਼ਿਲ੍ਹੇ ਵਿਚ ਚੋਖੀ ਗਿਣਤੀ ਵਿਚ ਦਲਿਤਾਂ ਨੇ ਡੇਅਰੀ ਫਾਰਮਿੰਗ ਜਾਂ ਦੁੱਧ ਵੇਚਣ ਦਾ ਧੰਦਾ ਅਪਣਾ ਲਿਆ ਹੈ। ਉੱਤਲੀ ਸ਼੍ਰੇਣੀ ਦੇ ਘਰਾਂ ਵਿਚ ਦਲਿਤ ਔਰਤਾਂ ਵਲੋਂ ਰਸੋਈ ਸਮੇਤ ਘਰੇਲੂ ਕੰਮਾਂ ਕਾਰਾਂ ਵਿਚ ਸਹਾਇਤਾ ਵੀ ਪਿੰਡਾਂ ਵਿਚ ਆਮ ਗੱਲ ਹੋ ਗਈ ਹੈ। ਨਿੱਜੀ ਸਫ਼ਾਈ ਤੇ ਸਾਫ਼ ਸੁਥਰੀ ਜ਼ਿੰਦਗੀ ਲਈ ਜਿਹੜੀ ਗਿਣੀ ਮਿਥੀ ਕੋਸ਼ਿਸ਼ ਹੋ ਰਹੀ ਹੈ, ਉਸਨੂੰ ਵੀ ਸਲਾਹਿਆ ਜਾ ਰਿਹਾ ਹੈ। ਜਿਸ

ਤਰ੍ਹਾਂ ਲੇਖਕ ਨੇ "ਉੱਤਲੀਆਂ ਜਾਤਾਂ" ਦੇ ਵਿਆਹ ਸ਼ਾਦੀਆਂ ਸਮੇਂ ਦੇਖਿਆ, ਇਸ ਗੱਲ ਦੀ ਪਰਵਾਹ ਕਿਸੇ ਨੂੰ ਘੱਟ ਹੀ ਸੀ ਕਿ ਖਾਣਾ ਵਰਤਾਉਣ ਤੇ (ਕਈ ਹਾਲਤਾਂ ਵਿਚ ਖਾਣਾ ਬਨਾਉਣ ) ਵਾਲੇ ਪੱਟੀਦਰਜ ਜਾਤੀਆਂ ਵਿਚੋਂ ਸਨ। ਅੰਮ੍ਰਿਤਸਰ ਵਿਚ ਬੈਂਡ ਵਾਜੇ ਵਾਲੇ ਤਕਰੀਬਨ ਸਾਰੇ ਹੀ ਮੈਂਬਰ ਵਾਲਮੀਕੀਆਂ ਜਾਂ ਕਥਿਤ ਤੌਰ 'ਤੇ ਨੀਵੀਆਂ ਜਾਤੀਆਂ ਵਿਚੋਂ ਹੁੰਦੇ ਹਨ। ਪਦਾਰਥਕ ਆਧਾਰ 'ਤੇ ਜਾਤੀ ਵਿਚਾਲੇ ਕੜੀ ਦੇ ਟੁੱਟਣ ਦਾ ਇਹ ਇਕ ਹੋਰ ਪਰਮਾਣ ਹੈ। ਵਰਤਮਾਨ ਅੰਦਾਜ਼ਿਆਂ ਅਨੁਸਾਰ ਪੰਜਾਬ ਵਿਚ 2 ਲੱਖ ਦਲਿਤ ਸਰਕਾਰੀ ਮਹਿਕਮਿਆਂ ਅਤੇ ਬੈਂਕਾਂ, ਐਲ. ਆਈ. ਸੀ., ਐਫ. ਸੀ. ਆਈ. ਮਿਊਂਸਪਲ ਬਾਡੀਆਂ ਜਿਹੇ ਪਬਲਿਕ ਖੇਤਰ ਅਦਾਰਿਆਂ ਵਿਚ ਮੁਲਾਜ਼ਮਤ ਕਰ ਰਹੇ ਹਨ। ਇਹਨਾਂ ਵਿਚ ਆਈ. ਏ. ਐਸ. , ਆਈ. ਪੀ. ਐਸ.ਤੇ ਪੀ. ਸੀ. ਐਸ. ਅਫ਼ਸਰ, ਡਾਕਟਰ ਇੰਜੀਨੀਅਰ ਆਦਿ ਵੀ ਸ਼ਾਮਲ ਹਨ। ਬਹੁਤ ਸਾਰੇ ਹੋਰ ਦਲਿਤ ਕਾਰੋਬਾਰ ਤੇ ਵਪਾਰ ਵਿਚ ਹਿੱਸਾ ਲੈ ਰਹੇ ਹਨ। ਜਲੰਧਰ ਦੀ ਇਕੱਲੀ ਬੂਟਾ ਮੰਡੀ ਵਿਚ ਹੀ ਪੱਟੀਦਰਜ ਜਾਤੀਆਂ ਨਾਲ ਸਬੰਧਤ 100 ਤੋਂ ਵੱਧ ਵਿਅਕਤੀ ਕਰੋੜਪਤੀ, ਸਨਅਤਕਾਰ ਤੇ ਵਪਾਰੀ ਗਿਣੇ ਜਾ ਸਕਦੇ ਹਨ। ਇਸ ਜਾਤੀ ਦੇ ਪਦਾਰਥਕ ਆਧਾਰ ਦੇ ਟੁੱਟਣ ਨਾਲ ਜਾਤੀ ਉਲੇਖ ਜਾਂ ਅਹਿਸਾਸ ਰਸਮੀ ਜਿਹਾ ਹੀ ਹੋ ਕੇ ਰਹਿ ਜਾਂਦਾ ਹੈ ਜਾਂ ਇੰਝ ਕਹਿ ਲਵੋ ਕਿ ਨਾਗਰਿਕ ਸਭਾਵਾਂ ਦੀ ਮੈਂਬਰਸ਼ਿਪ ਜਿਹਾ ਸੰਕੇਤਕ ਰੂਪ ਧਾਰਨ ਕਰ ਲੈਂਦਾ ਹੈ। ਲੇਖਕ ਨੂੰ ਅਜਿਹੇ ਬਹੁਤ ਸਾਰੇ ਲੋਕਾਂ ਨਾਲ ਮਿਲਣ ਦਾ ਮੌਕਾ ਮਿਲਿਆ ਜਿਹਨਾਂ ਨੂੰ ਆਪਣੀ ਜਾਣ ਪਛਾਣ ਆਦਿ ਧਰਮੀ, ਰਵੀਦਾਸੀਆ, ਕਬੀਰਪੰਥੀ ਜਾਂ ਮਜ਼੍ਹਬੀ ਵਜੋਂ ਕਰਾਉਣ ਵਿਚ ਕੋਈ ਝਿਜਕ ਨਹੀਂ ਸੀ। ਇਹ ਗੱਲ ਪਿੰਡਾਂ ਬਾਰੇ ਵੀ ਆਖੀ ਜਾ ਸਕਦੀ ਹੈ। ਇਹ ਤੱਥ ਕਿ ਪੱਟੀਦਰਜ ਜਾਤੀਆਂ ਨਾਲ ਸੰਬੰਧਤ 90 % ਲੋਕਾਂ ਦੇ ਪੱਕੀਆਂ ਇੱਟਾਂ ਦੇ ਘਰ ਹਨ, ਪੁਰਾਣੇ ਲੋਕਾਂ ਲਈ ਛੋਟੀ ਗੱਲ ਨਹੀਂ , "ਹੁਣ ਤਾਂ ਕੱਚਾ ਕੋਠਾ ਘੱਟ ਹੀ ਲੱਭਦਾ ਹੈ।" ਹੁਣ ਅੱਧੇ ਦਲਿਤ ਪਰਿਵਾਰਾਂ ਦੇ ਘਰ ਕੱਚੇ ਹਨ ਅਤੇ ਵਿਚ ਮਜ਼ਬੀਆਂ ਦੇ ਪੱਕੇ ਹਨ।" ਸ਼ਹਿਰੀ ਇਲਾਕਿਆਂ ਵਿਚ ਤਕੜੀ ਗਿਣਤੀ ਵਿਚ ਦਲਿਤ ਵਧੀਆ ਕਾਲੋਨੀਆਂ ਵਿਚ ਜਾ ਵਸੇ ਹਨ। ਤਾਂ ਵੀ ਇੱਕੋ ਜਾਤੀ ਦੇ ਬਹੁਗਿਣਤੀ ਲੋਕ ਪਿੰਡਾਂ ਤੇ ਸ਼ਹਿਰਾਂ ਵਿਚ ਵੱਖਰੀਆਂ ਕਾਲੋਨੀਆਂ ਜਾਂ ਮੁਹੱਲਿਆਂ ਵਿਚ ਜੁੜਕੇ ਰਹਿੰਦੇ ਹਨ। ਇਸਦੇ ਕਾਰਨਾਂ ਬਾਰੇ ਹੋਈ ਗੱਲਬਾਤ ਵਿਚ ਇਹ ਗੱਲ ਸਾਹਮਣੇ ਆਈ ਕਿ ਇਸਦਾ ਸੰਬੰਧ ਮਾਨਸਿਕ ਸੰਤੁਸ਼ਟੀ ਜਾਂ ਸਮਾਜੀ ਸੁਰੱਖਿਆ ਦੀਆਂ ਲੋੜਾਂ ਨਾਲ ਹੈ।

"ਪੜ੍ਹਾਈ ਕਰਕੇ ਹੀ ਜਾਤ ਬਰਾਦਰੀ ਦੇ ਪਛੜੇਵੇਂ ਉੱਤੇ ਕਾਬੂ ਪਾਇਆ ਜਾ ਸਕਦਾ।" ਇਹ ਹੈ ਦਲਿਤ ਆਕਾਂਖਿਆਵਾਂ ਦਾ ਇਕ ਹੋਰ ਉਘੜਵਾਂ ਪੱਖ। ਉਹ ਆਪਣੀ ਔਲਾਦ ਨੂੰ ਅਕਸਰ ਆਖਦੇ ਹਨ, "ਪੁੱਤਰ ਦੱਬ ਕੇ ਪੜ੍ਹ ਲੈ, ਦਲਿਦਰ ਚੁੱਕ ਹੋ ਜੂ। ਜੱਟਾਂ ਦੀ ਗ਼ੁਲਾਮੀ ਨਾ ਕਰਨੀ ਪਊ।" ਇਸ ਮੰਤਵ ਲਈ ਕੁਰਬਾਨੀ ਕਰਨਾ ਤੇ ਮਿਹਨਤ ਕਰਨਾ, ਬੱਚਿਆਂ ਤੇ ਮਾਪਿਆਂ, ਦੋਹਾਂ ਲਈ ਮਾਣਯੋਗ ਉੱਦਮ ਦਾ ਦਰਜਾ ਅਖਤਿਆਰ ਕਰ ਗਿਆ ਹੈ। 1961 ਵਿਚ ਇਸਤਰੀ ਸਾਖਰਤਾ ਕੇਵਲ 2 % ਸੀ ਪਰ 1991 ਵਿਚ ਇਹ ਵੱਧ ਕੇ 31 % ਹੋ ਗਈ ਸੀ। ਜ਼ਿਲ੍ਹਾ ਹੁਸ਼ਿਆਰਪੁਰ ਵਿਚ ਇਹ 51.8 % ਸੀ।

60 ਵਿਆਂ ਦੇ ਅੱਧ ਤੋਂ ਪੱਟੀਦਰਜ ਜਾਤੀਆਂ ਦੇ ਲੋਕਾਂ ਦਾ ਬਾਹਰਲੇ ਦੇਸ਼ਾਂ ਨੂੰ ਪਰਵਾਸ, ਖਾਸ ਤੌਰ ਤੇ ਦੁਆਬੇ ਦੇ ਜਲੰਧਰ, ਹੁਸ਼ਿਆਰਪੁਰ ਤੇ ਨਵਾਂ ਸ਼ਹਿਰ ਜ਼ਿਲ੍ਹਿਆਂ ਤੋਂ, ਇਹਨਾਂ ਤੇ ਇਹਨਾਂ ਦੇ ਰਿਸ਼ਤੇਦਾਰਾਂ ਵੱਲੋਂ ਬਦੇਸ਼ਾਂ ਤੋਂ ਆਈਆਂ ਰਕਮਾਂ ਨੇ ਇਹਨਾਂ ਦੇ ਪਰਵਾਰਾਂ ਦੀਆਂ ਜ਼ਿੰਦਗੀਆਂ ਤੇ ਆਕਾਂਖਿਆਵਾਂ ਵਿਚ ਪ੍ਰਤੱਖ ਤਬਦੀਲੀ ਲਿਆਂਦੀ। ਇਹ ਖਿਆਲ ਕੀਤਾ ਜਾਂਦਾ ਹੈ ਕਿ ਹੁਸ਼ਿਆਰਪੁਰ-ਨਵਾਂ ਸ਼ਹਿਰ, ਨਕੋਦਰ-ਜਲੰਧਰ ਪੱਟੀ ਵਿਚ ਹਰ ਚੌਥੇ ਆਦਿ-ਧਰਮੀ ਪਰਿਵਾਰ ਦਾ ਘੱਟੋ ਘੱਟ ਇੱਕ ਜੀਅ ਕਿਸੇ ਬਾਹਰਲੇ ਦੇਸ ਗਿਆ ਹੋਇਆ ਹੈ। ਵੱਡੇ ਵੱਡੇ ਘਰਾਂ ਦੀ ਉਸਾਰੀ ਆਪਣੀ ਸਫ਼ਲਤਾ ਦਰਸਾਉਣ ਦਾ ਇਕ ਢੰਗ ਸੀ। ਕਾਰਾਂ, ਟੈਲੀਵਿਯਨ, ਫਰਿਜ਼, ਮੋਟਰ ਸਾਈਕਲ ਗਹਿਣੇ ਤੇ ਵਧੀਆ ਕਿਸਮ ਦੇ ਕਪੜੇ ਤੇ ਬੂਟ ਵੀ ਸਫ਼ਲਤਾ ਪ੍ਰਗਟਾਉਣ ਦਾ ਸਾਧਨ ਸਨ। 2003 ਵਿਚ ਵੈਨਕੂਵਰ ਵਿਚ ਹੋਈ ਪਹਿਲੀ ਅੰਤਰ-ਰਾਸ਼ਟਰੀ ਦਲਿਤ ਕਾਨਫਰੰਸ ਵਿਚ ਪਹਿਲੇ ਪੰਜਾਬੀ ਕਰੋੜਪਤੀ ਦਲਿਤ ਦਾ



ਸਨਮਾਨ, ਇਕ ਦਲਿਤ ਐਨ. ਆਰ.ਆਈ. ਵਲੋਂ ਜਲੰਧਰ ਦੇ ਨੇੜੇ ਸੱਚਖੰਡ ਬੱਲਾਂ ਦੇ ਸੰਤ ਸਰਵਨ ਦਾਸ ਡੇਰੇ ਨੂੰ ਅੱਖਾਂ ਦੇ ਹਸਪਤਾਲ ਦੀ ਉਸਾਰੀ ਲਈ ਇਕ ਕਰੋੜ ਰੁਪਏ ਦਾ ਦਾਨ, ਇਕੱਲੇ ਯੂ. ਕੇ. ਵਿਚ 21 ਰਵੀਦਾਸ ਮੰਦਰਾਂ ਦੀ ਉਸਾਰੀ ਜਾਂ ਆਪਣੇ ਮੰਦਰਾਂ ਦੇ ਗੁੰਬਦਾਂ ਉੱਤੇ ਸੋਨਾ ਮੜ੍ਹਨ ਜਿਹੇ ਮਾਮਲੇ ਵੀ ਇਸ ਕਮਿਊਨਿਟੀ ਦੇ ਉੱਪਰ ਉੱਠਣ ਦੇ ਚਿੰਨ੍ਹ ਵਜੋਂ ਸਾਹਮਣੇ ਆਏ।

"ਸਾਡੇ ਵੀ ਦਿਨ ਬਦਲ ਰਹੇ ਹਨ" ਜਿਹੇ ਜਿਹੜੇ ਪ੍ਰਗਟਾਵੇ ਨਿੱਜੀ ਰੂਪ ਵਿਚ ਵੀ ਤੇ ਸਰਵਜਨਕ ਰੂਪ ਵਿਚ ਵੀ ਕੀਤੇ ਜਾਂਦੇ ਹਨ, ਉਹਨਾਂ ਵਿਚ ਅਜਿਹੇ ਵਿਸ਼ਵਾਸ ਤੇ ਆਸ਼ਾਵਾਦ ਦੀ ਝਲਕ ਹੁੰਦੀ ਹੈ ਕਿ ਅਸੀਂ ਵੀ ਆਪਣੇ ਪੈਰਾਂ ਉੱਤੇ ਖੜ੍ਹੇ ਹੋ ਰਹੇ ਹਾਂ। ਵਾਸਤਵ ਵਿਚ ਉਹਨਾਂ ਦੀ ਇਹ ਸਮਾਜੀ ਗਤੀਸ਼ੀਲਤਾ ਇਸ ਹਕੀਕਤ ਦੇ ਮੁਕਾਬਲੇ ਉੱਤੇ ਹੋਰ ਵੀ ਉੱਘੜਵੀਂ ਲਗਦੀ ਹੈ ਕਿ ਉਹਨਾਂ ਉੱਤੇ ਸਮਾਜੀ ਦਬਾ ਰੱਖਣ ਵਾਲੇ ਜੱਟ ਜ਼ਿੰਮੀਦਾਰਾਂ ਦੇ ਵੱਡੇ ਹਿੱਸੇ ਦੀ ਹਾਲਤ ਪਤਲੀ ਹੋ ਰਹੀ ਹੈ ਕਿਉਂਕਿ ਉਹਨਾਂ ਦੀਆਂ ਮਾਲਕੀਆਂ ਛੋਟੀਆਂ ਹੁੰਦੀਆਂ ਜਾਂਦੀਆਂ ਹਨ ਜਿਸ ਕਰਕੇ ਉਹਨਾਂ ਵਿਚੋਂ ਬਹੁਤੇ ਕਰਜ਼ੇ ਦੇ ਭਾਰ ਹੇਠ ਦੱਬੇ ਹੋਏ ਹਨ ਅਤੇ ਕੁਝ ਇਕ ਤਾਂ ਆਤਮਘਾਤ ਕਰਨ ਉੱਤੇ ਮਜਬੂਰ ਹੋ ਰਹੇ ਹਨ। ਪੱਟੀ ਦਰਜ ਜਾਤੀਆਂ ਦੀ ਹਾਲਤ ਵਿਚ ਆ ਰਹੀ ਇਸ ਬਿਹਤਰੀ ਨੂੰ ਆਪਣੇ ਢੰਗ ਨਾਲ ਰੇਖਾ-ਅੰਕਿਤ ਕਰਦਿਆਂ ਇਕ ਨੀਝਵਾਨ ਰੀਟਾਇਰਡ ਅਧਿਕਾਰੀ ਨੇ ਲੇਖਕ ਨੂੰ ਦੱਸਿਆ ਕਿ ਕਰਤਾਰਪੁਰ, ਅਲਾਵਲਪੁਰ, ਭੋਗਪੁਰ, ਆਦਮਪੁਰ, ਮੁਕੇਰੀਆਂ ਤੇ ਸਰੋਇਆ ਬਲਾਕਾਂ ਵਿਚ ਤਾਂ "ਜੱਟ ਹੁਣ ਨੁੱਕਰੇ ਲੱਗੇ ਹੋਏ ਨੇ।" ਲੇਖਕ ਨੇ ਦੇਖਿਆ ਹੈ ਕਿ ਪੱਟੀਦਰਜ ਜਾਤਾਂ ਦੇ ਸਾਰੇ ਹੀ ਵਰਗਾਂ ਨੂੰ ਇਹ ਡੂੰਘਾ ਅਹਿਸਾਸ ਹੈ ਕਿ ਉਹ ਵੀ ਹੁਣ ਰਾਜਨੀਤਕ ਮਹੱਤਤਾ ਰੱਖਦੇ ਹਨ। ਉਹ ਇਹ ਵੀ ਜਾਣਦੇ ਹਨ ਕਿ ਉਹਨਾਂ ਦੀ ਵੋਟਿੰਗ ਸ਼ਕਤੀ ਦਾ ਅਤੇ ਰਾਖਵੀਆਂ ਸੀਟਾਂ ਦਾ ਕਿੰਨਾ ਮੁੱਲ ਹੈ। ਉਹਨਾਂ ਨੂੰ ਪਤਾ ਹੈ ਕਿ ਕਿਸ ਤਰ੍ਹਾਂ ਚੋਣਾਂ ਵੇਲੇ ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਉਹਨਾਂ ਨੂੰ ਰਿਝਾਉਣ ਦੀ ਕੋਸ਼ਿਸ਼ ਕਰਦੀਆਂ ਹਨ। ਉਹਨਾਂ ਨੂੰ ਇਹ ਵੀ ਪਤਾ ਹੈ ਕਿ ਕੋਈ ਵੀ ਹੋਸ਼ਮੰਦ ਰਾਜਨੀਤਕ ਆਗੂ ਅਜਿਹੀ ਟਿੱਪਣੀ ਜਾਂ ਤਬੱਸਰਾ ਕਰਨ ਦਾ ਹੌਸਲਾ ਨਹੀਂ ਕਰ ਸਕਦਾ ਜਿਹੜਾ ਪੱਟੀਦਰਜ ਜਾਤੀਆਂ ਨੂੰ ਬੁਰਾ ਲੱਗੇ। ਇੰਝ ਹੀ ਜਿਸ ਤਰ੍ਹਾਂ ਆਂਦਰੇ ਬੈਤੀਲ ਨੇ ਪੱਟੀਦਰਜ ਜਾਤੀਆਂ ਬਾਰੇ ਕਿਹਾ ਹੈ, "ਭਾਰਤੀ ਸਮਾਜ ਵਿਚ ਉਹਨਾਂ ਦੀ ਮੌਜੂਦਗੀ ਨੂੰ ਹੁਣ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਦਲਿਤਾਂ ਦੀ ਸਥਿਤੀ ਵਿਚਲੇ ਪਰਿਵਰਤਨ ਦਾ ਸਭ ਤੋਂ ਉੱਘੜਵਾਂ ਸਬੂਤ ਇਹ ਹੈ ਕਿ ਸਮਾਜੀ ਤੇ ਰਾਜਨੀਤਿਕ ਖੇਤਰਾਂ ਵਿਚ ਉਹਨਾਂ ਦੀ ਹੋਂਦ ਦੀ ਪ੍ਰਤੱਖਤਾ ਵਧੀ ਹੈ। " ਵਾਸਤਵ ਵਿਚ ਸਰਵਜਨਕ ਮੈਦਾਨ ਵਿਚ ਆਪਣੀ ਹੋਂਦ ਨੂੰ ਦਰਸਾਉਣ ਦੀ ਤਾਂਘ ਦੇ ਹਿੱਸੇ ਵਜੋਂ ਉਹ ਵੱਖ ਵੱਖ ਚੋਣਾਂ ਵਿਚ ਆਪਣੀਆਂ ਵੋਟਾਂ ਦੀ ਮਹੱਤਤਾ ਦਾ ਪੂਰਾ ਵਿਖਾਵਾ ਕਰਦੇ ਹਨ, ਰਾਜਨੀਤਿਕ ਰੋਸ ਮੁਜ਼ਾਹਰਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਅੰਬੇਡਕਰ, ਰਵੀਦਾਸ, ਵਾਲਮੀਕ ਤੇ ਕਬੀਰ ਦੇ ਜਨਮ ਦਿਵਸਾਂ ਉੱਤੇ ਵੱਡੇ ਵੱਡੇ ਇਕੱਠ ਕਰਦੇ ਅਤੇ ਜਲੂਸ ਜਥੇਬੰਦ ਕਰਦੇ ਹਨ, ਅੰਬੇਡਕਰ ਦੇ ਬੁੱਤ ਸਥਾਪਤ ਕਰ ਰਹੇ ਹਨ, ਬਸਤੀਆਂ ਸੜਕਾਂ, ਯੂਨੀਵਰਸਿਟੀ ਕਾਲਜਾਂ ਆਦਿ ਦੇ ਨਾਂਅ ਆਪਣੀਆਂ ਆਦਰਸ਼ਕ ਸ਼ਖਸੀਅਤਾਂ ਦੇ ਨਾਵਾਂ ਉੱਤੇ ਰੱਖਣ ਲਈ ਸੰਘਰਸ਼ ਕਰਦੇ ਹਨ ਅਤੇ ਇਹ ਸਾਰੀਆਂ ਗੱਲਾਂ ਉਹਨਾਂ ਦੀਆਂ ਆਕਾਂਖਿਆਵਾਂ ਦਾ ਇਕ ਉੱਘੜਵਾਂ ਪੱਖ ਬਣ ਗਈਆਂ ਹਨ। ਜਿਸ ਤਰ੍ਹਾਂ ਕੁਝ ਇਕ ਸਮਾਜ ਵਿਗਿਆਨੀਆਂ ਨੇ ਨੋਟ ਕੀਤਾ ਹੈ, ਹਿੰਦ ਵਿਚ ਜਮਹੂਰੀਅਤ ਦੀ ਇਕ ਮਹੱਤਵਪੂਰਨ ਪ੍ਰਾਪਤੀ ਇਹ ਹੈ ਕਿ ਸਮਾਜ ਦੇ ਜਿਹੜੇ ਵਰਗ ਬਾਹਰ ਧੱਕੇ ਹੋਏ ਸਨ ਤੇ ਹਾਸ਼ੀਏ ਉੱਤੇ ਰਹਿ ਰਹੇ ਹਨ, ਉਹ ਇਸਦਾ ਫਾਇਦਾ ਉਠਾਉਣ ਦੀ ਤੀਬਰ ਇੱਛਾ ਰੱਖਦੇ ਹਨ ਤਾਂ ਜੋ ਉਹ ਆਪਣੀ ਗੁਆਚੀ ਆਵਾਜ਼ ਮੁੜ ਤੋਂ ਹਾਸਲ ਕਰ ਸਕਣ, ਆਪਣੇ ਲਈ ਕੋਈ ਥਾਂ ਬਣਾ ਸਕਣ, ਕੋਈ ਹੈਸੀਅਤ ਕਾਇਮ ਕਰ ਸਕਣ, ਪ੍ਰਭਾਵੀ ਸੱਤਾ ਲਈ ਕੋਈ ਕਦਮ ਅੱਗੇ ਵਧਾ ਸਕਣ।" ਲੇਖਕ ਨੂੰ ਕਾਂਸ਼ੀ ਰਾਮ ਦੀ "ਦਲਿਤ ਰਾਜ ਕਰਨਗੇ" ਦੀ ਪੇਸ਼ੀਨਗੋਈ ਕਰਦੀ ਨਾਅਰੇਗਤ ਤਕਰੀਰ ਦੀ ਜੋਸ਼ੀਲੀ ਗੂੰਜ ਮੁੜ ਤੋਂ ਸੁਨਣ ਦਾ ਮੌਕਾ ਮਿਲਿਆ ਸੀ, ਜਦੋਂ ਪੱਟੀਦਰਜ ਜਾਤੀਆਂ ਨਾਲ ਸੰਬੰਧਤ ਪੰਜਾਬ ਸਰਕਾਰ ਦੇ ਇਕ ਮੰਤਰੀ ਨੇ

ਜਲੰਧਰ ਦੇ ਇਕ ਖੁੱਲ੍ਹੇ ਜਲਸੇ ਵਿਚ "ਚਮਾਰਾਂ ਦੇ ਰਾਜ" ਦੀ ਗੱਲ ਕੀਤੀ ਸੀ। ਜੇ ਅਜਿਹੀ ਸ਼ੋਰੀਲੀ ਬਿਆਨਬਾਜ਼ੀ ਵੱਲ ਬਹੁਤਾ ਧਿਆਨ ਨਾ ਵੀ ਦਿੱਤਾ ਜਾਏ, ਤਾਂ ਵੀ, ਬਾਬਾ ਸਾਹਿਬ ਅੰਬੇਡਕਰ ਵੱਲੋਂ ਉਲੀਕੇ ਗਏ ਹਿੰਦ ਦੇ ਸੰਵਿਧਾਨ ਨੂੰ ਸ੍ਰੇਸ਼ਠ ਦਲਿਤ ਤਬਕੇ ਵੱਲੋਂ ਇਕ ਅਜਿਹੇ ਹਥਿਆਰ ਵਜੋਂ ਲਿਆ ਜਾ ਰਿਹਾ ਹੈ ਜਿਸਦੀ ਮੱਦਦ ਨਾਲ ਨਵਾਂ ਰਾਜਨੀਤਕ ਨਿਜ਼ਾਮ ਉਸਾਰਿਆ ਜਾ ਸਕਦਾ ਹੈ। ਜਦੋਂ ਵਾਜਪਈ ਦੀ ਅਗਵਾਈ ਹੇਠਲੀ ਐੱਨ. ਡੀ. ਏ. ਸਰਕਾਰ ਨਾਲ ਸਾਲ 2000 ਵਿਚ ਸੰਵਿਧਾਨ ਦੀ ਕਾਰਜ ਪ੍ਰਕਿਰਿਆ ਦੇ ਜਾਇਜ਼ੇ ਲਈ ਇਕ ਕਮਿਸ਼ਨ ਨਿਯੁਕਤ ਕੀਤਾ ਸੀ ਤਾਂ ਜਿੰਨੀ ਨਾਰਾਜ਼ਗੀ ਪੱਟੀਦਰਜ ਜਾਤੀਆਂ ਨੇ ਪ੍ਰਗਟਾਈ ਸੀ, ਓਨੀ ਹੋਰ ਕਿਸੇ ਵਰਗ ਨੇ ਨਹੀਂ ਸੀ ਪ੍ਰਗਵਾਈ। ਪੰਜਾਬ ਵਿਚ ਦਰਜਨਾਂ ਦਲਿਤ ਜਥੇਬੰਦੀਆਂ ਨੇ ਬੀ. ਜੇ. ਪੀ. ਦੇ ਦਲਿਤ ਵਿਰੋਧੀ ਇਰਾਦਿਆਂ ਵਿਰੁੱਧ "ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ" ਦੀ ਰਾਖੀ ਲਈ ਸੈਮੀਨਾਰ ਤੇ ਮੁਜ਼ਾਹਰੇ ਜਥੇਬੰਦ ਕੀਤੇ ਸਨ। ਇਹ ਮਹਿਸੂਸ ਕੀਤ ਜਾ ਰਿਹਾ ਸੀ ਇਹ ਕਮਜ਼ੋਰ ਵਰਗ ਹਨ ਜਿਹਨਾਂ ਦੇ ਹਿਤ ਸੰਵਿਧਾਨਕ ਰਾਜਨੀਤਕ ਪ੍ਰਬੰਧ ਦੇ ਠੀਕ ਤਰ੍ਹਾਂ ਨਾਲ ਕੰਮ ਕਰਦੇ ਰਹਿਣ ਨਾਲ ਡੂੰਘੀ ਤਰ੍ਹਾਂ ਬੱਝੇ ਹੋਏ ਹਨ।

ਇੰਝ ਹੀ ਆਪਣੇ ਹੱਕਾਂ ਤੇ ਇਹਨਾਂ ਹੱਕਾਂ ਦੀ ਰਾਖੀ ਲਈ ਡੱਟਣ ਦੀ ਲੋੜ ਬਾਰੇ ਉਹਨਾਂ ਦੇ ਮਾਨਸਿਕ ਵਤੀਰਿਆਂ ਵਿਚ ਆਈ ਵਰਨਣਯੋਗ ਤਬਦੀਲੀ ਨੂੰ ਪਛਾਣੇ ਬਿਨਾ ਨਹੀਂ ਰਿਹਾ ਜਾ ਸਕਦਾ। ਹੁਣ ਉਹ ਉੱਤਲੀਆਂ ਜਾਤੀਆਂ ਦੇ ਗਲਬੇ ਨੂੰ "ਕਰਮਾਂ ਦਾ ਫਲ" ਜਾਂ ਤਕਦੀਰ ਵਜੋਂ ਪਰਵਾਨ ਨਹੀਂ ਕਰਦੇ ਅਤੇ ਨਾ ਹੀ ਕਿਸੇ ਹੋਰ ਅਜਿਹੀ ਦਲੀਲ ਨੂੰ ਮੰਨਦੇ ਹਨ ਜਿਹੜੀ ਉਹਨਾਂ ਦੇ ਨੀਵੇਂ ਹੋਣ ਨੂੰ ਉਚਿੱਤ ਠਹਿਰਾਉਂਦੀ ਹੋਵੇ। ਜੱਟ-ਜ਼ਿੰਮੀਦਾਰਾਂ ਦੇ ਗਲਬੇ ਨੂੰ, ਜਿਸਨੂੰ ਪਿੰਡਾਂ ਵਿਚ ਅਕਸਰ ਜੱਟਵਾਦ ਕਿਹਾ ਜਾਂਦਾ ਹੈ, ਇਸ ਗੱਲ ਦਾ ਸਿੱਟਾ ਸਮਝਿਆ ਜਾਂਦਾ ਹੈ ਕਿ ਇਹ ਵਰਗ ਸਾਰੀ ਦੀ ਸਾਰੀ ਵਾਹੀਯੋਗ ਜ਼ਮੀਨ ਉੱਤੇ ਕਾਬਜ਼ ਸੀ। "ਸਾਨੂੰ ਹਰ ਪਰਿਵਾਰ ਲਈ ਦੋ ਦੋ ਤਿੰਨ ਤਿੰਨ ਏਕੜ ਵਾਹੀਯੋਗ ਜ਼ਮੀਨ ਦੇ ਦਿਓ, ਅਸੀਂ ਜੱਟਾਂ ਦੀ ਆਕੜ ਭੰਨ ਕੇ ਰੱਖ ਦਿਆਂਗੇ।" ਇਹ ਹੈ ਜਜ਼ਬਾ ਜਿਹੜਾ ਲੇਖਕ ਨੂੰ ਅਕਸਰ ਸੁਨਣ ਨੂੰ ਮਿਲਿਆ। ਇਸ ਤੋਂ ਪਹਿਲਾਂ ਜੱਟਾਂ ਦੀ ਕਿਸੇ ਹੇਠੀ ਭਰੀ ਗੱਲ ਦੇ ਖਿਲਾਫ਼ ਡਟਣ ਦਾ ਅਰਥ ਝਗੜੇ ਫ਼ਸਾਦ ਨੂੰ ਸੱਦਾ ਦੇਣ ਵਾਂਗ ਹੁੰਦਾ ਸੀ। ਇਸ ਲਈ ਭਲਾ ਇਸੇ ਵਿਚ ਸਮਝਿਆ ਜਾਂਦਾ ਸੀ ਕਿ ਗੁੱਸਾ ਜ਼ਾਹਰ ਨਾ ਹੋਣ ਦਿੱਤਾ ਜਾਏ ਤੇ ਝੂਠਮੂਠ ਦੀ ਦੀਨਤਾ ਤੋਂ, ਅਧੀਨਗੀ ਦੇ ਪ੍ਰਗਟਾਵੇ ਤੋਂ ਕੰਮ ਲਿਆ ਜਾਏ। ਹੁਣ ਪੱਟੀਦਰਜ ਜਾਤੀਆਂ ਦੀ ਨੌਜਵਾਨ ਪੀੜ੍ਹੀ ਇਸ ਗੱਲ ਵਿਚ ਕੋਈ ਲੁਕੋ ਨਹੀਂ ਰੱਖਦੀ ਕਿ ਜਾਤ ਨੂੰ ਲੈ ਕੇ ਕੀਤੇ ਅਪਮਾਨ ਦੀ ਹਾਲਤ ਵਿਚ ਇੱਟ ਦਾ ਜਵਾਬ ਪੱਥਰ ਵਿਚ ਹੋਵੇਗਾ, ਹੁਣ ਉਹ ਸਵੈ-ਵਿਸ਼ਵਾਸ਼ ਤੋਂ ਕੰਮ ਲੈਂਦੇ ਹਨ ਅਤੇ ਕੁੱਟਮਾਰ ਤੋਂ ਵੀ ਨਹੀਂ ਝਿਜਕਦੇ। ਜਿਸ ਤਰ੍ਹਾਂ ਇਕ ਨਾਵਲ ਵਿਚ ਇਕ ਪਾਤਰ ਕਹਿੰਦਾ ਹੈ, "ਪੱਟੀਦਰਜ ਜਾਤੀਆਂ ਉਹੀ ਕੁਝ ਕਰਨਗੀਆਂ, ਜੋ ਕੁੱਝ ਜੱਟ ਕਰਦੇ ਰਹੇ ਹਨ।" ਜਾਂ "ਇਕ ਦਿਨ ਇਹਨਾਂ ਨੇ ਜੱਟਾਂ ਨੂੰ ਕੁੱਟਣਾ ਸ਼ੁਰੂ ਕਰ ਦੇਣੈ" ਅਤੇ ਇਹ ਗੱਲ ਨਾਵਲਾਂ ਤੱਕ ਹੀ ਸੀਮਤ ਨਹੀਂ, ਆਮ ਜ਼ਿੰਦਗੀ ਵਿਚ ਵੀ ਅਜਿਹੀਆਂ ਘਟਨਾਵਾਂ ਸੁਨਣ ਨੂੰ ਮਿਲਦੀਆਂ ਹਨ। ਆਪਣੀ ਰਵਾਇਤੀ ਬਰਤਰੀ ਤੇ ਗ਼ਲਬੇ ਵਿਰੁੱਧ ਉੱਠ ਰਹੀ ਇਸ ਵੰਗਾਰ ਪ੍ਰਤੀ ਜੱਟਾਂ ਦੇ ਰੋਸੇ ਦੀ ਭਾਵਨਾ ਸਪਸ਼ਟ ਮਹਿਸੂਸ ਕੀਤੀ ਜਾ ਸਕਦੀ ਹੈ। ਪੱਟੀਦਰਜ ਜਾਤੀਆਂ ਦੀ ਪੁਰਾਣੀ ਪੀੜ੍ਹੀ ਤੇ ਨਵੀਂ ਪੀੜ੍ਹੀ ਵਿਚਲਾ ਫ਼ਰਕ ਦਲਿਤ ਲੇਖਕਾਂ ਵਲੋਂ ਲਿਖੇ ਗਏ ਤਕਰੀਬਨ ਸਾਰੇ ਹੀ ਰਚਨਾਤਮਕ ਸਾਹਿਤ ਵਿਚ ਸਪਸ਼ਟ ਪੜ੍ਹਿਆ ਜਾ ਸਕਦਾ ਹੈ। ਇਹ ਗੱਲ ਆਪਣੇ ਆਪ ਵਿਚ ਦਿਲਚਸਪੀ ਤੋਂ ਖਾਲੀ ਨਹੀਂ ਕਿ ਪਿਛਲੇ ਕੁਝ ਸਮੇਂ ਵਿਚ ਪੰਜਾਬੀ ਬੋਲੀ ਵਿਚ ਦਲਿਤ ਰਚਨਾਤਮਕ ਲੇਖਕਾਂ ਦੀ ਗਿਣਤੀ ਵਿਚ ਚੋਖਾ ਵਾਧਾ ਹੋਇਆ ਹੈ। ਤ੍ਰੈ-ਮਾਸਿਕ ਪੱਤਰ 'ਲਕੀਰ' ਨੇ ਪਿਛੇ ਜਿਹੇ ਕੀਤੇ ਇਕ ਸਰਵੇਖਣ ਵਿਚ ਅਜਿਹੇ 45 ਵਰਨਣਯੋਗ ਲੇਖਕਾਂ ਦੇ ਨਾਂਅ ਗਿਣਾਏ ਸਨ ਜਿਹੜੇ ਪੱਟੀਦਰਜ ਜਾਤੀਆਂ ਨਾਲ ਸੰਬੰਧ ਰੱਖਦੇ ਹਨ।

ਤਾਂ ਵੀ ਪੱਟੀਦਰਜ ਜਾਤੀਆਂ ਦੇ ਸੰਬੰਧ ਵਿਚ ਸਮਾਜੀ ਪਰਿਵਰਤਨ ਤੇ ਸਮਾਜੀ ਜ਼ਿੰਦਗੀ ਦੀ ਮੌਜੂਦਾ ਹਕੀਕਤ ਵੱਖ ਵੱਖ ਖੇਤਰਾਂ ਤੇ ਜਾਤੀ ਵਰਗਾਂ ਲਈ ਬੜੀ ਪੇਚੀਦਾ ਅਤੇ ਵਖਰੇਵੇਂ ਭਰੀ ਹੈ।



ਇਸ ਪਾਸੇ ਸਪੱਸ਼ਟ ਤੌਰ ਤੇ ਪਛਾਣਿਆ ਜਾ ਸਕਣ ਵਾਲਾ ਅਜਿਹਾ ਵਰਗ ਹੈ, ਜਿਹੜਾ ਸ਼ਹਿਰੀਕਰਣ ਦੇ ਘੇਰੇ ਵਿਚ ਆ ਚੁੱਕਾ ਹੈ ਤੇ ਪੜ੍ਹਿਆ ਲਿਖਿਆ ਹੈ, ਇਹ ਵਰਗ ਆਰਥਕ ਤੌਰ 'ਤੇ ਖੁਸ਼ਹਾਲ ਹੈ, ਜਿਸ ਨੂੰ ਪਹਿਲਾਂ "ਦਲਿਤ ਬੁਰਜੁਆਜ਼ੀ" ਦਾ ਨਾਂਅ ਦਿੱਤਾ ਜਾਂਦਾ ਸੀ। ਬਹੁਤੀ ਵਾਰ ਉਹਨਾਂ ਦੀ ਗੁੱਝੀ ਸਮੱਸਿਆ ਇਹ ਹੁੰਦੀ ਹੈ ਕਿ ਕਥਿਤ ਤੌਰ ਤੇ ਉੱਚੀ ਜਾਤੀ ਦੇ ਉਹਨਾਂ ਦੇ ਸਾਥੀ ਉਹਨਾਂ ਦੀ ਨੀਵੀਂ ਜਾਤ ਦਾ ਟੇਢੇ ਢੰਗ ਨਾਲ ਜ਼ਿਕਰ ਕਰਦੇ ਹਨ ਜਾਂ ਮੂੰਹੋਂ ਕੁਝ ਆਖਣ ਦੀ ਬਿਜਾਏ ਸਰੀਰਕ ਇਸ਼ਰਿਆਂ ਰਾਹੀਂ ਉਹਨਾਂ ਪ੍ਰਤੀ ਘਿਰਣਾ ਦਾ ਪ੍ਰਗਟਾਵਾਂ ਕਰਦੇ ਹਨ। ਹਰਿੰਦਰ ਸਿੰਘ ਖਾਲਸਾ ਨੇ ਪੱਟੀਦਰਜ ਜਾਤੀਆਂ ਦੇ ਉੱਪਰ ਉੱਠ ਚੁੱਕੇ ਤੇ ਪੜ੍ਹੇ ਲਿਖੇ ਵਿਅਕਤੀਆਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾਂ ਕਰਦਿਆਂ ਕਿਹਾ ਕਿ ਉੱਤਲੀ ਜਾਤੀ ਦੇ ਲੋਕ ਆਪਣੀ ਦਿਮਾਗ਼ੀ ਛੂਤ-ਛਾਤ ਦਾ ਭਰਮ "ਇਹ ਨੀਵੀਂ ਜਾਤ" ਵਰਗੀਆਂ ਟਿੱਪਣੀਆਂ ਰਾਹੀਂ ਪਾਲਦੇ ਹਨ। ਉਹਨਾਂ ਲਈ ਇਸ ਹਕੀਕਤ ਨੂੰ ਪਰਵਾਨ ਕਰਨਾ ਔਖਾ ਹੈ ਕਿ ਪੱਟੀਦਰਜ ਜਾਤੀਆਂ ਵੀ ਵਧੇਰੇ ਅਕਲਮੰਦ, ਵਧੇਰੇ ਸੋਚਵਾਨ, ਸਿਹਤ ਸਫ਼ਾਈ ਬਾਰੇ ਵਧੇਰੇ ਸੁਚੇਤ ਤੇ ਵਧੇਰੇ ਉਚੇਰੀ ਜ਼ਿੰਦਗੀ ਜਿਉਣ ਦੇ ਯੋਗ ਹੋ ਸਕਦੀਆਂ ਹਨ।"

ਪੱਟੀਦਰਜ ਜਾਤੀਆਂ ਦਾ ਇਕ ਸ੍ਰੇਸ਼ਠ ਵਰਗ ਮਾਣਹਾਨੀ ਤੇ ਸ਼ਰਮ ਬਾਰੇ ਵਧੇਰੇ ਹੀ ਸੰਵੇਦਨਸ਼ੀਲ ਹੈ। ਉਹਨਾਂ ਦੇ ਇਸ ਕਥਨ ਦਾ ਆਮ ਹਵਾਲਾ ਦਿੱਤਾ ਜਾਂਦਾ ਹੈ, "ਜਦੋਂ ਉਹ ਕਹਿੰਦਾ ਹੈ ਕਿ ਮੈਂ ਜੱਟ ਹਾਂ ਤਾਂ ਉਸਦੀ ਹਿੱਕ ਚੌੜੀ ਹੋ ਜਾਂਦੀ ਹੈ। ਪਰ ਜਦੋਂ ਸਾਨੂੰ ਚਮਾਰ ਕਹਿਣਾ ਪੈਂਦਾ ਹੈ ਤਾਂ ਅਸੀਂ ਕੱਖੋਂ ਹੌਲੇ ਹੋ ਜਾਂਦੇ ਹਾਂ।" ਉਹ ਅਜਿਹੇ ਆਮ ਸੁਣੇ ਜਾਂਦੇ ਗੀਤਾਂ ਦਾ ਜ਼ਿਕਰ ਕਰਦੇ ਹਨ, "ਪੁੱਤ ਜੱਟਾਂ ਦੇ ਬੁਲਾਉਂਦੇ ਬੱਕਰੇ।" ਅਤੇ ਸਮਝਦੇ ਹਨ ਅਜਿਹੇ ਗੀਤਾਂ ਦਾ ਮੰਤਵ ਦਲਿਤਾਂ ਦਾ ਅਪਮਾਨ ਕਰਨਾ ਹੁੰਦਾ ਹੈ। ਪੰਜਾਬੀ ਨਾਵਲਾਂ ਜਾਂ ਕਹਾਣੀਆਂ ਵਿਚ ਜੱਟ ਪਾਤਰ ਆਮ ਹੀ ਸ਼ੇਖੀ ਮਾਰਦੇ ਚਿਤਰੇ ਜਾਂਦੇ ਹਨ, "ਅਸੀਂ ਜੱਟ ਜ਼ਿੰਮੀਦਾਰ ਹੁੰਦੇ ਹਾਂ। ਅਸੀਂ ਨਿੱਕੀ ਸੁੱਕੀ ਜਾਤ ਨਹੀਂ।" ਅਜਿਹੀਆਂ ਗੱਲਾਂ ਬਹੁਤ ਚੁੱਭਦੀਆਂ ਹਨ। ਪੱਟੀਦਰਜ ਜਾਤੀਆਂ ਦੇ ਬਹੁਤ-ਸਾਰੇ ਮੁਲਾਜ਼ਮ ਜਾਂ ਤਾਂ ਆਪਣੀ ਜਾਤ ਨੂੰ ਲੁਕਾਣ ਦੀ ਰੁਚੀ ਰੱਖਦੇ ਹਨ ਜਾਂ ਅਜਿਹੀ ਸੰਗਤ ਜਾਂ ਸਥਿਤੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ ਜਿਥੇ ਉਹਨਾਂ ਨੂੰ ਆਪਣੀ ਬੇਇਜ਼ਤੀ ਜਾਂ ਅਪਮਾਨ ਹੋਣ ਦਾ ਸੰਸਾ ਹੋਵੇ। ਦਲਿਤ ਲੇਖਕ ਅਜਿਹੇ ਪਾਤਰ ਚਿਤਰਦੇ ਹਨ ਜਿਹੜੇ ਆਪਣੇ ਘੱਟ ਖੁਸ਼ ਕਿਸਮਤ ਸਾਕ ਸੰਬੰਧੀਆਂ ਤੋਂ ਕਤਰਾਉਂਦੇ ਹਨ ਜਾਂ ਉਹਨਾਂ ਨਾਲ ਰਿਸ਼ਤਿਆਂ ਤੋਂ ਇਨਕਾਰ ਕਰਦੇ ਹਨ। ਕਾਂਸ਼ੀ ਰਾਮ, ਜਿਹੜੇ ਪਹਿਲਾਂ ਏ. ਐੱਮ. ਸੀ. ਈ. ਐੱਫ. ਦੇ ਤੇ ਬਾਅਦ ਵਿਚ ਬੀ. ਐੱਸ. ਪੀ. ਦੇ ਸੰਸਥਾਪਕ ਪ੍ਰਧਾਨ ਸਨ, ਨੇ ਦਲਿਤਾਂ ਦੀ ਮੁੱਢਲੀ ਮਾਨਸਕ ਪੀੜ ਨੂੰ ਬਿਆਨ ਕਰਦਿਆਂ ਠੀਕ ਦੁੱਖਦੀ ਰਗ ਉੱਤੇ ਉੱਗਲ ਰੱਖੀ ਜਦੋਂ ਉਹਨਾਂ ਕਿਹਾ, ਸਾਡੀ ਸਮੱਸਿਆ ਅਪਮਾਨ ਹੈ, ਕੰਗਾਲੀ ਨਹੀਂ।" ਇਹ ਨਾਅਰਾ ਉਹਨਾਂ ਦੀ ਪਾਰਟੀ ਲਈ ਲਾਮਬੰਦੀ ਦਾ ਮੁੱਖ ਨਾਅਰਾ ਸਾਬਤ ਹੋਇਆ। ਉਸਦੀ ਵਿਚਾਰਧਾਰਕ ਪੁਜੀਸ਼ਨ ਪਬਲਿਕ ਖੇਤਰ ਵਿਚਲੇ ਉਹਨਾਂ ਮੁਲਾਜ਼ਮਾਂ ਦੇ ਤਲਖ਼ ਤਜਰਬੇ ਉੱਤੇ ਆਧਾਰਤ ਸੀ, ਜਿਹੜੇ ਪੱਟੀਦਰਜ ਜਾਤੀਆਂ ਨਾਲ ਸੰਬੰਧ ਰੱਖਦੇ ਸਨ। ਤਾਂ ਵੀ ਲੇਖਕ ਦਾ ਅਨੁਭਵ ਹੈ ਕਿ ਪੜ੍ਹੇ ਲਿਖੇ ਮਾਪਿਆਂ ਦੇ ਸਿੱਖਿਆ ਪ੍ਰਾਪਤ ਨੌਜਵਾਨ ਹੁਣ ਇਸ ਮਾਮਲੇ ਬਾਰੇ ਬਹੁਤੀ ਪਰਵਾਹ ਨਹੀਂ ਕਰਦੇ। ਉਹ ਅਜਿਹੀਆਂ ਘਟਨਾਵਾਂ ਨੂੰ ਸਰਸਰੀ ਜਿਹੇ ਢੰਗ ਨਾਲ ਹੀ ਲੈਂਦੇ ਹਨ। ਉਹ ਜਾਂ ਤਾਂ ਅਜਿਹੀਆਂ ਘਟਨਾਵਾਂ ਬਾਰੇ ਹੱਸ ਛੱਡਦੇ ਹਨ ਜਾਂ ਫਿਰ ਜਵਾਬ ਵਿਚ ਅਗਲੇ ਦੀ ਲਾਹ ਪਾਹ ਕਰ ਦਿੰਦੇ ਹਨ। ਮੁਕਾਬਲਤਨ ਘੱਟ ਅਵਸਰ-ਪ੍ਰਾਪਤ ਦਲਿਤ ਤੇ ਸਮਾਜੀ ਕਾਰਕੁਨ ਦੋਵੇਂ ਹੀ ਅਮੀਰ ਤੇ ਪੜ੍ਹੇ ਲਿਖੇ ਦਲਿਤਾਂ ਨੂੰ ਇਸ ਗੱਲੋਂ ਨਿੰਦਦੇ ਹਨ ਕਿ ਉਹਨਾਂ ਆਪਣੇ ਬਾਕੀ ਦੇ ਘੱਟ ਖੁਸ਼ਕਿਸਮਤ ਲੋਕਾਂ ਵੱਲੋਂ ਮੂੰਹ ਮੋੜ ਲਿਆ ਹੈ। ਇਹ ਸਮਝਿਆ ਜਾਂਦਾ ਹੈ ਕਿ ਅਜਿਹੇ ਨਵੇਂ ਰੱਜੇ ਲੋਕ ਬੜੀ ਮੁਸ਼ਕਲ ਹਾਲਤ ਵਿਚ ਫਸੇ ਹੋਏ ਹਨ ਨਾ ਤਾਂ ਉਹਨਾਂ ਨੂੰ ਉੱਤਲੀਆਂ ਸ਼੍ਰੇਣੀਆਂ ਆਪਣੇ ਬਰਾਬਰ ਸਮਝਦੀਆਂ ਹਨ ਅਤੇ ਨਾ ਹੀ ਉਹਨਾਂ ਦੇ ਆਪਣੇ ਲੋਕ ਉਹਨਾਂ ਦੀ ਇੱਜ਼ਤ ਕਰਦੇ ਹਨ। ਲਾਹੌਰੀ ਰਾਮ ਬਾਲੀ ਇਸ ਸ਼੍ਰੇਣੀ ਦੇ ਦਲਿਤਾਂ ਦੀ ਜਿਸ ਇਕ ਹੋਰ ਗੱਲ ਲਈ ਨਿੰਦਿਆ ਕਰਦੇ ਹਨ ਉਹ ਹੈ ਇਹਨਾਂ ਵੱਲੋਂ ਆਪਣੀ ਨਵੀਂ ਅਮੀਰੀ ਦਾ

ਘਟੀਆ ਵਿਖਾਵਾ। ਬਿਜਾਏ ਇਸਦੇ ਕਿ ਇਹ ਲੋਕ ਆਪਣੇ ਵਿਆਹ ਤੇ ਹੋਰ ਰਸਮਾਂ ਪਹਿਲਾਂ ਵਾਂਗ ਸਾਦਾ ਢੰਗ ਨਾਲ ਕਰਨ, ਉਹਨਾਂ ਆਪਣਾ ਪੈਸਾ "ਤੜਕ ਭੜਕ ਭਰੇ ਵਿਆਹਾਂ ਤੇ ਬਰਸੀਆਂ ਉੱਤੇ ਕੀਤੇ ਜਾਂਦੇ ਇਕੱਠਾਂ ਤੇ ਇਸੇ ਤਰ੍ਹਾਂ ਦੀਆਂ ਹੋਰ ਰੀਤਾਂ ਰਸਮਾਂ ਉੱਤੇ ਖਰਚ ਕਰਨਾ ਸ਼ੁਰੂ ਕਰ ਦਿੱਤਾ ਹੈ।" ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੀਤੇ ਗਏ ਇਕ ਸਰਵੇਖਣ ਅਨੁਸਾਰ ਪੱਟੀਦਰਜ ਸ਼੍ਰੇਣੀ ਦੇ ਨਵ-ਧਨੀ ਵਿਅਕਤੀ ਨਾ ਕੇਵਲ ਕੁੜੀਆਂ ਨਾਲੋਂ ਮੁੰਡਿਆਂ ਨੂੰ ਤਰਜੀਹ ਦਿੰਦੇ ਹਨ ਸਗੋਂ ਆਪਣੇ ਪਰਿਵਾਰਾਂ ਵਿਚ ਬੱਚੀ ਦੇ ਜਨਮ ਨੂੰ ਰੋਕਣ ਦੀ ਰੁਚੀ ਵੀ ਰੱਖਦੇ ਹਨ। " "ਸਿਵਾਏ ਕੁਝ ਇਕ ਹਾਲਤਾਂ ਦੇ ਪੜ੍ਹੇ ਲਿਖੇ ਦਲਿਤ ਪੀ. ਡੀ. ਐੱਨ. ਟੀ. (ਪੇਟ ਵਿਚ ਭਰੂਣ ਦੀ ਲਿੰਗ ਪਰਖ) ਵਿਚ ਤੇ ਬੱਚੀ ਹੋਣ ਦੀ ਹਾਲਤ ਵਿਚ ਗਰਭਪਾਤ ਕਰਵਾਉਣ ਵਿਚ ਵਧੇਰੇ ਝੁਕਾਅ ਰੱਖਦੇ ਹਨ, ਠੀਕ ਉੱਝ ਹੀ ਜਿਵੇਂ ਉੱਤਲੀਆਂ ਸ਼੍ਰੇਣੀਆਂ ਦੇ ਖਾਂਦੇ ਪੀਂਦੇ ਲੋਕ ਕਰਦੇ ਹਨ। ਪੰਜਾਬ ਵਿਚ ਪੱਟੀਦਰਜ ਜਾਤੀਆਂ ਬਾਰੇ ਇਕ ਹੋਰ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਕਿ ਹਰੇ ਇਨਕਲਾਬ ਤੋਂ ਬਾਅਦ ਦੇ ਸਮੇਂ ਵਿਚ ਪੱਟੀਦਰਜ ਜਾਤੀਆਂ ਦੇ ਜਿਸ ਛੋਟੇ ਜਿਹੇ ਵਰਗ ਨੇ ਆਰਥਕ ਖੁਸ਼ਹਾਲੀ ਪ੍ਰਾਪਤ ਕੀਤੀ ਉਹ ਨਾ ਕੇਵਲ ਆਪਣੀਆਂ ਔਰਤਾਂ ਉੱਤੇ ਬੰਦਸ਼ਾਂ ਕਰੜੀਆਂ ਕਰਨ ਤੇ ਮਰਦਾਉਪੁਣੇ ਦਾ ਮੁਜ਼ਾਹਰਾ ਕਰਦੇ ਹਨ। ਵਾਸਤਵ ਵਿਚ ਦੇਖਣ ਨੂੰ ਇਹ ਗੱਲ ਆਈ ਕਿ ਪੱਟੀਦਰਜ ਜਾਤੀਆਂ ਵਿਚ ਇਹ ਰੁਚੀ ਗ਼ੈਰ ਪੱਟੀਦਰਜ ਜਾਤੀਆਂ ਵਿਚ ਪਾਈ ਜਾਂਦੀ ਇਸੇ ਕਿਸਮ ਦੀ ਰੁਚੀ ਤੋਂ ਵੱਧ ਤਿੱਖੀ ਹੋ ਗਈ ਹੈ।"

ਦੂਸਰੇ ਪਾਸੇ ਪੇਂਡੂ ਪੱਟੀਦਰਜ ਜਾਤੀਆਂ ਦੀ ਵਿਸ਼ਾਲ ਬਹੁਗਿਣਤੀ ਦਾ ਧਿਆਨ ਰੋਜ਼ ਦਿਹਾੜੀ ਦੀਆਂ ਆਰਥਕ ਔਕੜਾਂ ਉੱਤੇ ਲੱਗਾ ਰਹਿੰਦਾ ਹੈ। ਰਾਜ ਦੀਆਂ ਸਮਾਜ ਕਲਿਆਣ ਸਕੀਮਾਂ ਅਧੀਨ ਹੋਈ ਚੋਖੀ ਬਿਹਤਰੀ ਦੇ ਬਾਵਜੂਦ ਉਹ ਅਜੇ ਵੀ ਗਰੀਬ ਹੀ ਹਨ। ਇਕ ਅੰਦਾਜ਼ੇ ਅਨੁਸਾਰ ਜਿਹੜੇ ਲੋਕ "ਕੰਗਾਲੀ ਦੀ ਰੇਖਾ ਤੋਂ ਥੱਲੇ" ਜਿਉਂ ਰਹੇ ਹਨ, ਉਹਨਾਂ ਵਿਚੋਂ ਅੱਧੇ ਪੱਟੀਦਰਜ ਜਾਤੀਆਂ ਦੇ ਲੋਕ ਹਨ। ਪੱਟੀਦਰਜ ਜਾਤੀਆਂ ਵਿਚ ਉਹਨਾਂ ਲੋਕਾਂ ਦੀ ਮਾਤਰਾ 66 ਫ਼ੀਸਦੀ ਹੈ ਜਿਹੜੇ ਕੰਗਾਲੀ ਦੀ ਪੱਧਰ ਤੋਂ ਥੱਲੇ ਜਿਉਂ ਰਹੇ ਹਨ । ਪਿਛਲੇ ਕੁਝ ਸਾਲਾਂ ਵਿਚ ਵਿਦਿਆ ਤੇ ਸਰਵਜਨਕ ਸਿਹਤ ਦੇ ਖ਼ਰਚਿਆਂ ਵਿਚ ਸਰਕਾਰ ਵਲੋਂ ਕੀਤੀਆਂ ਗਈਆਂ ਕਟੌਤੀਆਂ ਦਾ ਮੁੱਖ ਨਿਸ਼ਾਨਾ ਵੀ ਇਹੀ ਲੋਕ ਬਣੇ। ਸਕੂਲਾਂ ਦੀ ਪੜ੍ਹਾਈ ਨੂੰ ਵਿਚੇ ਛੱਡ ਜਾਣ ਵਾਲੇ ਪੱਟੀਦਰਜ ਜਾਤੀ ਬੱਚਿਆਂ ਦੀ ਬਹੁਤ ਵੱਡੀ ਗਿਣਤੀ ਵੀ ਇਹੀ ਕੁਝ ਦੱਸਦੀ ਹੈ। ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿਚ ਇਹਨਾਂ ਜਾਤੀਆਂ ਵਿਚ ਭੂਤ ਪ੍ਰੇਤਾਂ ਬਾਰੇ ਵਹਿਮਾਂ ਭਰਮਾਂ ਵਿਚ ਚੋਖਾ ਵਾਧਾ ਵੀ ਦੇਖਣ ਨੂੰ ਮਿਲਦਾ ਹੈ। ਕੁਝ ਪਿੰਡਾਂ ਵਿਚ ਮਜ਼੍ਹਬੀਆਂ ਦੇ ਈਸਾਈ ਧਰਮ ਅਖਤਿਆਰ ਕਰਨ ਪਿੱਛੇ ਕੰਮ ਕਰਦੇ ਕਾਰਨਾਂ ਵਿਚ ਕਿਸੇ ਰੋਗ ਦੇ ਇਲਾਜ ਲਈ ਧਾਰਮਿਕ ਵਿਸ਼ਵਾਸ਼ਾਂ 'ਤੇ ਟੇਕ ਤੇ ਪਰਚਾਰ ਵੀ ਸ਼ਾਮਲ ਸਮਝੇ ਜਾਂਦੇ ਹਨ। ਉਹਨਾਂ ਦੀ ਹੀਣਤਾ ਤੇ ਪਿਛੜੇਵੇਂ ਦਾ ਇਕ ਬੁਨਿਆਦੀ ਕਾਰਨ ਉਹਨਾਂ ਦਾ ਬੇਜ਼ਮੀਨੇ ਹੋਣਾ ਹੈ। ਜਿਸ ਸਮਾਜ ਵਿਚ ਕਿਸੇ ਵਿਅਕਤੀ ਦੀ ਹੈਸੀਅਤ ਤੇ ਵਸਫ ਇਸ ਆਧਾਰ ਉੱਤੇ ਨਿਸ਼ਚਿਤ ਹੁੰਦੇ ਹਨ ਕਿ ਉਹ ਕਿੰਨੀ ਜ਼ਮੀਨ ਦਾ ਮਾਲਕ ਹੈ, ਉੱਥੇ ਬੇਜ਼ਮੀਨੇ ਲੋਕ ਨਿਤਾਣੇ ਹੀ ਨਹੀਂ ਸਗੋਂ ਹੈਸੀਅਤ ਤੋਂ ਵੀ ਹੀਣੇ ਹੁੰਦੇ ਹਨ। ਉਹਨਾਂ ਵਿਚੋਂ ਬਹੁਤਿਆਂ ਨੂੰ ਅਜਿਹੀ ਕੋਈ ਆਸ ਨਹੀਂ ਕਿ ਨੇੜ ਭਵਿੱਖ ਵਿਚ ਭੂਮੀ ਸੁਧਾਰ ਲਾਗੂ ਹੋਣਗੇ। ਇਸ ਲਈ ਵਿਦਿਆ ਤੇ ਮੁਲਾਜ਼ਮਤ ਪੱਟੀਦਰਜ ਜਾਤੀਆਂ ਦੀਆਂ ਦੋ ਮੁੱਖ ਲੋੜਾਂ ਗਿਣੀਆਂ ਜਾਂਦੀਆਂ ਹਨ। ਅਤੇ ਇਸ ਲਿਹਾਜ਼ ਨਾਲ ਉਹਨਾਂ ਦੀ ਵਿਸ਼ਾਲ ਬਹੁਗਿਣਤੀ ਇਸ ਵਾਸਤਵਿਕ ਸੰਸੇ ਨਾਲ ਜਿਉਂਦੀ ਹੈ ਕਿ ਕੋਈ ਮਾੜੀ ਗੱਲ ਵਾਪਰੀ ਕਿ ਵਾਪਰੀ। ਕਾਮਰੇਡ ਸਵਰਨ ਸਿੰਘ, ਜਿਹੜੇ ਬਹੁਤ ਲੰਮੇਂ ਸਮੇਂ ਤੋਂ ਪਿੰਡ ਦੇ ਗਰੀਬ ਦਲਿਤ ਖੇਤ ਮਜ਼ਦੂਰਾਂ ਵਿਚ ਕੰਮ ਕਰਦੇ ਆ ਰਹੇ ਹਨ, ਨੇ ਸਾਰੀ ਸਥਿਤੀ ਨੂੰ ਕੁਝ ਇਸ ਤਰ੍ਹਾਂ ਬਿਆਨ ਕੀਤਾ, "ਮੁਲਾਜ਼ਮਤ ਨਾ ਮਿਲਣ ਕਾਰਨ ਜਵਾਨ ਲੜਕੇ, ਪੜ੍ਹਨ ਲਿਖਣ ਤੋਂ ਬਾਅਦ ਵੀ ਬੇਕਾਰ ਹੀ ਰਹਿੰਦੇ ਹਨ। ਕਿਉਂਕਿ ਮੁੰਡਿਆਂ ਲਈ ਕੁਝ ਵੀ ਕਰਨ ਲਈ ਨਹੀਂ ਹੁੰਦਾ ਇਸ ਲਈ ਉਹ ਆਵਾਗੌਣ ਦੀ ਭਾਉਂਦੇ ਰਹਿੰਦੇ ਹਨ... ਅਤੇ ਅੰਤ ਨੂੰ ਨਸ਼ੇ ਕਰਨ ਲੱਗ ਪੈਂਦੇ ਹਨ। ਪੈਸੇ ਵਾਲੇ ਲੋਕ



ਅਫੀਮ ਜਾਂ ਇਸੇ ਕਿਸਮ ਦੇ ਹੋਰ ਨਸ਼ੇ ਕਰਦੇ ਹਨ ਪਰ ਸਾਡੇ ਮੁੰਡੇ ਜਾਂ ਤਮਾਕੂ ਖਾਂਦੇ ਹਨ, ਜਾਂ ਫਿਰ ਸੁੱਖਾ ਤੇ ਭੰਗ ਰਗੜ ਕੇ ਪੀਂਦੇ ਹਨ।" ਪੰਜਾਂ ਰੁਪਈਆਂ ਦਾ ਭੰਗ ਦਾ ਗਲਾਸ ਮਿਲ ਜਾਂਦਾ ਹੈ। ਇਸ ਦਾ ਰਿਵਾਜ ਐਨਾ ਵੱਧ ਗਿਆ ਹੈ ਕਿ ਕੋਈ ਅੰਤ ਹੀ ਨਹੀਂ। ਪਹਿਲਾਂ ਘਰ ਦੀ ਕੱਢੀ ਸ਼ਰਾਬ ਮਿਲ ਜਾਂਦੀ ਸੀ। ਟੱਬਰ ਆਪਸ ਵਿਚ ਮਿਲਕੇ ਆਪਣੀ ਦਾਰੂ ਕੱਢ ਲੈਂਦੇ ਸਨ ਤੇ ਦਾਰੂ ਦੀ ਇਹ ਬੋਤਲ ਪੰਜਾਂ ਰੁਪਈਆਂ ਨੂੰ ਮਿਲ ਜਾਂਦੀ ਸੀ। ਪਰ ਹੁਣ ਇਹ ਨਹੀਂ ਮਿਲਦੀ। ਕਈ ਘਰਾਂ ਵਿਚ ਨਸ਼ਿਆਂ ਦੇ ਆਦੀ ਮਰਦ ਆਪਣੀਆਂ ਕੰਮ ਕਰਦੀਆਂ ਔਰਤਾਂ ਤੋਂ ਨਸ਼ੇ ਖਰੀਦਣ ਲਈ ਪੈਸੇ ਖੋਹਣ ਲਈ ਉਹਨਾਂ ਨੂੰ ਮਾਰਦੇ ਕੁੱਟਦੇ ਹਨ। ਕਈ ਔਰਤਾਂ ਤਾਂ ਆਪਣੇ ਪਰਿਵਾਰਾਂ ਦੇ ਮਰਦਾਂ ਵਿਰੁੱਧ ਡੱਟ ਜਾਂਦੀਆਂ ਹਨ। ਪਰ ਆਪਣੇ ਪੁੱਤਰਾਂ ਨੂੰ ਕੋਸਦੀਆਂ ਹਨ (ਲੇਖਕ ਵਲੋਂ ਕੀਤੀ ਮੁਲਾਕਾਤ ਵਿਚੋਂ)

ਜਾਤੀ ਅਤਿਆਚਾਰਾਂ ਬਾਰੇ ਵਧਰੇ ਵਾਕਿਆਤ ਇਕ ਹੋਰ ਵਰਤਾਰਾ ਹੈ। 1998 ਤੋਂ 2003 ਦੇ ਵਿਚਕਾਰ ਦਲਿਤਾਂ ਉੱਤੇ ਅਤਿਆਚਾਰਾਂ ਬਾਰੇ ਅਖ਼ਬਾਰੀ ਖ਼ਬਰਾਂ ਦੇ ਸਰਵੇਖਣ ਤੋਂ ਅਜਿਹੀਆਂ ਦਰਜਨ ਤੋਂ ਵੱਧ ਘਟਨਾਵਾਂ ਸਾਹਮਣੇ ਆਈਆਂ ਜਿਹਨਾਂ ਵਿਚ ਦਲਿਤ ਇਸਤਰੀਆਂ ਨੂੰ ਬਲਾਤਕਾਰ ਜਾਂ ਸਮੂਹਕ ਬਲਾਤਕਾਰ ਦਾ ਸ਼ਿਕਾਰ ਬਣਾਇਆ ਗਿਆ ਜਾਂ ਉਹਨਾਂ ਨੂੰ ਨਿਰਵਸਤਰ ਕੀਤਾ ਗਿਆ ਅਤੇ ਨਿਰਵਸਤਰ ਕਰਕੇ ਪਿੰਡ ਵਿਚ ਘੁੰਮਾਇਆ ਗਿਆ। (ਪੁਰੀ 2003-2699, 2707) । ਦਲਿਤਾਂ ਨਾਲ ਸਮਾਜੀ ਬਾਈਕਾਟ ਦੀਆਂ ਘਟਨਾਵਾਂ ਵੀ ਪਿਛਲੇ ਦਹਾਕੇ ਵਿਚ ਅਕਸਰ ਛਪਦੀਆਂ ਰਹੀਆਂ ਹਨ। ਪੰਜਾਬ ਵਿਚ ਦਲਿਤ ਦਾਸਤਾ ਵਿਰੋਧੀ ਅੰਦੋਲਨ ਨੇ ਦਲਿਤਾਂ ਨੂੰ ਕਰਜ਼ੇ-ਬੱਧੀ ਮਜ਼ਦੂਰੀ ਵਿਚ ਜਕੜਨ ਦੇ ਮਾਮਲਿਆਂ ਦੀ ਇਕ ਵਿਵਰਣ-ਸੂਚੀ ਤਿਆਰ ਕੀਤੀ ਸੀ ਅਤੇ ਅਜਿਹੇ ਨੀਮ ਗੁਲਾਮ ਮਜ਼ਦੂਰਾਂ ਦੀ ਰਿਹਾਈ ਲਈ ਸੰਘਰਸ਼ ਕੀਤਾ ਸੀ। ਇਹਨਾਂ ਮਾਮਲਿਆਂ ਦਾ ਸੰਬੰਧ ਅਜਿਹੇ ਭੱਠਾਂ ਮਜ਼ਦੂਰ ਮਰਦਾਂ ਤੇ ਔਰਤਾਂ ਨਾਲ ਸੀ ਜਿਹੜੇ ਪੇਸ਼ਗੀ ਰਕਮਾਂ ਸੂਦ ਉੱਤੇ ਜਾਂ ਉਧਾਰ ਲੈ ਬੈਠੇ ਸਨ ਪਰ ਆਪਣੀਆਂ ਉਜਰਤਾਂ ਰਾਹੀਂ ਕਰਜ਼ਾ ਨਹੀਂ ਸਨ ਲਾਹ ਸਕਦੇ। ਕਦੇ ਖ਼ਤਮ ਨਾ ਹੋਣ ਵਾਲੀ ਕਰਜ਼ੇ ਦੀ ਜਕੜ ਵਿਚ ਜਕੜੇ ਜਾਣ ਕਾਰਨ ਹੱਡਤੋੜਵੀਂ ਮਿਹਨਤ, ਸਰੀਰਕ ਅੱਤਿਆਚਾਰ ਤੇ ਔਰਤਾਂ ਦਾ ਬਲਾਤਕਾਰ ਉਹਨਾਂ ਲਈ ਕਰਜ਼ੇ ਦਾ ਭੁਗਤਾਨ ਨਾ ਕਰਨ ਦੀ ਸਜ਼ਾ ਬਣ ਗਿਆ ਸੀ। (ਪੀਟਰ 2004) ਪੰਜਾਬੀ ਲੇਖਕ ਦੱਸਦੇ ਹਨ ਕਿ 1980 ਤੋਂ "ਪਹਿਲਾਂ ਤੁਹਾਨੂੰ ਇਹ ਗੱਲ ਘੱਟ ਹੀ ਸੁਣਨ ਵਿਚ ਆਉਂਦੀ ਸੀ ਕਿ ਕਿਸੇ ਦਲਿਤ ਇਸਤਰੀ ਨਾਲ ਬਲਾਤਕਾਰ ਬਾਰੇ ਕੋਈ ਮੁਕੱਦਮਾ ਦਰਜ ਹੋਇਆ ਹੋਵੇ। ਦਲਿਤਾਂ ਨੂੰ ਇਹ ਹਿੰਮਤ ਨਹੀਂ ਸੀ ਪੈਂਦੀ ਕਿ ਉਹ ਰੀਪੋਰਟ ਦਰਜ ਕਰਵਾ ਸਕਣ, ਪੁਲਿਸ ਕੋਈ ਧਿਆਨ ਹੀ ਨਹੀਂ ਸੀ ਦਿੰਦੀ। ਮੀਡੀਆ ਪਰਵਾਹ ਨਹੀਂ ਸੀ ਕਰਦਾ। ਇਸ ਵੇਲੇ ਮੀਡੀਆ ਤੇ ਰਾਜਨੀਤਕ ਆਗੂਆਂ ਦਾ ਧਿਆਨ ਦੁਆਉਣ ਲਈ ਖੁੱਲ੍ਹੇ ਮੁਜ਼ਾਹਰੇ 'ਤੇ ਧਰਨੇ ਕੋਈ ਅਸਧਾਰਨ ਗੱਲ ਨਹੀਂ ਰਹੇ। ਹੁਣ ਅਜਿਹੇ ਰੋਸ ਪ੍ਰਗਟਾਵਿਆਂ ਰਾਹੀਂ ਮੁਕਦਮੇ ਦਰਜ ਕਰਨ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਜ਼ੋਰ ਪਾਇਆ ਜਾ ਸਕਦਾ ਹੈ। ਤਾਂ ਵੀ ਜੇ ਬਲਾਤਕਾਰ, ਸਮਾਜੀ ਤੇ ਹੋਰ ਕਿਸਮ ਦੇ ਅਤਿਾਚਾਰਾਂ ਵਿਚ ਵਾਧਾ ਹੋ ਰਿਹਾ ਹੈ ਤਾਂ ਇਸਦਾ ਕਾਰਨ ਦਲਿਤਾਂ ਦੀ ਨਜ਼ਰ ਵਿਚ ਇਹ ਹੈ ਕਿ ਪਿੰਡਾਂ ਵਿਚ ਪੱਟੀਦਰਜ ਜਾਤੀਆਂ ਦਾ ਉਤਾਂਹ ਉੱਠਣਾ ਤੇ ਦਬਾ ਨਾ ਮੰਨਣਾ ਜੱਟ ਵਸੋਂ ਨੂੰ ਸੁਖਾਂਦਾ ਨਹੀਂ। ਜਿਸ ਦ੍ਰਿੜਤਾ ਭਰੇ ਢੰਗ ਨਾਲ ਦਲਿਤ ਵਿਤਕਰਿਆਂ ਦੇ ਖਿਲਾਫ਼ ਡਟ ਰਹ ਹਨ ਉਹ ਅੱਜ ਦੇ ਸਮੇਂ ਦਾ ਬੜਾ ਵਰਨਣਯੋਗ ਵਰਤਾਰਾ ਹੈ। ਇਸਦੀ ਇਕ ਨਿਸ਼ਾਨੀ ਇਹ ਹੈ ਕਿ ਰਵੀਦਾਸੀਏ, ਕਬੀਰ ਪੰਥੀ, ਮੱਜ਼੍ਹਬੀ ਤੇ ਵਾਲਮੀਕ ਆਪਣੇ ਵੱਖਰੇ ਗੁਰਦਵਾਰੇ, ਮੰਦਰ ਤੇ ਹੋਰ ਧਰਮ ਅਸਥਾਨ ਅਤੇ ਇਸਦੇ ਨਾਲ ਨਾਲ ਵੱਖਰੇ ਸ਼ਾਮਸ਼ਾਨ ਘਾਟ ਧੜਾ ਧੜ ਬਣਵਾ ਰਹੇ ਹਨ। 1960 ਤੋਂ ਪਹਿਲਾਂ ਸਭ ਜਾਤੀਆਂ ਦੇ ਲੋਕ ਆਪਣੇ ਮਰਨ ਵਾਲਿਆਂ ਦਾ ਸੰਸਕਾਰ ਇਕੋ ਥਾਂ ਕਰਦੇ ਸਨ। ਹੁਣ ਤਕਰੀਬਨ ਹਰ ਪਿੰਡ ਵਿਚ ਵੱਖੋ ਵੱਖਰੇ ਸ਼ਮਸਾਨਘਾਟ ਹਨ। 'ਨਵਾਂ ਜ਼ਮਾਨਾ' ਵਿਚ ਆਪਣੀ ਇਕ ਲੰਮੀ ਲੇਖ ਲੜੀ ਵਿਚ ਦੇਸ ਰਾਜ ਕਾਲੀ ਨੇ ਅਜਿਹੀਆਂ ਧਾਰਮਿਕ ਥਾਵਾਂ ਦੀ ਮਾਲਕੀ ਬਾਰੇ ਵੱਖ ਵੱਖ ਜਾਤੀਆਂ ਵਿਚਾਲੇ ਝੜਪਾਂ ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ

ਕੀਤਾ, ਜਿਹੜੀਆਂ ਪਹਿਲਾਂ ਪਿੰਡਾਂ ਦੀਆਂ ਸਾਂਝੀਆਂ ਥਾਵਾਂ ਮੰਨੀਆਂ ਜਾਂਦੀਆਂ ਸਨ (ਕਾਲੀ, 2003) ਇਸ ਸੰਬੰਧ ਵਿਚ ਪੱਟੀਦਰਜ ਜਾਤੀਆਂ ਦਾ ਡੱਟਣਾ ਦੱਸਦਾ ਹੈ ਕਿ ਉਹ ਆਪਣੇ ਸਵੈਧੀਨ ਹੋਣ ਦਾ ਅਧਿਕਾਰ ਤੇ ਵੱਖਰੀ ਪਛਾਣ ਮੰਨਵਾਉਣਾ ਚਾਹੁੰਦੇ ਹਨ। ਵਿਪੱਖ ਦੀ ਧਿਰ ਅਰਥਾਤ ਭਾਰੂ ਜੱਟ ਭਾਈਚਾਰੇ ਨੂੰ ਅਤੇ ਜਿਨ੍ਹਾਂ ਗੱਲਾਂ ਨੂੰ ਇਹ ਭਾਈਚਾਰਾ ਆਪਣੇ ਭਾਰੂ ਹੋਣ ਦਾ ਚਿੰਨ੍ਹ ਸਮਝਦਾ ਹੈ, ਉਹਨਾਂ ਨੂੰ ਵੰਗਾਰਨਾ ਅਤੇ ਇਸਦੇ ਲਈ ਟੱਕਰ ਲੈਣ ਤੋਂ ਵੀ ਪਿਛੇ ਨਾ ਹੱਟਣਾ ਪੱਟੀਦਰਜ ਜਾਤੀਆਂ, ਖਾਸ ਤੌਰ 'ਤੇ ਇਹਨਾਂ ਦੇ ਨੌਜਵਾਨ ਵਰਗ ਵਿਚ ਆਈ ਤਬਦੀਲੀ ਦਾ ਹੀ ਸੰਕੇਤ ਹੈ।

ਪਿੰਡਾਂ ਅੰਦਰ ਸਮਾਜੀ ਸਮੀਕਰਣ ਵਿਚ ਆਈਆਂ ਤਬਦੀਲੀਆਂ ਨੂੰ ਬਹੁਤੇ ਜੱਟਾਂ ਲਈ ਕਬੂਲ ਕਰਨਾ ਔਖਾ ਹੈ। ਰਾਜ ਵਿਚ ਉਹ ਅਕਾਲੀ ਦਲ ਤੇ ਕਾਂਗਰਸ, ਦੋਹਾਂ ਉੱਤੇ ਉਹ ਭਾਰੂ ਰਹੇ ਹਨ। "ਕਿਉਂਕਿ ਲੀਡਰਸ਼ਿਪ ਜੱਟਾਂ ਦੇ ਹੱਥਾਂ ਵਿਚ ਹੁੰਦੀ ਸੀ ਇਸ ਲਈ ਗਰੀਬ ਜੱਟਾਂ ਵਿਚ ਇਹ ਭਰਮ ਕਾਇਮ ਰਹਿੰਦਾ ਸੀ ਜਿਵੇਂ ਉਹ ਸ੍ਰੇਸ਼ਠ ਜਾਤੀ ਨਾਲ ਸੰਬੰਧ ਰੱਖਦੇ ਹਨ, ਭਾਵੇਂ ਉਹਨਾਂ ਦੀਆਂ ਜੀਵਨ ਹਾਲਤਾਂ ਪੱਟੀਦਰਜ ਜਾਤੀਆਂ ਨਾਲੋਂ ਵੀ ਮੰਦਿਆਂ ਹੀ ਕਿਉਂ ਨਹੀਂ ਸਨ ਹੁੰਦੀਆਂ। ਇਹ ਸੀ ਇਕ ਕਾਰਨ ਕਿਸ ਕਰਕੇ ਜੱਟਾਂ ਤੇ ਦਲਿਤਾਂ ਵਿਚਾਲੇ ਮੁੱਖ ਤਜ਼ਾਦ ਨਾਲੋਂ ਵਧੇਰੇ ਜ਼ੋਰ ਦੇਣ ਦੀ ਰੁਚੀ ਰੱਖਦੇ ਹਨ।

ਇਹ ਤਬਦੀਲੀ ਨਿਸ਼ਚੇ ਹੀ ਅੰਸ਼ਕ ਹੈ ਅਤੇ ਕਈ ਤਰ੍ਹਾਂ ਦੀਆਂ ਵਿਰੋਧਤਾਈਆਂ ਨੂੰ ਦਰਸਾਉਂਦੀ ਹੈ। ਦਲਿਤਾਂ ਲਈ ਆਪਣੀ ਪਛਾਣ ਦੀ ਸਮੱਸਿਆ ਉੱਨਤੀ ਦੇ ਅਵਸਰਾਂ ਦੀ ਮੁੜ ਤੋਂ ਵੰਡ ਤੇ ਇਹਨਾਂ ਤੱਕ ਪਹੁੰਚ ਅਤੇ ਸਮਾਜੀ ਨਿਆਂ ਦੀਆਂ ਸਮੱਸਿਆਵਾਂ ਨਾਲੋਂ ਵਧੇਰੇ ਅਹਿਮ ਹੋ ਗਈ ਹੈ ਹਾਲਾਂ ਕਿ ਮਗਰਲੀਆਂ ਸਮੱਸਿਆਵਾਂ ਉਹਨਾਂ ਦੇ ਗਰੀਬ ਤੇ ਅਨਪੜ੍ਹ ਭਰਾਵਾਂ ਦੀ ਜ਼ਿੰਦਗੀ ਵਿਚ ਕੇਂਦਰੀ ਮਹੱਤਤਾ ਰੱਖਦੀਆਂ ਹਨ। ਦੂਸਰੇ ਪਾਸੇ ਪਛਾਣ ਦੀ ਚੇਤਨਾ ਨੇ ਅੰਦਰਲੀ ਜਾਤੀ ਦਰਜੇਬੰਦੀ ਨੂੰ ਮਜ਼ਬੂਤ ਕਰਨ ਵਿਚ ਹਿੱਸਾ ਪਾਇਆ। ਆਦਿ ਧਰਮੀਆਂ ਤੇ ਕਬੀਰਪੰਥੀਆਂ ਦਾ ਮਜ਼੍ਹਬੀਆਂ ਤੇ ਵਾਲਮੀਕੀਆਂ ਪ੍ਰਤੀ ਅਪ੍ਰਤੱਖ ਜਿਹਾ ਭੇਦ ਭਾਵ ਸਹਿਜੇ ਹੀ ਦੇਖਿਆ ਜਾ ਸਕਦਾ ਹੈ । ਪੰਜਾਬ ਵਿਚ ਕਾਂਸ਼ੀ ਰਾਮ ਦੀ ਬੀ. ਐਸ. ਪੀ. ਮੁੱਖ ਤੌਰ 'ਤੇ ਆਦਿ-ਧਰਮੀ ਚਮਾਰ ਜਥੇਬੰਦੀ ਹੀ ਰਹੀ ਅਤੇ ਪੱਟੀਦਰਜ ਜਾਤੀਆਂ ਦੇ ਹੋਰ ਵਰਗ ਇਸਤੋਂ ਬਾਹਰ ਹੀ ਰਹੇ। ਲੁਧਿਆਣੇ ਵਿਚ ਹੇਰਾਂ ਪਿੰਡ ਦੇ ਮਜ਼ਬੀਆਂ ਨੇ, ਜਿਹਨਾਂ ਨੇ ਅੱਠ ਸਾਲ ਪਹਿਲਾਂ ਪਿੰਡ ਦੇ ਰਾਮਦਾਸੀਆਂ ਨਾਲ ਮਿਲਕੇ ਵੱਖਰਾ ਗੁਰਦਵਾਰਾ ਉਸਾਰਿਆ ਸੀ, 2002 ਵਿਚ ਨਿਰੋਲ ਮਜ਼੍ਹਬੀ ਸਿੱਖਾਂ ਲਈ ਵੱਖਰਾ ਗੁਰਦਵਾਰਾ ਉਸਾਰਨ ਦਾ ਫ਼ੈਸਲਾ ਕੀਤਾ। ਮਜ਼੍ਹਬੀ ਵਰਗ ਦੇ ਲੋਕਾਂ ਨੂੰ ਗੁੱਸਾ ਸੀ ਕਿ ਰਾਮਦਾਸੀਆ ਔਰਤਾਂ ਨੇ ਉਹਨਾਂ ਦੀਆਂ ਔਰਤਾਂ ਦਾ ਨਿਰਾਦਰ ਕੀਤਾ ਜਦੋਂ ਉਹਨਾਂ ਇਹ ਕਿਹਾ ਕਿ ਜੇ ਮਜ਼੍ਹਬੀ ਵਰਗ ਦੀਆਂ ਔਰਤਾਂ ਗੁਰਦਵਾਰੇ ਵਿਚ ਦਾਖਲ ਹੋਈਆਂ ਤੇ ਉਹ ਬੁਰੀ ਕਰਨਗੀਆਂ। (ਪੁਰੀ 2003. 2700) ਪਿੱਛੇ ਜਿਹੇ ਗੁਹਾਨਾ (ਹਰਿਆਣਾ) ਵਿਚ ਵਾਲਮੀਕੀ ਬਸਤੀ ਨੂੰ ਅੱਗ ਲਾਏ ਜਾਣ ਦੇ ਖਿਲਾਫ਼ ਪੰਜਾਬ ਵਿਚ ਵਾਲਮੀਕੀਆਂ ਨੇ ਵਿਸ਼ਾਲ ਪੱਧਰ ਉੱਤੇ ਮੁਜ਼ਾਹਰੇ ਕੀਤੇ ਤਾਂ ਜਲੰਧਰ ਤੇ ਅੰਮ੍ਰਿਤਸਰ ਵਿਚ ਆਦਿ ਧਰਮੀਆਂ ਨੇ ਉਹਨਾਂ ਦਾ ਸਾਥ ਘੱਟ ਹੀ ਦਿੱਤਾ। ਇੰਞ ਹੀ ਜਲੰਧਰ ਦੇ ਪਿੰਡ ਤਲ੍ਹੱਣ ਦੇ ਗੁਰਦਵਾਰੇ ਬਾਰੇ ਬੂਟਾ ਮੰਡੀ ਵਿਚ ਆਦਿ ਧਰਮੀਆਂ ਵਲੋਂ ਕੀਤੀ ਗਈ ਸੀ ਐਜੀਟੇਸ਼ਨ ਤੋਂ ਜਲੰਧਰ ਦੇ ਭਾਰਗਵ ਕੈਂਪ ਦੇ ਮੇਘ ਭਾਈਚਾਰੇ ਤੇ ਵਾਲਮੀਕੀ ਕਾਲੋਨੀ ਨੇ ਪਾਸਾ ਵੱਟੀ ਰੱਖਿਆ। ਪੱਟੀਦਰਜ ਜਾਤੀਆਂ ਦੇ ਬਹੁਗਿਣਤੀ ਵਰਗ ਤਕਰੀਬਨ ਸਾਰੇ ਹੀ ਕਸਬਿਆਂ ਤੇ ਪਿੰਡਾਂ ਵਿਚ ਆਪੋ ਆਪਣੀਆਂ ਵੱਖਰੀਆਂ ਬਸਤੀਆਂ ਵਿਚ ਰਹਿਣਾ ਪਸੰਦ ਕਰਦੇ ਹਨ। ਪੱਟੀਦਰਜ ਜਾਤੀਆਂ ਦੀਆਂ ਸਾਰੀਆਂ ਕਮਿਊਨਿਟੀਆਂ ਕਰੜੀ ਕਬੀਲਾ ਵੰਡ ਦੀਆਂ ਸ਼ਿਕਾਰ ਹਨ।

ਪਛਾਣ-ਆਧਾਰਤ ਆਕਾਂਖਿਆਵਾਂ ਦਾ ਇਕ ਹੋਰ ਪੱਖ ਉਚੇਰੇ ਸਮਾਜੀ ਦਰਜੇ ਲਈ ਧਾਰਮਿਕ ਰਾਹ ਅਪਨਾਉਣ ਦੀ ਵਧਦੀ ਰੁਚੀ ਨਾਲ ਸੰਬੰਧਤ ਹੈ। "ਸਾਡੀ ਕਮਿਊਨਿਟੀ ਲਈ ਸਭ ਤੋਂ ਫਾਇਦੇਮੰਦ ਕੀ ਹੈ ਧਰਮ ਜਾਂ ਸਿਆਸਤ? " ਇਹ ਹੈ ਸਵਾਲ ਜਿਹੜਾ ਬੜੀ ਗੰਭੀਰਤਾ ਨਾਲ ਬਹੁਤ ਚਿਰ ਪਹਿਲਾਂ



ਉਠਾਇਆ ਗਿਆ ਸੀ। ਇਹ ਗੱਲ ਦੇਖਣ ਵਿਚ ਆ ਚੁੱਕੀ ਹੈ ਕਿ ਨਿਸ਼ਚਿਤ ਜਾਤੀਆਂ ਆਪੋ ਆਪਣੇ ਲਈ ਨਿਵੇਕਲੇ ਜਾਤੀ-ਆਧਾਰਤ ਸਮਾਜੀ ਸਭਿਆਚਾਰਕ ਮੁਹਾਂਦਰੇ ਲੱਭਣ ਤੇ ਮਜ਼ਬੂਰ ਕਰਨ ਲਈ ਯਤਨਸ਼ੀਲ ਹਰ ਤੇ ਇਸਦੇ ਹਿੱਸੇ ਵਜੋਂ ਉਹਨਾਂ ਵਿਸੇਸ਼ ਧਾਰਮਕ ਚਿੰਨ੍ਹ, ਰੀਤਾਂ, ਰਸਮਾਂ, ਪੁਰਬ, ਜੈਕਾਰੇ ਤੇ ਆਰਤੀਆਂ ਅਰਦਾਸਾਂ ਅਪਣਾ ਲਈਆਂ ਹਨ। (ਜੁਨਗੈਨਜਮੇਅਰ 1982. 260. 68) ਪੱਟੀਦਰਜ ਜਾਤੀਆਂ ਦੇ ਬਹੁਤ ਵੱਡੇ ਹਿੱਸਿਆਂ ਨੇ ਮਾਨਸਿਕ ਸੰਤੋਖ ਦੀ ਪ੍ਰਾਪਤੀ ਲਈ ਰਾਧਾ ਸਵਾਮੀ, ਸੱਚਾ ਸੌਦਾ, ਸਿਰਸੇ ਦਾ ਸੱਚਾ ਸੌਦਾ ਡੇਰਾ, ਡੇਰਾ ਵੱਡਭਾਗ ਸਿੰਘ, ਨਿਰੰਕਾਰੀ, ਨਾਮਧਾਰੀ, ਡੇਰਾ ਸੱਚਖੰਡ ਬੱਲਾਂ ਆਦਿ ਜਿਹੀਆਂ ਸੰਪਰਦਾਵਾਂ ਨੂੰ ਅਪਨਾਇਆ ਹੈ। ਪੰਜਾਬ ਵਿਚ ਰਵੀਦਾਸੀ ਸੰਤਾਂ ਤੇ ਡੇਰਿਆ ਦੀ ਜਿਹੜੀ ਮੋਟੀ ਜਿਹੀ ਸੂਚੀ ਇਕ ਖੋਜਕਾਰ ਨੇ ਤਿਆਰ ਕੀਤੀ ਉਸ ਅਨੁਸਾਰ ਪੰਜਾਬ ਵਿਚ ਅਜਿਹੇ ਡੇਰਿਆਂ ਦੀ ਗਿਣਤੀ 64 ਹੋ ਚੁੱਕੀ ਸੀ (ਭਾਰਤੀ 2004, 11.1.4)। ਰਾਧਾ ਸਵਾਮੀ ਵਾਲਮੀਕੀ ਨਾਲੋਂ ਆਪਣੇ ਆਪ ਨੂੰ ਹੋਰਨਾਂ ਵਾਲਮੀਕੀਆਂ ਨਾਲੋਂ ਵੱਖਰਾ ਅਤੇ ਦਰਜਾ ਕੁ ਉੱਚਾ ਸਮਝਦਾ ਹੈ। ਪਰ ਐਲ. ਆਰ. ਬਾਲੀ ਤੇ ਹੋਰ ਅੰਬੇਡਕਰਵਾਦੀ ਸਮਝਦੇ ਹਨ ਕਿ ਧਰਮ ਵੱਲ ਅਜਿਹਾ ਝੁਕਾ ਨਾ ਸਿਰਫ ਰੂੜੀਵਾਦ ਹੈ ਸਗੋਂ ਦਲਿਤ ਯਕਜਹਿਤੀ ਉਸਾਰਨ ਦੇ ਰਾਹ ਵਿਚ ਅੜਿੱਕਾ ਵੀ ਹੈ।

ਬੀਤੇ ਦੇ ਮੁਕਾਬਲੇ ਅੱਜ ਦੀ ਸਥਿਤੀ ਵੱਲ ਦੇਖਦਿਆਂ ਪੰਜਾਬ ਦੀਆਂ ਪੱਟੀਦਰਜ ਜਾਤੀਆਂ ਆਪਣੀ ਜ਼ਿੰਦਗੀ ਵਿਚ ਆਈਆਂ ਤਬਦੀਲੀਆਂ ਨੂੰ ਮਹੱਤਵਪੂਰਣ ਹੀ ਨਹੀਂ ਸਗੋਂ "ਵਰਨਣਯੋਗ" ਸਮਝਦੀਆਂ ਹਨ। ਪੱਟੀਦਰਜ ਜਾਤੀਆਂ ਦੇ ਬਹੁਤ ਸਾਰੇ ਲੋਕ ਛੂਤ ਛਾਤ ਤੇ ਵੱਖਰੇਵੇਂ ਦੀ ਲਾਅਨਤ ਤੋਂ ਛੁਟਕਾਰੇ ਦੀ ਭਾਵਨਾ ਦਾ ਪ੍ਰਗਟਾਵਾ ਕਰਦੇ ਹਨ। ਉਹਨਾਂ ਨੂੰ ਹੁਣ ਨਿੱਜੀ ਗੌਰਵ ਦੀ ਭਾਵਨਾਂ ਉੱਤੇ ਅਤੇ ਇਸ ਗੱਲ ਉੱਤੇ ਮਾਣ ਹੈ ਉਹ ਸਰਵਜਨਕ ਖੇਤਰ ਵਿਚ ਸਿਰ ਚੁੱਕ ਕੇ ਤੁਰ ਸਕਦੇ ਹਨ। ਉਹ ਹੁਣ ਆਪਣੇ ਅਧਿਕਾਰਾਂ ਤੇ ਚੋਣ ਰਾਜਨੀਤੀ ਵਿਚ ਆਪਣੀ ਭੂਮਿਕਾ ਤੋਂ ਵੀ ਸੁਚੇਤ ਹਨ ਅਤੇ ਇਹ ਗੱਲ ਉਹਨਾਂ ਦੇ ਸਵੈ-ਮਾਣ ਵਿਚ ਵਾਧਾ ਕਰਦੀ ਹੈ। ਉਹਨਾਂ ਨੂੰ ਇਹ ਦੇਖਕੇ ਵੀ ਤਸੱਲੀ ਹੁੰਦੀ ਹੈ ਕਿ ਪਿੰਡਾਂ ਵਿਚ ਹੁਣ ਉਹੀ ਗਰੀਬ ਨਹੀਂ। ਉਹ ਦੇਖ ਰਹੇ ਹਨ ਕਿ ਅਖੌਤੀ ਉੱਤਲੀਆਂ ਸ਼੍ਰੇਣੀਆਂ ਦਾ ਇਕ ਹਿੱਸਾ ਵੀ ਉਹਨਾਂ ਜਿਹੀ ਕੰਗਾਲੀ ਤੇ ਦੁੱਖਾਂ ਦਾ ਸ਼ਿਕਾਰ ਹੈ ਤਾਂ ਵੀ ਸਮੁੱਚੇ ਰੂਪ ਵਿਚ ਉਹਨਾਂ ਵਿਚ ਅਧਿਕਾਰਤ ਹੋਣ ਦੀ ਭਾਵਨਾ ਦਾ ਅੱਜ ਅਭਾਵ ਹੀ ਹੈ। ਬੀਤੇ ਦੇ ਦਿਮਾਗੀ ਬੋਝ ਨੇ ਅਜੇ ਵੀ ਉਹਨਾਂ ਨੂੰ ਦੱਬਿਆ ਹੋਇਆ ਹੈ। ਦਲਿਤ ਲੇਖਕਾਂ ਦੀਆਂ ਕਹਾਣੀਆਂ, ਜਿਵੇਂ ਅਤਰਜੀਤ ਦੀ 'ਬਠਲੂ ਚਮਾਰ' ਤੇ 'ਠੂਹਾਂ' ਜਿੰਦਰ ਦੀ 'ਸੌਰੀ' ਅਤੇ ਪ੍ਰੇਮ ਗੋਰਖੀ ਦੀ 'ਅਰਜਨ ਸਫੈਦੀ ਵਾਲਾ' ਉੱਤਲੀ ਕਿਸਮ ਦੇ ਕਟਾਖ ਤੇ ਵਿਰੋਧਤਾਈਆਂ ਨੂੰ ਬੜੇ ਜ਼ੋਰਦਾਰ ਢੰਗ ਨਾਲ ਬਿਆਨ ਕਰਦੀਆਂ ਹਨ। ਬਿਜਾਏ ਇਸਦੇ ਕਿ ਜਾਤੀਵਾਦ ਪੂਰੀ ਤਰ੍ਹਾਂ ਖਤਮ ਹੁੰਦਾ ਪੱਟੀਦਰਜ ਜਾਤੀਆਂ ਵਿਚ ਵੀ ਜਿਹੜੀ ਦਰਜੇਬੰਦੀ ਪੈਦਾ ਹੋ ਗਈ ਹੈ ਉਹ ਬ੍ਰਾਹਮਣੀ ਅੰਦਾਜ਼ ਦੀ ਹੈ, ਇਥੋਂ ਤੱਕ ਕਿ ਛੂਤ-ਛਾਤ ਵੀ ਇਸ ਦਰਜੇਬੰਦੀ ਦਾ ਹਿੱਸਾ ਬਣ ਗਈ ਹੈ। ਦਲਿਤ ਲੇਖਕ ਰੀਜ਼ਰਵੇਸ਼ਨ ਤੋਂ ਲਾਭ ਉਠਾਉਣ ਵਾਲੇ ਵਰਗ ਨੂੰ ਇਸ ਗੱਲੋਂ ਅਕਸਰ ਨਿੰਦਦੇ ਹਨ ਕਿ ਉਹ ਆਪਣੇ ਲੋਕਾਂ ਵੱਲ ਉੱਤਲੀ ਜਾਤੀ ਵਾਲੀ ਜ਼ਹਿਨੀਅਤ ਆਪਣਾ ਰਹੇ ਹਨ। ਇਹ ਹੈ ਜ਼ਹਿਨੀਅਤ ਜਿਸਨੂੰ ਕਿਸੇ ਵੱਖਰੇ ਸੰਦਰਭ ਵਿਚ "ਸਫ਼ਲਤਾ ਦਾ ਵਖਰੇਵਾਂ" ਕਿਹਾ ਗਿਆ ਹੈ। ਪਦਾਰਥਕ ਤਬਦੀਲੀ ਅਤੇ ਪੱਟੀਦਰਜ ਤੇ ਗੈਰ-ਪੱਟੀਦਰਜ ਜਾਤੀਆਂ ਦੇ ਵਤੀਰੇ ਤੇ ਸੋਚ ਵਿਚ ਅਜੇ ਬਹੁਤ ਵੱਡਾ ਪਾੜਾ ਹੈ। ਪਰ ਗਰੀਬ ਤੇ ਪੱਛੜੀਆਂ ਹੋਈਆਂ ਪੱਟੀਦਰਜ ਜਾਤੀਆਂ ਦੀਆਂ ਸਰਲ ਜਿਹੀਆਂ ਆਸਾਂ ਨੂੰ ਵੀ ਸਭ ਤੋਂ ਵੱਧ ਧੱਕਾ ਇਸ ਗੱਲ ਦਾ ਲੱਗਾ ਕਿ ਸਮਾਜੀ ਖੇਤਰ ਵਿਚ ਸਟੇਟ ਆਪਣੀਆਂ ਜ਼ਿੰਮੇਵਾਰੀਆਂ ਤੋਂ ਤੇਜ਼ੀ ਨਾਲ ਪਿੱਛੇ ਹਟ ਰਹੀ ਹੈ ਅਤੇ ਇਹ ਵੀ ਕਿ ਚੰਗੇ ਰਾਜ ਪ੍ਰਬੰਧ ਦੀ ਯੋਗਤਾ ਖਤਮ ਹੋ ਰਹੀ ਹੈ। "ਸਾਡੀ ਟੇਕ ਸਰਕਾਰ ਤੇ ਸੀ, ਉਸਨੇ ਵੀ ਪੱਲਾ ਝਾੜ ਦਿੱਤਾ। ਹੁਣ ਅਸੀਂ ਜਾਈਏ ਤਾਂ ਕਿੱਥੇ ਜਾਈਏ। ਅਧਿਕਾਰਤ ਹੋਣ ਤੇ ਜਬਰ ਦਾ ਸ਼ਿਕਾਰ ਹੋਣ ਦਾ ਦਵੰਦ ਕਈ ਤਰ੍ਹਾਂ ਦੇ ਤਜ਼ਾਦ ਪੈਦਾ ਕਰ ਰਿਹਾ ਹੈ।"

o

# ਹਰਪ੍ਰੀਤ ਸਿੰਘ ਸੇਖਾ ਦਾ ਨਵਾਂ ਕਹਾਣੀ ਸੰਗ੍ਰਹਿ

ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ -141001
ਫੋਨ : 0161-2413613, 2404928
ਮੋਬਾਇਲ : 98152-98459
E-mail chetnaparkashan@sify.com
ਮੁੱਲ 100 ਰੁਪਏ

ਹਰਪ੍ਰੀਤ ਸਿੰਘ ਸੇਖਾ ਇਕ ਅਜਿਹਾ ਪ੍ਰਤਿਭਾਸ਼ੀਲ ਸਿਰਜਕ ਹੈ ਜਿਸ ਨੇ ਆਪਣਾ ਸਿਰਜਣਾਤਮਕ ਸ.ਫਰ ਬਦੇਸ਼ੀ ਧਰਤੀ ਤੋਂ ਹੀ ਸ਼ੁਰੂ ਕੀਤਾ ਹੈ। ਕੈਨੇਡਾ ਵਿਚ ਵਸਦੇ ਇਸ ਨੌਜਵਾਨ ਸਿਰਜਕ ਨੇ ਪਰਵਾਸੀ ਅਨੁਭਵ ਵਾਲੀ ਪੰਜਾਬੀ ਕਹਾਣੀ ਨੂੰ ਡੂੰਘਾਈ ਵੀ ਦਿੱਤੀ ਹੈ ਤੇ ਵਿਸਤਾਰ ਵੀ। ਪਰਦੇਸ਼ਾਂ ਵਿਚ ਵਸ ਗਏ ਪੰਜਾਬੀਆਂ ਦੇ ਸਮਾਜਕ ਸਭਿਆਚਾਰਕ ਯਥਾਰਥ ਨੂੰ ਮੁੱਖ ਵਸਤੂ ਵਜੋਂ ਗ੍ਰਹਿਣ ਕਰਦੀਆਂ ਹਰਪ੍ਰੀਤ ਦੀਆਂ ਕਹਾਣੀਆਂ ਉਸ ਕਸ਼ਮਕਸ਼ ਦੇ ਦੁਫਾੜ ਦੀ ਬਾਤ ਪਾਉਂਦੀਆਂ ਹਨ ਜਿਸ ਵਿਚੋਂ ਪਰਵਾਸੀ ਪੰਜਾਬੀ ਮਾਨਸਿਕਤਾ ਗੁਜ਼ਰਦੀ ਹੈ। ਇਸ ਮਾਨਸਿਕਤਾ ਵਿਚ ਜਗੀਰੂ ਕਦਰਾਂ-ਕੀਮਤਾਂ ਨਾਲ ਮੋਹ ਤੋਂ ਬਿਨਾਂ ਸੁਆਰਥ-ਸਿੱਧੀ ਦਾ ਦਖ਼ਲ ਵੀ ਗ਼ੈਰ-ਮੌਜੂਦ ਨਹੀਂ। 'ਦੋ ਰੰਗੀ', 'ਸਭਿਆਚਾਰ ਦੇ ਰਾਖੇ' ਅਤੇ 'ਕਿਤਾਬ ਵਿਚਲੇ ਫੁੱਲ' ਵਿਚੋਂ ਦੁਫਾੜ ਤੇ ਸੁਆਰਥ-ਸਿੱਧੀ ਵਾਲੀ ਇਹ ਬਿਰਤੀ ਭਲੀ-ਭਾਂਤ ਰੂਪਮਾਨ ਹੁੰਦੀ ਹੈ।

ਹਰਪ੍ਰੀਤ ਨੇ ਪਵਾਸੀ ਪੰਜਾਬੀਆਂ ਦੀ ਸਥਿਤੀ ਦੇ ਚਿਤਰਨ ਤੋਂ ਅਗਾਂਹ ਵਿਕਸਤ ਪੂੰਜੀਵਾਦੀ ਸਮਾਜ ਦੇ ਅਜੋਕੇ ਯਥਾਰਥ ਦੇ ਵਿਭਿੰਨ ਪਾਸਾਰਾਂ ਨਾਲ ਲਗਾਉ ਦਾ ਵੀ ਪਰਿਚੇਯ ਦਿੱਤਾ ਹੈ ਜੋ ਕਈ ਹੋਰ ਕਹਾਣੀਆਂ ਦੇ ਨਾਲ ਨਾਲ 'ਅੰਦਰ ਬੈਠੇ ਡਰ' ਅਤੇ 'ਗੁਆਂਢ ਮੱਥਾ' ਵਿਚ ਵਿਸ਼ੇਸ਼ ਰੂਪ ਵਿਚ ਰੂਪਮਾਨ ਹੋਇਆ ਹੈ।

ਜਿਸ ਸਹਿਜਤਾ ਨਾਲ ਹਰਪ੍ਰੀਤ ਸਿੰਘ ਸੇਖਾ ਕਹਾਣੀ ਕਹਿੰਦਾ ਹੈ, ਉਹੀ ਉਸਦੀ ਵਿਲੱਖਣਤਾ ਹੋ ਨਿਬੜਦੀ ਹੈ। ਥੋੜ੍ਹੇ ਜਿੰਨੇ ਸਮੇਂ ਵਿਚ ਹੀ ਉਸਨੇ ਆਪਣੀ ਸਿਰਜਣਾਤਮਕ ਸਮਰਥਾ ਦਾ ਅਜਿਹਾ ਪ੍ਰਮਾਣ ਦਿੱਤਾ ਹੈ ਕਿ ਉਹ ਸਾਧੂ ਬਿਨਿੰਗ, ਜਰਨੈਲ ਸਿੰਘ ਤੇ ਅਮਨਪਾਲ ਸਾਰਾ ਵਰਗੇ ਪ੍ਰਮੁੱਖ ਕੈਨੇਡੀਅਨ ਕਹਾਣੀਕਾਰਾਂ ਦੀ ਕਤਾਰ ਵਿਚ ਆ ਖਲੋਤਾ ਹੈ।


*ਰਘਬੀਰ ਸਿੰਘ*



Kahani Dhara (Punjabi Quarterly) Jan.-Mar.,2007, R.N.I. No. PUN PUN 03559/19/1/2006-TC

# ਮੈਂ ਭੰਗੀ ਹਾਂ

(ਅਛੂਤਾਂ ਦੀ ਜ਼ਿੰਦਗੀ ਦੇ ਕਈ ਪਸਾਰ ਖੋਲਣ ਵਾਲੀ ਚਰਚਿਤ ਪੁਸਤਕ)




ਪ੍ਰਕਾਸ਼ਕ
ਬਹੁਜਨ ਪ੍ਰਕਾਸ਼ਨ, ਨਕੋਦਰ
ਮੁੱਲ 35 (ਡਾਕ ਖਰਚ ਵੱਖਰਾ)
ਪਤੀ ਸਥਾਨ
ਦ ਕਹਾਣੀ ਧਾਰਾ
ਡਿ ਧਰਮ, ਡਾਕ. ਖਾਂਬਰਾ, ਜਲੰਧਰ